People's Herald
People's Herald
Rs- 100/month



# “ਇਕੁਐਲਿਟੀ ਐਂਡ ਜਸਟਿਸ”



https://www.facebook.com/profile.php?id=161037521061610

“Equality and Justice”
स्वतंत्रता, समानता, भाईचारा

PATIALA On line paper 02 ਮਈ 2025 ਸ਼ੁੱਕਰਵਾਰ “ਰੋਜ਼ਾਨਾ” ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**“ਇਕੁਐਲਿਟੀ ਐਂਡ ਜਸਟਿਸ” ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ ‘ਪੰਚਸ਼ੀਲ’ ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ ‘ਮਨ ਦੀ ਸਮਾਧੀ’ ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਕੇਂਦਰ ਵੱਲੋਂ ਚਾਰ ਸੂਬਿਆਂ ਦੇ ਮੁੱਖ ਸਕੱਤਰ ਤਲਬ

### ਕੇਂਦਰ ਨੇ ਨੰਗਲ ਡੈਮ ਦੇ ਆਸ-ਪਾਸ ਪੁਲੀਸ ਪਹਿਰੇ ਦਾ ਲਿਆ ਸਖ਼ਤ ਨੋਟਿਸ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਕੇਂਦਰੀ ਗ੍ਰਹਿ ਮੰਤਰਾਲੇ ਨੇ ਬੀਬੀਐੱਮਬੀ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਫ਼ੈਸਲੇ ਨੂੰ ਲੈ ਕੇ ਪੰਜਾਬ-ਹਰਿਆਣਾ ਦਰਮਿਆਨ ਟਕਰਾਅ ਅਤੇ ਭਾਖੜਾ ਡੈਮ ਤੋਂ ਅੱਜ ਪਾਣੀ ਨਾ ਛੱਡੇ ਜਾਣ ਦੇ ਮੱਦੇਨਜ਼ਰ ਭਲਕੇ ਦੋ ਮਈ ਨੂੰ ਨਵੀਂ ਦਿੱਲੀ ’ਚ ਐਮਰਜੈਂਸੀ ਮੀਟਿੰਗ ਸੱਦੀ ਹੈ। ਕੇਂਦਰੀ ਗ੍ਰਹਿ ਸਕੱਤਰ ਗੋਬਿੰਦ ਮੋਹਨ ਨੇ ਬੀਬੀਐੱਮਬੀ ਦੇ ਫ਼ੈਸਲੇ ’ਤੇ ਚਰਚਾ ਲਈ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਸਕੱਤਰਾਂ ਨੂੰ ਤਲਬ ਕੀਤਾ ਹੈ।

ਪੰਜਾਬ ਦੇ ਮੁੱਖ ਸਕੱਤਰ ਛੁੱਟੀ ’ਤੇ ਹੋਣ ਕਰਕੇ ਉਨ੍ਹਾਂ ਤਰਫ਼ੋਂ ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ (ਗ੍ਰਹਿ ਵਿਭਾਗ) ਆਲੋਕ ਸ਼ੇਖਰ ਅਤੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਸ਼ਾਮਲ ਹੋਣਗੇ। ਮੀਟਿੰਗ ’ਚ ਬੀਬੀਐੱਮਬੀ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਅਤੇ ਕੇਂਦਰੀ ਜਲ ਸ਼ਕਤੀ ਮੰਤਰਾਲੇ ਦੇ ਨੁਮਾਇੰਦੇ ਵੀ ਹਾਜ਼ਰ ਰਹਿਣਗੇ। ਜਾਣਕਾਰੀ ਮੁਤਾਬਕ ਕੇਂਦਰੀ ਮੰਤਰਾਲੇ ਦੇ ਸੀਨੀਅਰ ਅਫ਼ਸਰਾਂ ਨੇ ਭਾਖੜਾ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੇ ਰਾਹ ’ਚ ਬਣੇ ਅੜਿੱਕਿਆਂ ਨੂੰ ਲੈ ਕੇ ਅੱਜ ਪੂਰਾ ਦਿਨ ਹਰ ਗਤੀਵਿਧੀ ’ਤੇ ਨਜ਼ਰ ਰੱਖੀ। ਕੇਂਦਰੀ ਗ੍ਰਹਿ ਮੰਤਰਾਲੇ



ਨੇ ਨੰਗਲ ਡੈਮ ਦੇ ਆਸ-ਪਾਸ ਪੁਲੀਸ ਦੀ ਤਾਇਨਾਤੀ ਦਾ ਅੰਦਰੋਂ ਅੰਦਰੀਂ ਸਖ਼ਤ ਨੋਟਿਸ ਲਿਆ ਹੈ। ਪੰਜਾਬ ਸਰਕਾਰ ਨੇ ਬੀਬੀਐੱਮਬੀ ਦੇ ਫ਼ੈਸਲੇ ਨੂੰ ਲੈ ਕੇ ਪੂਰਾ ਦਿਨ ਕਾਨੂੰਨੀ ਮਸ਼ਵਰੇ ਵੀ ਲਏ।

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਨੰਗਲ ਡੈਮ ਦਾ ਦੌਰਾ ਕਰਕੇ ਭਾਜਪਾ ਖ਼ਿਲਾਫ਼ ਬਿਗਲ ਵਜਾ ਦਿੱਤਾ ਹੈ ਅਤੇ ‘ਆਪ’ ਨੇ ਸਮੁੱਚੇ ਪੰਜਾਬ ’ਚ ਭਾਜਪਾ ਖ਼ਿਲਾਫ਼ ਪ੍ਰਦਰਸ਼ਨ ਕੀਤੇ। ਬੀਬੀਐੱਮਬੀ ਵੱਲੋਂ ਹਰਿਆਣਾ ਨੂੰ 8500 ਕਿਊਸਿਕ ਪਾਣੀ ਛੱਡੇ ਜਾਣ ਦੇ ਫ਼ੈਸਲੇ ਦੇ ਬਾਵਜੂਦ ਅੱਜ ਇਹ ਫ਼ੈਸਲਾ ਅਮਲ ’ਚ ਨਾ ਆਉਣ ਤੋਂ ਵੀ ਕੇਂਦਰ ਤੇ ਹਰਿਆਣਾ ਦੇ ਫ਼ਿਕਰ ਵਧ ਗਏ ਹਨ। ਅੱਜ ਪੂਰਾ ਦਿਨ ਪੰਜਾਬ ਅਤੇ ਹਰਿਆਣਾ ਦੇ ਆਗੂਆਂ ਦਰਮਿਆਨ ਸ਼ਬਦੀ ਜੰਗ ਵੀ ਤੇਜ਼ ਰਹੀ।

ਬੀਬੀਐੱਮਬੀ ਵੱਲੋਂ ਲੰਘੀ ਰਾਤ ਪੰਜਾਬ ਦੇ ਡਾਇਰੈਕਟਰ (ਵਾਟਰ ਰੈਗੂਲੇਸ਼ਨ) ਦਾ ਤਬਾਦਲਾ ਕੀਤੇ ਜਾਣ ਨੇ ਬਲਦੀ ’ਤੇ ਤੇਲ ਪਾ ਦਿੱਤਾ ਜਿਸ ਕਾਰਨ ਪੰਜਾਬ ਦੇ ਆਮ ਲੋਕਾਂ ’ਚ ਵੀ ਭਾਜਪਾ ਖ਼ਿਲਾਫ਼ ਮੁੜ ਰੋਹ ਪੈਦਾ ਹੋਣ ਲੱਗ ਪਿਆ ਹੈ। ਕੇਂਦਰ ਸਰਕਾਰ ਨੇ ਸਰਹੱਦੀ ਸੂਬਾ ਹੋਣ ਕਰਕੇ ਵਧ ਰਹੇ ਰੋਹ ਦੇ ਮੱਦੇਨਜ਼ਰ ਕਦਮ ਚੁੱਕਣੇ ਸ਼ੁਰੂ ਕੀਤੇ ਹਨ।

### ਭਗਵੰਤ ਮਾਨ ਵੱਲੋਂ ਨੰਗਲ ਡੈਮ ਦਾ ਦੌਰਾ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਨੰਗਲ ਡੈਮ ਦਾ ਦੌਰਾ ਕੀਤਾ ਅਤੇ ਇਸ ਮੌਕੇ ਭਾਖੜਾ ਡੈਮ ਦੇ ਮੁੱਖ ਇੰਜਨੀਅਰ ਨੇ ਉਨ੍ਹਾਂ ਨੂੰ ਪਾਣੀ ਦੀ ਮੌਜੂਦਾ ਸਥਿਤੀ ਤੋਂ ਜਾਣੂ ਕਰਾਇਆ। ਇਸ ਤੋਂ ਪਹਿਲਾਂ ਪੰਜਾਬ ਪੁਲੀਸ ਨੇ ਡੈਮਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਅੱਜ ਹਾਲਾਤ ਦਾ ਜਾਇਜ਼ਾ ਲਿਆ। ਕੌਮਾਂਤਰੀ ਪੱਧਰ ’ਤੇ ਬਣੇ ਮੌਜੂਦਾ ਹਾਲਾਤ ਕਰਕੇ ਪੁਲੀਸ ਦਾ ਪਹਿਰਾ ਡੈਮਾਂ ਦੇ ਆਸ-ਪਾਸ ਦੇ ਖੇਤਰਾਂ ਵਿੱਚ ਲਾ ਦਿੱਤਾ ਗਿਆ ਹੈ। ਡੀਆਈਜੀ ਹਰਚਰਨ ਸਿੰਘ ਭੁੱਲਰ ਨੇ ਦੌਰਾ ਕਰਕੇ ਸੁਰੱਖਿਆ ਦੀ ਸਮੀਖਿਆ ਕੀਤੀ। ਮੁੱਖ ਮੰਤਰੀ ਨੇ ਨੰਗਲ ਡੈਮ ਦੇ ਨਿਰੀਖਣ ਮੌਕੇ ਚਿਤਾਵਨੀ ਦਿੱਤੀ ਕਿ ਕੇਂਦਰ ਪੰਜਾਬ ਤੋਂ ਪਾਣੀ ਖੋਹਣ ਵਰਗੀਆਂ ਸਾਜ਼ਿਸ਼ਾਂ ਘੜਨ ਤੋਂ ਪਿੱਛੇ ਨਾ ਹਟਿਆ ਤਾਂ ਸੂਬੇ ਤੋਂ ਉਹ ਜਨਤਕ ਵੰਡ ਪ੍ਰਣਾਲੀ ਲਈ ਚੌਲ ਲੈਣ ਦੀ ਉਮੀਦ ਨਾ ਰੱਖੇ। ਮੁੱਖ ਮੰਤਰੀ ਨੇ ਕਿਹਾ ਕਿ ਬੀਬੀਐੱਮਬੀ ਤਾਨਾਸ਼ਾਹੀ ਢੰਗ ਨਾਲ ਪੰਜਾਬ ਨੂੰ ਹੁਕਮ ਚਾੜ੍ਹ ਕੇ ਹਰਿਆਣਾ ਨੂੰ ਪਾਣੀ ਨਹੀਂ ਛੱਡ ਸਕਦਾ ਹੈ ਜਦੋਂ ਕਿ ਹਰਿਆਣਾ ਅਲਾਟ ਪਾਣੀ ਨਾਲੋਂ 16 ਹਜ਼ਾਰ ਕਿਊਸਿਕ ਪਾਣੀ ਜ਼ਿਆਦਾ ਵਰਤ ਚੁੱਕਾ ਹੈ। ਉਨ੍ਹਾਂ ਕਿਹਾ ਕਿ ਬੋਰਡ ਦਾ ਇਹ ਫ਼ੈਸਲਾ ਆਪਹੁਦਰਾ, ਤਾਨਾਸ਼ਾਹੀ ਅਤੇ ਗੈਰ-ਜਮਹੂਰੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਨੂੰ ਦਰਕਿਨਾਰ ਕਰਕੇ ਬੀਬੀਐੱਮਬੀ ਨੂੰ ਪਾਣੀ ਹਰਿਆਣਾ ਨੂੰ ਦੇਣ ਦਾ ਕੋਈ ਹੱਕ ਨਹੀਂ ਹੈ ਅਤੇ ਕਿਸੇ ਵੀ ਸੂਰਤ ਵਿੱਚ ਅਜਿਹਾ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ, ‘‘ਪੰਜਾਬ ਦੇ ਪਾਣੀਆਂ ਦਾ ਰਖਵਾਲਾ ਹੋਣ ਦੇ ਨਾਤੇ ਅੱਜ ਮੈਂ ਨੰਗਲ ਡੈਮ ਦੇ ਪ੍ਰਬੰਧਾਂ ਦਾ ਨਿਰੀਖਣ ਕੀਤਾ ਹੈ। ਪੰਜਾਬ ਸਰਕਾਰ ਕਿਸੇ ਨੂੰ ਵੀ ਸੂਬੇ ਦੇ ਪਾਣੀਆਂ ਨੂੰ ਲੁੱਟਣ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਕਿਸੇ ਦੀਆਂ ਦਮਨਕਾਰੀ ਨੀਤੀਆਂ ਪੰਜਾਬ ਵਿੱਚ ਨਹੀਂ ਚੱਲਣ ਦੇਵਾਂਗੇ।’’ ਉਨ੍ਹਾਂ ਕਿਹਾ ਕਿ ਇਹ ਗੈਰ-ਕਾਨੂੰਨੀ ਚਾਲਾਂ ਖੇਡਣ ਦੀ ਬਜਾਏ ਕੇਂਦਰ ਸਰਕਾਰ ਨੂੰ ਪਾਕਿਸਤਾਨ ਨਾਲ ਹੋਈ ਸਿੰਧ ਜਲ ਸੰਧੀ ਰੱਦ ਕਰਨ ਤੋਂ ਬਾਅਦ ਚਨਾਬ, ਜੇਹਲਮ, ਉੱਝ ਅਤੇ ਹੋਰ ਦਰਿਆਵਾਂ ਦੇ ਪਾਣੀ ਨੂੰ ਸੂਬੇ ਵੱਲ ਮੋੜਨਾ ਚਾਹੀਦਾ ਹੈ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੀ ਮੌਜੂਦ ਸਨ।

## BJP ਦਾ ਪਾਣੀਆਂ ’ਤੇ ਡਾਕਾ, ਨਹੀਂ ਦੇਵਾਂਗੇ ਇੱਕ ਵੀ ਬੂੰਦ: ਭਗਵੰਤ ਮਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨੰਗਲ ਡੈਮ ਪਹੁੰਚ ਕੇ ਕਿਹਾ ਕਿ ਪੰਜਾਬ ਦਾ ਪਾਣੀ BBMB ਜ਼ਰੀਏ ਹਰਿਆਣੇ ਨੂੰ ਦੇਣ ਦੇ ਫ਼ੈਸਲੇ ਦਾ ਪੂਰਾ ਪੰਜਾਬ ਸਖ਼ਤ ਵਿਰੋਧ ਕਰਦਾ ਹੈ। ਕੇਂਦਰ ਤੇ ਹਰਿਆਣਾ ਦੀ ਬੀਜੇਪੀ ਸਰਕਾਰ ਪੰਜਾਬ ਖ਼ਿਲਾਫ਼ ਇੱਕਜੁੱਟ ਹੋ ਗਈ ਹੈ। ਬੀਜੇਪੀ ਦਾ ਸਾਡੇ ਹੱਕਾਂ ’ਤੇ ਇੱਕ ਹੋਰ ਡਾਕਾ ਅਸੀਂ ਕਿਸੇ ਕੀਮਤ ’ਤੇ ਬਰਦਾਸ਼ਤ ਨਹੀਂ ਕਰਾਂਗੇ। ਪੰਜਾਬ ਅਤੇ ਹਰਿਆਣਾ ਵਿਚਾਲੇ ਚੱਲ ਰਹੇ ਪਾਣੀ ਵਿਵਾਦ ’ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਰਿਆਣਾ ਨੂੰ ਸਪੱਸ਼ਟ ਸੁਨੇਹਾ ਦਿੱਤਾ ਹੈ। ਮਾਨ ਨੇ ਕਿਹਾ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ ਅਤੇ ਅਸੀਂ ਆਪਣਾ ਹੱਕ ਨਹੀਂ ਛੱਡਾਂਗੇ। ਉਨ੍ਹਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੂੰ ਲਿਖੇ ਪੱਤਰ ਵਿੱਚ ਜ਼ੋਰ ਦੇ ਕੇ ਕਿਹਾ, “ਪੰਜਾਬ ਦੇ ਕਿਸਾਨਾਂ ਦਾ ਪਾਣੀ ਹਰਿਆਣਾ ਨੂੰ ਨਹੀਂ ਦਿੱਤਾ ਜਾ ਸਕਦਾ, ਪੰਜਾਬ ਦਾ ਪਾਣੀ ਪੰਜਾਬ ਲਈ ਹੀ ਰਹੇਗਾ।”

ਮੁੱਖ ਮੰਤਰੀ ਨੇ ਕਿਹਾ ਕਿ ਮੈਂ ਪੰਜਾਬ ਦੇ ਭਾਜਪਾ ਆਗੂਆਂ ਖਾਸ ਕਰਕੇ ਸੁਨੀਲ ਜਾਖੜ, ਰਵਨੀਤ ਸਿੰਘ ਬਿੱਟੂ, ਮਨਪ੍ਰੀਤ ਸਿੰਘ ਬਾਦਲ ਅਤੇ ਤਰੁਣ ਚੁੱਘ ਨੂੰ ਪੁੱਛਣਾ ਚਾਹੁੰਦਾ ਹਾਂ। ਇਹ ਵਫ਼ਾਦਾਰੀ ਨੂੰ ਪਰਖਣ ਦਾ ਸਮਾਂ ਹੈ। ਹੁਣ ਮੈਨੂੰ ਦੱਸੋ ਕਿ ਤੁਸੀਂ ਕਿੱਥੇ ਹੋ? ਜਾਂ ਅਸਤੀਫਾ ਦੇ ਕੇ ਪੰਜਾਬ ਦੇ ਹੱਕ ਵਿੱਚ ਖੜ੍ਹੋ। ਸੀਐਮ ਮਾਨ ਨੇ ਕਿਹਾ ਕਿ ਉਹ ਤੀਜੇ ਦਿਨ ਹੁਕਮ ਜਾਰੀ ਕਰਨਗੇ। ਆਰਡੀਐਫ ਦੇ ਛੇ ਹਜ਼ਾਰ ਕਰੋੜ ਰੁਪਏ ਰੋਕੇ ਹੋਏ ਹਨ।



ਇਹ ਪੈਸਾ ਬਾਜ਼ਾਰਾਂ ਨੂੰ ਜਾਣ ਵਾਲੀਆਂ ਸੜਕਾਂ ਲਈ ਹੈ। ਉਹ ਕਿਸਾਨਾਂ ਨਾਲ ਸਬੰਧਤ ਹੈ। ਚੌਲ-ਕਣਕ ਸਾਡੇ ਕੋਲੋਂ ਮੰਗਦੇ ਹਨ, । ਇਹ ਗੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਪਹਿਲਾਂ ਮਹਿਲ ਲੋਕ ਸਨ, ਉਨ੍ਹਾਂ ਨੂੰ ਬੱਦਲਾਂ, ਮੋਗੇ ਅਤੇ ਨੱਕੇ ਬਾਰੇ ਕੀ ਪਤਾ?

## ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਉਸ ਦੀ ਮਾਨਵ ਸਮਾਨਤਾਵਾਦੀ ਫਿਲਾਸਫੀ ਨੂੰ ਭਾਰਤੀ ਇਕਾਦਮਿਕ ਸਿੱਖਿਆ ਦਾ ਪਰਮੁੱਖ ਹਿੱਸਾ ਕਿਉਂ ਨਹੀ ਬਣਾਇਆ ਜਾਂਦਾ?

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਇੰਜੀ ਹਰਦੀਪ ਸਿੰਘ ਚੁੰਬਰ-

ਕਿਸੇ ਮਹਾਨ ਮਨੁੱਖ ਨੂੰ ਅਤੇ ਉਸ ਦੀ ਵਿਚਾਰਧਾਰਾ ਨੂੰ ਸਦਾ ਲਈ ਖਤਮ ਕਰਨ ਦਾ ਸਭ ਤੋਂ ਚੰਗਾ ਢੰਗ ਇਹੋ ਹੁੰਦਾ ਹੈ ਕਿ ਰਾਸ਼ਟਰ ਦੀ ਨਵੀਂ ਪੀੜ੍ਹੀ ਦੇ ਬੱਚੇ ਬੱਚਿਆਂ ਦੀਆਂ ਪਾਠ ਪਸਤਕਾਂ ਵਿੱਚੋ ਉਸ ਦੇ ਸਬੰਧ ਜਾਣਕਾਰੀ ਦੇਣਾ ਦੀ ਬੰਦ ਕਰ ਦੇਵੇ। ਯੂਪੀਐਸਸੀ ਜਾਂ ਹੋਰ ਪ੍ਰੀਖਿਆਵਾਂ ਵਿੱਚ ਉਹਨਾ ਬਾਰੇ ਸਵਾਲ ਪਾਉਣੇ ਹੀ ਰੋਕ ਦਿਤਾ ਜਾਵੇ, ਜਾ ਸਵਾਲ ਮੱਤਵਹੀਣ ਹੀ ਬਣ ਕੇ ਰਹਿ ਜਾਂ ਕਿ ਉਹਨਾ ਦਾ ਜਵਾਬ ਦੇਵੇ ਜਾ ਨਾ ਦੇਵੇ ਉਹਨਾ ਦਾ ਨਤੀਜਿਆਂ ਨੂੰ ਪਰਭਾਵਤਕ ਕਰਨ ਵਾਲੀ ਮਹੱਤਤਾ ਹੀ ਨਾ ਰਹੇ। ਇਹੋ ਜਿਹਾ ਵਰਤਾਂ ਮਨੁੱਖੀ ਮਨਾਂ ਦੇ ਖੇਡ ਹੁੰਦੀ ਹੈ।

ਭਾਰਤ ਵਿੱਚ ਬਹੁਤ ਸਾਰੇ ਸਮਾਨਤਾਵਾਦੀ ਸਮਾਜ ਸੇਵਕ ਹੋਏ, ਰਹਿਬਰ ਹੋਏ ਸਭ ਨੇ ਆਪਣਾ ਬਣਦਾ ਯੋਗਦਾਨ ਪਾਇਆ। ਸਭ ਨੂੰ ਥੋੜੀ ਬਹੁਤ ਸਫਲਤਾ ਵੀ ਮਿਲੀ, ਉਹਨਾ ਸਭ ਦਾ ਸਤਿਕਾਰ ਕਰਨਾ ਬਣਦਾ ਹੈ।

ਭਾਰਤੀ ਅਛੂਤ ਸਮਾਜ 2000 ਸਾਲਾਂ ਤੋਂ ਮਨੁੱਖੀ ਮੁਢਲੇ ਅਧਿਕਾਰਾਂ ਤੋਂ ਵਰਜਿਤ ਅਤੇ ਜਾਨਵਰਾਂ ਤੋਂ ਵੀ ਭੈੜੀ ਸਥਿਤੀ ਵਿੱਚ ਰਖਣ ਵਾਲੇ ਵਰਤਾਰੇ ਨੂੰ ਹਿੰਦੂ ਧਰਮ ਦੀ ਮਾਨਤਾ ਰਹੀ ਹੈ। ਭਾਰਤ ਦੀ ਕੋਈ ਵੀ ਰਹਿਬਰ ਭਾਰਤ ਦੀ ਕਰੋੜਾਂ ਦੀ ਅਬਾਦੀ ਦਾ ਲਗਭਗ 25% ਹਿੱਸਾ ਅਛੂਤ ਸਮਾਜ ਨੂੰ 2000 ਸਾਲਾਂ ਵਿੱਚ ਕੋਈ ਵੀ ਮਨੁੱਖੀ ਅਧਿਕਾਰ ਦਿਵਾ ਨਹੀਂ ਸਕਿਆ। ਬਾਬਾ ਸਾਹਿਬ ਡਾ. ਅੰਬੇਡਕਰ ਦੀ ਬਦੌਲਤ ਭਾਰਤ ਦੀ 1950 ਦੀ 35 ਕਰੋੜ ਦੀ ਅਬਾਦੀ ਵਿੱਚੋ ਬਣਦੇ 7 ਕਰੋੜ ਅਛੂਤ ਲੋਕਾਂ ਨੂੰ ਆਮ ਮਨੁੱਖ ਬਣਾ ਕੇ ਮੁਢਲੇ ਮਨੁੱਖੀ ਅਧਿਕਾਰ ਦਿਵਾ ਉਹਨਾਂ ਲਈ ਵਿਕਾਸ ਦੇ ਬੰਦ ਦਰਵਾਜੇ ਖੋਲਣ ਦੇ ਕੰਮ ਕਰਨਾ ਵਾਲਾ ਕੇਵਲ ਕੇਵਲ ਬਾਬਾ ਸਾਹਿਬ ਨੇ ਹੀ ਕੀਤਾ ਹੈ। ਅਜਿਹੇ ਮਨੁੱਖ ਨੂੰ ਕਿਵੇ ਇਤਿਹਾਸ ਦੇ ਪੰਨਿਆਂ ਤੋਂ ਗਾਇਬ ਕੀਤਾ ਜਾ ਸਕਦਾ ਹੈ। ਇਹ ਮਹਾਨ ਮਨੁੱਖ ਦੀ ਸੋਹਰਤ ਭਾਰਤੀ ਸਰਹੱਦਾ ਪਾਰ ਕਰਕੇ ਸੰਸਾਰ ਦੇ ਸਾਰੇ ਦੇਸ਼ਾਂ ਵਿੱਚ ਫੈਲ ਚੁੱਕੀ ਹੈ। ਇਸ ਨੂੰ ਭਾਰਤੀ ਲੋਕ ਦਰਵਾਜੇ ਬੰਦ ਕਰਕੇ ਲਕੋ ਨਹੀਂ ਸਕਦੇ

ਕੀ ਭਾਰਤ ਦੀਆਂ ਸਰਕਾਰਾਂ ਭਾਰਤ ਵਿੱਚ ਬਾਬਾ ਸਾਹਿਬ ਦਾ ਜੀਵਨ, ਸੰਘਰਸ, ਵਿਚਾਰਧਾਰਾ ਅਤੇ ਉਹਨਾਂ ਦੇ ਭਾਰਤੀ ਸਮਾਜ ਲਈ ਕੀਤੇ ਸਮਾਨਤਾ, ਏਕਤਾ, ਭਾਈਚਾਰੇ ਅਤੇ ਸਭ ਲਈ ਬਰਾਬਰ ਦਾ ਇਨਸਾਫ ਹੋਣਾ ਅਤੇ ਸਭ ਨੂੰ ਇਨਸਾਫ ਲੈਣ ਦੇ ਯੋਗ ਬਣਾਉਣ ਦੇ ਉਰਾਰਾਲੇ ਕਰਨ ਵਾਲਾ ਕੋਈ ਹੋਰ ਮਹਾਂਗਿਆਨੀ, ਯੋਧਾ ਕੋਈ ਪੈਦਾ ਨਾ ਹੋ ਸਕੇ, ਕੀ ਇਸ ਕਾਰਨ ਕਿ ਸ਼ਾਇਦ ਭਾਰਤੀ ਸਰਕਾਰਾਂ ਬਾਬਾ ਸਾਹਿਬ ਨੂੰ ਸਕੂਲਾ ਕਾਲਿਜਾਂ ਅਤੇ ਹੋਰ ਅਦਾਰਿਆਂ ਦੇ ਪਾਠ ਪੁਸਤਕਾਂ ਦਾ ਹਿੱਸਾ ਬਣਾਉਣ ਤੋਂ ਕੰਨੀ



ਕਤਰਾਉਂਦੀਆਂ ਦਿਖਾਈ ਦਿੰਦੀਆਂ ਹਨ।

ਭਾਰਤੀ ਇਕਾਦਿਮਕ ਸਿੱਖਿਆ ਵਿੱਚ ਬਾਬਾ ਸਾਹਿਬ ਅਤੇ ਉਸ ਵਿਚਾਰਧਾਰ ਨਾਮ ਮਾਤਰ ਹੀ ਪੜ੍ਹਾਇਆ ਜਾਂਦਾ ਹੈ। ਕੀ ਭਾਰਤੀ ਸਰਕਾਰਾਂ ਭਾਰਤੀ ਵਿਵਸਥਾ ਨੂੰ ਅਸਮਾਨਤਾਵਾਦੀ ਬਣਾ ਕੇ ਰੱਖਣ ਨੂੰ ਪਹਿਲ ਦਿੰਦੀਆਂ ਹਨ? ਭਾਰਤ ਦੀਆਂ ਪਾਠ ਪੁਸਤਕਾਂ ਦੇ 25% ਪੰਨੇ ਹਜਾਰਾਂ ਸਾਲਾਂ ਤੇ ਅਣਗੌਲੀ, ਵੰਚਿਤ ਵਰਗ ਦੇ ਅਸਲੀ ਰਹਿਬਰਾਂ ਦੇ ਸੱਚੇ ਅਤੇ ਸਹੀ ਇਤਿਹਾਸ ਨਾਲ ਭਰੇ ਜਰੂਰ ਹੋਣੇ ਚਾਹੀਦੇ ਹਨ ਅਤੇ ਸਮਾਜ ਨੂੰ ਜਾਣਕਾਰੀ ਮਿਲੇ ਅਤੇ ਸਭ ਨਲਾ ਬਰਾਬਰ ਦਾ ਇਨਸਾਫ ਹੋਣਾ ਚਾਹੀਦਾ ਹੈ।

# ਟਰੰਪ ਯੂਕਰੇਨੀ ਖਣਿਜਾਂ ਦੇ ਬਦਲੇ ਦੇਸ਼ ਦੇ ਪੁਨਰ ਵਿਕਾਸ ਵਿਚ ਕਰਨਗੇ ਨਿਵੇਸ਼

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਯੂਕਰੇਨ ਅਤੇ ਅਮਰੀਕਾ ਨੇ ਆਖ਼ਰਕਾਰ ਬੁਧਵਾਰ ਨੂੰ ਇਕ ਖਣਿਜ ਸਮਝੌਤੇ ‘ਤੇ ਦਸਤਖ਼ਤ ਕੀਤੇ। ਇਸ ਸੌਦੇ ਦੇ ਤਹਿਤ, ਅਮਰੀਕਾ ਨੂੰ ਯੂਕਰੇਨ ਦੇ ਨਵੇਂ ਖਣਿਜ ਪ੍ਰੋਜੈਕਟਾਂ ਤਕ ਵਿਸ਼ੇਸ਼ ਪਹੁੰਚ ਮਿਲੇਗੀ। ਬਦਲੇ ਵਿਚ, ਅਮਰੀਕਾ ਯੂਕਰੇਨ ਦੇ ਪੁਨਰ ਨਿਰਮਾਣ ਵਿਚ ਨਿਵੇਸ਼ ਕਰੇਗਾ। ਇਸ ਸਮਝੌਤੇ ਦੇ ਤਹਿਤ, ਯੂਕਰੇਨ ਦੇ ਪੁਨਰ ਵਿਕਾਸ ਅਤੇ ਪੁਨਰ ਨਿਰਮਾਣ ਲਈ ਇਕ ਸਾਂਝਾ ਨਿਵੇਸ਼ ਫ਼ੰਡ ਬਣਾਇਆ ਜਾਵੇਗਾ।

ਇਸ ਤੋਂ ਇਲਾਵਾ, ਟਰੰਪ ਪ੍ਰਸ਼ਾਸਨ ਨੇ ਇਸ ਸੌਦੇ ਬਾਰੇ ਤੁਰਤ ਬਹੁਤ ਸਾਰੇ ਵੇਰਵੇ ਜਾਰੀ ਨਹੀਂ ਕੀਤੇ ਹਨ, ਅਤੇ ਇਹ ਵੀ ਸਪੱਸ਼ਟ ਨਹੀਂ ਹੈ ਕਿ ਇਸ ਦਾ ਅਮਰੀਕਾ ਦੀ ਫ਼ੌਜੀ ਸਹਾਇਤਾ ‘ਤੇ ਕੀ ਪ੍ਰਭਾਵ ਪਵੇਗਾ। ਸੂਤਰਾਂ ਅਨੁਸਾਰ, ਅੰਤਿਮ ਸੌਦੇ ਵਿਚ ਅਮਰੀਕਾ ਵਲੋਂ ਕਿਸੇ ਵੀ ਤਰ੍ਹਾਂ ਦੀ ਸੁਰੱਖਿਆ ਸਹਾਇਤਾ ਦੀ ਕੋਈ ਪੱਕੀ ਗਰੰਟੀ ਨਹੀਂ ਦਿਤੀ ਗਈ ਹੈ।

ਯੂਕਰੇਨ ਦੇ ਅਰਥਚਾਰੇ ਮੰਤਰਾਲੇ ਨੇ ਕਿਹਾ ਹੈ ਕਿ ਅਮਰੀਕਾ ਇਸ ਫ਼ੰਡ ਵਿਚ ਸਿੱਧੇ ਤੌਰ ‘ਤੇ ਜਾਂ ਫ਼ੌਜੀ ਸਹਾਇਤਾ ਰਾਹੀਂ ਯੋਗਦਾਨ ਪਾਏਗਾ, ਜਦੋਂ ਕਿ ਯੂਕਰੇਨ ਅਪਣੇ ਕੁਦਰਤੀ ਸਰੋਤਾਂ ਦੀ ਵਰਤੋਂ ਤੋਂ ਹੋਣ ਵਾਲੀ ਅਪਣੀ ਆਮਦਨ ਦਾ 50% ਇਸ ਫ਼ੰਡ ਵਿਚ ਯੋਗਦਾਨ ਪਾਏਗਾ।

ਮੰਤਰਾਲੇ ਨੇ ਕਿਹਾ ਕਿ ਫ਼ੰਡ ਦਾ ਸਾਰਾ ਪੈਸਾ ਪਹਿਲੇ 10 ਸਾਲਾਂ ਲਈ ਸਿਰਫ਼ ਯੂਕਰੇਨ ਵਿਚ ਹੀ ਨਿਵੇਸ਼ ਕੀਤਾ ਜਾਵੇਗਾ। ਇਸ ਤੋਂ ਬਾਅਦ, ‘ਮੁਨਾਫ਼ਾ ਦੋਵਾਂ ਭਾਈਵਾਲਾਂ ਵਿਚਕਾਰ ਵੰਡਿਆ ਜਾ ਸਕਦਾ ਹੈ।’

ਮੰਤਰਾਲੇ ਨੇ ਇਹ ਵੀ ਕਿਹਾ ਕਿ ਫ਼ੰਡ ਦੇ ਫ਼ੈਸਲਿਆਂ ਵਿਚ ਸੰਯੁਕਤ ਰਾਜ ਅਤੇ ਯੂਕਰੇਨ ਦੀ ਬਰਾਬਰ ਦੀ ਰਾਇ ਹੋਵੇਗੀ। ਇਹ ਸੌਦਾ ਸਿਰਫ਼ ਭਵਿੱਖ ਵਿਚ ਅਮਰੀਕੀ ਫ਼ੌਜੀ ਸਹਾਇਤਾ ਨੂੰ ਕਵਰ ਕਰਦਾ ਹੈ, ਨਾ ਕਿ ਅਤੀਤ ਵਿਚ ਦਿਤੀ ਗਈ ਸਹਾਇਤਾ ਨੂੰ।

ਟੈਲੀਗ੍ਰਾਮ ‘ਤੇ ਇੱਕ ਪੋਸਟ ਵਿਚ, ਯੂਕਰੇਨ ਦੇ ਪ੍ਰਧਾਨ ਮੰਤਰੀ ਡੇਨਿਸ ਸ਼ਮੀਹਾਲ ਨੇ ਲਿਖਿਆ ਕਿ ਸੌਦੇ ਦੇ ਹਿੱਸੇ ਵਜੋਂ ਬਣਾਏ ਜਾਣ ਵਾਲੇ ਨਿਵੇਸ਼ ਫ਼ੰਡ ਵਿਚ ਦੋਵਾਂ ਦੇਸ਼ਾਂ ਨੂੰ ਬਰਾਬਰ ਵੋਟਿੰਗ ਅਧਿਕਾਰ ਹੋਣਗੇ, ਅਤੇ ਯੂਕਰੇਨ ਅਪਣੀ ਜ਼ਮੀਨ ਦੇ ਹੇਠਾਂ ਸਰੋਤਾਂ, ਬੁਨਿਆਦੀ ਢਾਂਚੇ ਅਤੇ ਕੁਦਰਤੀ ਸਰੋਤਾਂ ‘ਤੇ ਪੂਰਾ ਕੰਟਰੋਲ ਬਰਕਰਾਰ ਰੱਖੇਗਾ।

ਉਨ੍ਹਾਂ ਇਹ ਵੀ ਕਿਹਾ ਕਿ ਇਸ ਨਿਵੇਸ਼ ਫ਼ੰਡ ਤੋਂ ਹੋਣ ਵਾਲੇ ਮੁਨਾਫ਼ੇ ਨੂੰ ਯੂਕਰੇਨ ਵਿਚ ਦੁਬਾਰਾ ਨਿਵੇਸ਼ ਕੀਤਾ ਜਾਵੇਗਾ। ਸ਼ਮਿਹਲ ਨੇ ਲਿਖਿਆ “ਇਹ ਸਮਝੌਤਾ ਸਾਨੂੰ ਪੁਨਰ ਨਿਰਮਾਣ, ਆਰਥਿਕ ਵਿਕਾਸ ਨੂੰ ਤੇਜ਼ ਕਰਨ, ਅਤੇ ਸੰਯੁਕਤ ਰਾਜ ਅਮਰੀਕਾ ਵਰਗੇ ਰਣਨੀਤਕ ਭਾਈਵਾਲ ਤੋਂ ਨਵੀਨਤਮ ਤਕਨਾਲੋਜੀ ਤਕ ਪਹੁੰਚ ਲਈ ਵੱਡੀ ਮਾਤਰਾ ਵਿਚ ਸਰੋਤ ਲਿਆਉਣ ਦੀ ਆਗਿਆ ਦੇਵੇਗਾ,”

# ਪਾਕਿਸਤਾਨ ਨੇ ਅਫਗਾਨਿਸਤਾਨ ਤੋਂ ਭਾਰਤ ਆਉਣ ਵਾਲੇ 150 ਟਰੱਕਾਂ ਨੂੰ ਦਿੱਤੀ ਇਜਾਜ਼ਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇੱਕ ਮਹੱਤਵਪੂਰਨ ਫੈਸਲਾ ਲੈਂਦੇ ਹੋਏ ਅਫਗਾਨਿਸਤਾਨ ਤੋਂ ਭਾਰਤ ਆਉਣ ਵਾਲੇ 150 ਟਰੱਕਾਂ ਨੂੰ ਵਾਹਗਾ ਸਰਹੱਦ ਪਾਰ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਫੈਸਲਾ ਇਸਲਾਮਾਬਾਦ ਸਥਿਤ ਅਫਗਾਨਿਸਤਾਨ ਦੂਤਾਵਾਸ ਦੀ ਬੇਨਤੀ ‘ਤੇ ਲਿਆ ਗਿਆ ਹੈ। ਹਾਲਾਂਕਿ, ਹੁਣ ਇਸ ਗੱਲ ‘ਤੇ ਸ਼ੰਕੇ ਹਨ ਕਿ ਕੀ ਭਾਰਤ ਉਨ੍ਹਾਂ ਨੂੰ ਵਾਹਗਾ ਰਾਹੀਂ ਅਟਾਰੀ ਇੰਟੀਗ੍ਰੇਟਿਡ ਚੈੱਕ ਪੋਸਟ (ICP) ਪਾਰ ਕਰਨ ਦੀ ਇਜਾਜ਼ਤ ਦੇਵੇਗਾ।

ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਇੱਕ ਅਧਿਕਾਰਤ ਪੱਤਰ ਵਿੱਚ ਦੱਸਿਆ ਗਿਆ ਹੈ ਕਿ ਇਹ ਅਫਗਾਨ ਟਰੱਕ 25 ਅਪ੍ਰੈਲ 2025 ਤੋਂ ਪਹਿਲਾਂ ਪਾਕਿਸਤਾਨ ਵਿੱਚ ਦਾਖਲ ਹੋਏ ਸਨ ਅਤੇ ਦੇਸ਼ ਦੇ ਵੱਖ-ਵੱਖ ਟ੍ਰਾਂਜ਼ਿਟ ਪੁਆਇੰਟਾਂ ‘ਤੇ ਫਸੇ ਹੋਏ ਸਨ। ਇਹ ਟਰੱਕ ਸਾਮਾਨ ਨਾਲ ਲੱਦੇ ਹੋਏ ਹਨ ਜਿਨ੍ਹਾਂ ਨੂੰ ਭਾਰਤ ਲਿਜਾਇਆ ਜਾ ਰਿਹਾ ਹੈ।

# BBMB ਦੀ ਪੰਜ ਘੰਟੇ ਚੱਲੀ ਮੀਟਿੰਗ ‘ਚ ਹਰਿਆਣਾ ਨੂੰ 8500 ਕਿਊਸਿਕ ਪਾਣੀ ਦੇਣ ਦਾ ਫ਼ੈਸਲਾ, ਪੰਜਾਬ ਵੱਲੋਂ ਇਨਕਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਅਤੇ ਹਰਿਆਣਾ ਵਿਚਾਲੇ ਚੱਲ ਰਹੇ ਵਿਵਾਦ ਦੇ ਵਿਚਕਾਰ, ਭਾਖੜਾ ਬਿਆਸ ਪ੍ਰਬੰਧਨ ਬੋਰਡ (BBMB) ਨੇ ਫੈਸਲਾ ਕੀਤਾ ਹੈ ਕਿ ਭਾਖੜਾ ਡੈਮ ਤੋਂ ਹਰਿਆਣਾ ਨੂੰ ਤੁਰੰਤ ਪ੍ਰਭਾਵ ਨਾਲ 8500 ਕਿਊਸਿਕ ਪਾਣੀ ਛੱਡਿਆ ਜਾਵੇਗਾ। ਇਹ ਫੈਸਲਾ ਪੰਜ ਘੰਟੇ ਚੱਲੀ ਮੀਟਿੰਗ ਵਿੱਚ ਲਿਆ ਗਿਆ।

ਹਾਲਾਂਕਿ, ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਇਸਦਾ ਸਖ਼ਤ ਵਿਰੋਧ ਕੀਤਾ। ਇਹ ਮੀਟਿੰਗ ਕੇਂਦਰੀ ਬਿਜਲੀ ਮੰਤਰਾਲੇ ਦੇ ਹੁਕਮਾਂ ‘ਤੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਬੋਰਡ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਕੀਤੀ। ਇਸ ਦੇ ਨਾਲ ਹੀ ਇਹ ਫੈਸਲਾ ਪੰਜਾਬ



ਦੀ ਰਾਜਨੀਤੀ ਨੂੰ ਗਰਮਾ ਸਕਦਾ ਹੈ। ਪੰਜਾਬ ਨੇ ਇਸ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ।

# ਮਨੀਪੁਰ ਦੇ ਤਾਮੇਂਗਲੋਂਗ ਵਿੱਚ ਝੜਪ, 25 ਜ਼ਖਮੀ; ਮਨਾਹੀ ਦਾ ਹੁਕਮ ਲਾਗੂ

## ਅਧਿਕਾਰੀਆਂ ਦਾ ਕਹਿਣਾ ਹੈ ਕਿ ਹਿੰਸਾ ਦੌਰਾਨ, ਲੋਕ ਨਿਰਮਾਣ ਵਿਭਾਗ ਦੇ ਨਿਰੀਖਣ ਬੰਗਲੇ ਨੂੰ ਅੱਗ ਲਗਾ ਦਿੱਤੀ ਗਈ ਸੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਅਧਿਕਾਰੀਆਂ ਨੇ ਵੀਰਵਾਰ ਨੂੰ ਦੱਸਿਆ ਕਿ ਜ਼ਮੀਨੀ ਵਿਵਾਦ ਨੂੰ ਲੈ ਕੇ ਦੋ ਨਾਗਾ ਪਿੰਡਾਂ ਵਿਚਕਾਰ ਹੋਈ ਝੜਪ ਤੋਂ ਬਾਅਦ ਮਨੀਪੁਰ ਦੇ ਤਾਮੇਂਗਲੋਂਗ ਜ਼ਿਲ੍ਹੇ ਦੇ ਕੁਝ ਹਿੱਸਿਆਂ ਵਿੱਚ ਮਨਾਹੀ ਦੇ ਹੁਕਮ ਲਾਗੂ ਕਰ ਦਿੱਤੇ ਗਏ ਹਨ, ਜਿਸ ਵਿੱਚ ਘੱਟੋ-ਘੱਟ 25 ਲੋਕ ਜ਼ਖਮੀ ਹੋ ਗਏ ਸਨ, ਜਿਨ੍ਹਾਂ ਵਿੱਚ 12 ਸੁਰੱਖਿਆ ਕਰਮਚਾਰੀ ਵੀ ਸ਼ਾਮਲ ਸਨ।

ਇਹ ਘਟਨਾ ਬੁੱਧਵਾਰ ਸ਼ਾਮ ਨੂੰ ਵਾਪਰੀ ਜਦੋਂ ਪੁਰਾਣੇ ਤਾਮੇਂਗਲੋਂਗ ਪਿੰਡ ਦੇ ਲਗਭਗ 2,000 ਵਸਨੀਕ ਜ਼ਮੀਨੀ ਵਿਵਾਦ ਨੂੰ ਲੈ ਕੇ ਮੰਗ ਪੱਤਰ ਸੌਂਪਣ ਲਈ ਡਿਪਟੀ ਕਮਿਸ਼ਨਰ ਅਤੇ ਐਸਪੀ ਦਫ਼ਤਰ ਵੱਲ ਮਾਰਚ ਕਰ ਰਹੇ ਸਨ।

ਡੇਲੋਂਗ ਪਿੰਡ ਦੇ ਵਸਨੀਕਾਂ ਨੇ ਕਥਿਤ ਤੌਰ ‘ਤੇ ਜਲੂਸ ‘ਤੇ ਪੱਥਰ ਸੁੱਟੇ, ਜਿਸ ਕਾਰਨ ਝੜਪ ਹੋਈ। ਉਨ੍ਹਾਂ ਨੇ ਅੱਗੇ ਕਿਹਾ ਕਿ ਡੇਲੋਂਗ ਦੇ ਸਮਰਥਨ ਵਿੱਚ ਨੇੜਲੇ ਡੁਈਗੈਲੋਂਗ ਪਿੰਡ ਦੇ ਲੋਕ ਵੀ ਲੜਾਈ ਵਿੱਚ ਸ਼ਾਮਲ ਹੋਏ।

ਅਧਿਕਾਰੀਆਂ ਨੇ ਦੱਸਿਆ ਕਿ ਹਿੰਸਾ ਦੌਰਾਨ, ਲੋਕ ਨਿਰਮਾਣ ਵਿਭਾਗ (ਪੀਡਬਲਯੂਡੀ) ਦੇ ਨਿਰੀਖਣ ਬੰਗਲੇ ਨੂੰ ਅੱਗ ਲਗਾ ਦਿੱਤੀ ਗਈ।

ਉਨ੍ਹਾਂ ਕਿਹਾ ਕਿ ਪੁਲਿਸ ਨੇ ਸਥਿਤੀ ਨੂੰ ਕਾਬੂ ਕਰਨ ਲਈ ਅੱਥਰੂ ਗੈਸ ਦੇ ਗੋਲੇ ਛੱਡੇ।

ਉਨ੍ਹਾਂ ਕਿਹਾ ਕਿ ਹਿੰਸਾ ਵਿੱਚ 12 ਸੁਰੱਖਿਆ ਕਰਮਚਾਰੀਆਂ ਸਮੇਤ ਘੱਟੋ-ਘੱਟ 25 ਲੋਕ ਜ਼ਖਮੀ ਹੋ ਗਏ।

ਝੜਪਾਂ ਤੋਂ ਬਾਅਦ, ਜ਼ਿਲ੍ਹਾ ਹੈੱਡਕੁਆਰਟਰ ਸ਼ਹਿਰ ਅਤੇ ਸਰਹੱਦੀ ਖੇਤਰਾਂ ਡੇਲੋਂਗ, ਡੁਈਗਾਈਲੋਂਗ ਅਤੇ ਓਲਡ ਤਾਮੇਂਗਲੋਂਗ ਵਿੱਚ ਬੀਐਨਐਸਐਸ ਦੀ ਧਾਰਾ 163 ਦੇ ਤਹਿਤ ਪਾਬੰਦੀਆਂ ਲਗਾਈਆਂ ਗਈਆਂ ਹਨ।

ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਅਗਲੇ ਆਦੇਸ਼ਾਂ ਤੱਕ ਪਾਬੰਦੀਆਂ ਲਾਗੂ ਰਹਿਣਗੀਆਂ।

ਨਾਗਾ ਭਾਈਚਾਰਾ ਤਾਮੇਂਗਲੋਂਗ ਵਿੱਚ ਰਹਿੰਦਾ ਹੈ, ਅਤੇ ਇਹ ਝੜਪ ਦੋ ਪਿੰਡਾਂ ਵਿਚਕਾਰ ਆਪਣੀ ਸੀਮਾ ਨੂੰ ਲੈ ਕੇ ਹੋਏ ਵਿਵਾਦ ਕਾਰਨ ਹੋਈ ਸੀ, ਇੰਫਾਲ ਦੇ ਇੱਕ ਅਧਿਕਾਰੀ ਨੇ ਕਿਹਾ।

ਉਨ੍ਹਾਂ ਕਿਹਾ ਕਿ ਮਈ 2023 ਵਿੱਚ ਸ਼ੁਰੂ ਹੋਏ ਮੀਤੇਈ ਅਤੇ ਕੁਕੀ ਵਿਚਕਾਰ ਨਸਲੀ ਝੜਪਾਂ ਨਾਲ ਇਸਦਾ ਕੋਈ ਸਬੰਧ ਨਹੀਂ ਹੈ।

# ਬਾਬਾ ਪੂਰਨ ਦਾਸ ਜੀ ਦੇ 59ਵੀਂ ਬਰਸੀ ਸੰਬੰਧੀ ਸਮਾਗਮ ਗੁਰਦੁਆਰਾ ਗੁਫਾਸਰ ਸਾਹਿਬ ਪਿੰਡ ਰੋੜਗੜ੍ਹ (ਪਟਿਆਲਾ) ਵਿਖੇ 7-8-9 ਮਈ ਨੂੰ - ਬਲਵਿੰਦਰ ਕੰਗ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਪਟਿਆਲਾ ਜਗਤਾਰ ਸਿੰਘ ਰੋੜੇਵਾਲ -- ਸੰਤ ਬਾਬਾ ਪੂਰਨ ਦਾਸ ਜੀ ਮਹਾਰਾਜ ਜੀ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ 59 ਵੀਂ ਬਰਸੀ ਮੌਕੇ ਸਮਾਗਮ ਫਕੀਰੋ ਕੇ ਬਖਸ਼ਿਸ਼ ਏ ਅਸਥਾਨ ਪ੍ਰਚੀਨ ਉਦਾਸੀਨ ਡੇਰਾ ਗੁਰਦੁਆਰਾ ਗੁਫਾਸਰ ਸਾਹਿਬ ਪਿੰਡ (ਰੋੜਗੜ੍ਹ) ਰੋੜੇਵਾਲ ਸਾਹਿਬ ਪਟਿਆਲਾ ਵਿਖੇ ਮਿਤੀ 7-8-9 ਮਈ 2025 ਦਿਨ ਬੁੱਧਵਾਰ, ਵੀਰਵਾਰ ਤੇ ਸ਼ੁੱਕਰਵਾਰ ਨੂੰ ੧੧੧ ਸੰਤ ਬਾਬਾ ਬਲਵੰਤ ਸਿੰਘ ਜੀ ਸਿੱਧਸਰ ਸਿਹੋੜਾ ਸਾਹਿਬ ਵਾਲਿਆਂ ਦੇ ਅਸ਼ੀਰਵਾਦ ਅਤੇ ਬਾਬਾ ਗੁਰਚਰਨ ਸਿੰਘ ਜੀ ਮੌਜੂਦਾ ਗੱਦੀਨਸ਼ੀਨ ਜੀਆਂ ਦੀ ਰੇਖ ਹੇਠ ਸੰਤ ਖਾਲਸਾ ਦਲ, ਇਲਾਕੇ ਦੀ ਸੰਗਤ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਸਾਹਿਬ ਦੀ ਲੜੀ ਨਿਰੰਤਰ ਚਲ ਰਹੀ ਹੈ। ਤਿੰਨ ਦਿਨ ਲਗਾਤਾਰ ਨਿਰੰਤਰ ਦੀਵਾਨ ਸਜਾਏ ਜਾਣਗੇ। ਇਸ ਮੌਕੇ ਬਾਬਾ ਗੁਰਚਰਨ ਸਿੰਘ ਮੌਜੂਦਾ ਗੱਦੀਨਸ਼ੀਨ ਜੀ ਵਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਇਸ ਬਰਸੀ ਸਮਾਗਮ ਮੌਕੇ ਦੇਸ਼ ਪ੍ਰਦੇਸ ਤੋਂ ਸੰਗਤਾਂ ਹਾਜ਼ਰੀ ਭਰਨਗੀਆਂ। ਤਿੰਨੋਂ




ਦਿਨ ਮੈਡੀਕਲ ਕੈਂਪ ਲਗਾਏ ਜਾਣਗੇ ਅਤੇ ਸੰਗਤਾਂ ਨੂੰ ਫਰੀ ਦਵਾਈਆਂ ਦਿੱਤੀਆਂ ਜਾਣਗੀਆਂ। 9 ਮਈ ਨੂੰ ਬਾਅਦ ਦੁਪਹਿਰ ਭਾਰੀ ਕੁਸ਼ਤੀ ਦੰਗਲ ਕਰਵਾਇਆ ਜਾਵੇਗਾ। 10 ਮਈ ਨੂੰ ਸਵੇਰੇ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ।

# ਮਹਿੰਗਾਈ ਤੋਂ ਰਾਹਤ, LPG ਸਿਲੰਡਰ ਹੋਏ ਸਸਤੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਅੱਜ ਤੋਂ 19 ਕਿਲੋਗ੍ਰਾਮ ਵਾਲਾ ਵਪਾਰਕ ਸਿਲੰਡਰ 17 ਰੁਪਏ ਸਸਤਾ ਹੋ ਗਿਆ ਹੈ। ਦਿੱਲੀ ਵਿੱਚ ਇਸਦੀ ਕੀਮਤ 14.50 ਰੁਪਏ ਘੱਟ ਕੇ 1747 ਰੁਪਏ ਹੋ ਗਈ ਹੈ। ਪਹਿਲਾਂ ਇਹ 1762 ਰੁਪਏ ਵਿੱਚ ਉਪਲਬਧ ਸੀ। ਕੋਲਕਾਤਾ ਵਿੱਚ ਇਹ 17 ਰੁਪਏ ਘੱਟ ਕੇ 1851.50 ਰੁਪਏ ਵਿੱਚ ਉਪਲਬਧ ਹੈ, ਪਹਿਲਾਂ ਇਸਦੀ ਕੀਮਤ 1868.50 ਰੁਪਏ ਸੀ।

ਮੁੰਬਈ ਵਿੱਚ ਸਿਲੰਡਰ ਦੀ ਕੀਮਤ ₹ 14.50 ਘਟ ਕੇ ₹ 1713.50 ਤੋਂ ₹ 1699.00 ਹੋ ਗਈ ਹੈ। ਚੇਨਈ ਵਿੱਚ, ਇਹ ਸਿਲੰਡਰ ₹ 1906.50 ਵਿੱਚ ਉਪਲਬਧ ਹੈ। ਹਾਲਾਂਕਿ, 14.2 ਕਿਲੋਗ੍ਰਾਮ ਘਰੇਲੂ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ ਕੋਈ ਬਦਲਾਅ ਨਹੀਂ ਹੋਇਆ ਹੈ। ਇਹ ਦਿੱਲੀ ਵਿੱਚ



₹ 853 ਅਤੇ ਮੁੰਬਈ ਵਿੱਚ ₹ 852.50 ਵਿੱਚ ਉਪਲਬਧ ਹੈ।

# ਅਮਰੀਕੀ ਰੱਖਿਆ ਏਜੰਸੀ ਵੱਲੋਂ ਭਾਰਤ ਨੂੰ ਫ਼ੌਜੀ ਸਾਜ਼ੋ-ਸਾਮਾਨ ਦੀ ਸਪਲਾਈ ਨੂੰ ਪ੍ਰਵਾਨਗੀ

## ਚੀਨ ਅਤੇ ਦੋ ਹੋਰ ਦੇਸ਼ ਦੇ ਰਹੇ ਹਨ ਪਾਕਿਸਤਾਨ ਨੂੰ ਹਥਿਆਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਦਿੱ ਲੀ / ਵਾ ਸ਼ਿੰ ਗ ਟ ਨ (ਭਾਸ਼ਾ)- ਅਮਰੀਕਾ ਨੇ ਭਾਰਤ ਨੂੰ 13.1 ਕਰੋੜ ਡਾਲਰ (11.08 ਅਰਬ ਰੁਪਏ) ਦੇ ਮਹੱਤਵਪੂਰਨ ਫੌਜੀ ਉਪਕਰਣ ਅਤੇ ਲੌਜਿਸਟਿਕਸ ਸਹਾਇਤਾ ਸੰਪਤੀਆਂ ਦੀ ਸਪਲਾਈ ਕਰਨ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਪ੍ਰਵਾਨਗੀ ਭਾਰਤ ਅਤੇ ਅਮਰੀਕਾ ਵਿਚਕਾਰ ਰਣਨੀਤਕ ਸਬੰਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦਿੱਤੀ ਗਈ ਹੈ। ਅਮਰੀਕਾ ਵੱਲੋਂ ਜਾਰੀ ਬਿਆਨ ਅਨੁਸਾਰ ਪੈਂਟਾਗਨ ਦੇ ਅਧੀਨ ਕੰਮ ਕਰਨ ਵਾਲੀ ਰੱਖਿਆ ਸੁਰੱਖਿਆ ਸਹਿਯੋਗ ਏਜੰਸੀ (ਡੀ.ਐਸ.ਸੀ.ਏ) ਨੇ ਫੌਜੀ ਸਪਲਾਈ ਲਈ ਜ਼ਰੂਰੀ ਪ੍ਰਮਾਣੀਕਰਣ ਪ੍ਰਦਾਨ ਕਰ ਦਿੱਤਾ ਹੈ ਅਤੇ ਸੰਭਾਵਿਤ ਵਿਕਰੀ ਬਾਰੇ ਅਮਰੀਕੀ ਕਾਂਗਰਸ ਨੂੰ ਸੂਚਿਤ ਕਰ ਦਿੱਤਾ ਹੈ।

ਭਾਰਤ ਨੂੰ ਫੌਜੀ ਉਪਕਰਣਾਂ ਦੀ ਸਪਲਾਈ ਲਈ ਇਹ ਪ੍ਰਵਾਨਗੀ ਅਜਿਹੇ ਸਮੇਂ ਦਿੱਤੀ ਗਈ ਹੈ ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਨਵੀਂ ਦਿੱਲੀ ‘ਤੇ ਅਮਰੀਕਾ ਤੋਂ ਫੌਜੀ ਉਪਕਰਣਾਂ ਦੀ ਖਰੀਦ ਵਧਾਉਣ ਲਈ ਦਬਾਅ ਪਾ ਰਿਹਾ ਹੈ। ‘ਵਿਦੇਸ਼ੀ ਫੌਜੀ ਵਿਕਰੀ’ ਰੂਟ ਰਾਹੀਂ ਪ੍ਰਸਤਾਵਿਤ ਸਪਲਾਈ ਇੰਡੋ-ਪੈਸੀਫਿਕ ਮੈਰੀਟਾਈਮ ਡੋਮੇਨ ਜਾਗਰੂਕਤਾ ਪ੍ਰੋਗਰਾਮ ਦੇ ਢਾਂਚੇ ਦੇ ਤਹਿਤ ਭਾਰਤ-ਅਮਰੀਕਾ ਸਹਿਯੋਗ ਨਾਲ ਜੁੜੀ ਹੋਈ ਹੈ। ਡੀ.ਐਸ.ਸੀ.ਏ ਦਾ ਮਿਸ਼ਨ ਸਾਂਝੀਆਂ ਚੁਣੌਤੀਆਂ ਦਾ ਜਵਾਬ ਦੇਣ ਲਈ ਵਿਦੇਸ਼ੀ ਸੁਰੱਖਿਆ ਬਲਾਂ ਦੀ ਸਮਰੱਥਾ ਦਾ ਨਿਰਮਾਣ ਕਰਕੇ ਅਮਰੀਕੀ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਦੇ ਹਿੱਤਾਂ ਨੂੰ ਅੱਗੇ ਵਧਾਉਣਾ ਹੈ।

# ਹਾਈਕੋਰਟ ਦੇ ਹੁਕਮਾ ਦੇ ਬਾਵਜੂਦ ਪੰਜਾਬ ਦੇ ਗਰੀਬ ਵਰਗ ਦੇ 25% ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਮੁਫਤ ਸਿੱਖਿਆ ਲਈ ਦਾਖਲੇ ਨਹੀਂ ਹੋ ਪਾ ਰਹੇ

## ਪੰਜਾਬ ਐਸਸੀ ਕਮਿਸ਼ਨ ਦੇ ਚਿਅਰਮੈਂਨ ਜਸਵੀਰ ਗੜ੍ਹੀ ਨੂੰ ਐਸਸੀ ਸਮਾਜ ਦੀ ਸਹਾਇਤਾ ਕਰਕੇ ਦਾਖਲੇ ਕਰਵਾਉਣ ਲਈ ਲਿਖਿਆ ਬੇਨਤੀ ਪੱਤਰ- ਓਂਕਾਰ ਨਾਥ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਇੰਜੀ ਹਰਦੀਪ ਸਿੰਘ ਚੁੰਬਰ- ਪੰਜਾਬ ਹਰਿਆਣਾ ਹਾਈ ਕੋਰਟ ਦੇ 9 ਫਰਵਰੀ 25 ਨੂੰ ਦਿਤੇ ਆਦੇਸ ਦੇ ਬਾਵਜੂਦ ਪ੍ਰਾਈਵੇਟ ਸਕੂਲ ਕਮਜੋਰ ਵਰਗ ਦੇ ਬੱਚਿਆਂ ਨੂੰ ਦਾਖਲਾ ਦੇ ਦੇਣ ਤੋਂ ਮਨਾਹੀ ਕਰ ਰਹੇ ਹਨ। ਇਸ ਦੇ ਪਿੱਛੇ ਪੰਜਾਬ ਸਰਕਾਰ ਦੀਆਂ ਸਿਖਿਆ ਵਿਭਾਗ ਨੂੰ ਸਹੀ ਹਦਾਇਤਾ ਨਾਂ ਭੇਜਣਾ ਵੀ ਹੈ, ਪੰਜਾਬ ਸਰਕਾਰ ਨੇ ਹਾਈਕੋਰਟ ਦੇ ਹੁਕਮਾਂ ਨੂੰ ਮੰਨਦੇ ਹੋਏ ਹਦਾਇਤਾ ਜਾਰੀ ਕਰਨ ਦੀ ਖਾਨਾਪੂਰੀ ਹੀ ਕੀਤੀ ਗਈ ਹੈ। ਭਾਰਤ ਦੇ 28 ਰਾਜ ਦ ਬੱਚੇ ਜੋ ਲਾਭ 2009 ਤੋਂ ਲੈ ਰਹੇ ਹਨ ਉਹ ਭਾਰਤ ਦਾ 29ਵਾਂ ਪੰਜਾਬ ਰਾਜ ਦੇ ਗਰੀਬ ਵਰਗ ਦੇ ਬੱਚਿਆਂ ਨੂੰ ਦਾਖਲਿਆਂ ਤੇ ਵਾਂਝਾ ਰੱਖਿਆ ਜਾ ਰਿਹਾ ਹੈ।

ਪੰਜਾਬ ਦੇ ਐਸਸੀ ਵਰਗ ਦੇ ਲੋਕ ਅਰਜੀਆਂ ਲੈ ਕੇ ਸਕੂਲਾਂ ਸਰਕਾਰੀ ਦਫਤਰਾਂ ਵਿੱਚ ਘੁੰਮਦੇ ਖਜਲ ਖੁਆਰ ਹੋ ਰਹੇ ਹਨ ਉਹਨਾ ਦੀ ਕੋਈ ਬਾਂਹ ਨਹੀਂ ਫੜ ਰਿਹਾ।

### ਇਹ ਮੇਰੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ- ਜਸਵੀਰ ਗੜ੍ਹੀ !

ਇਸ ਦੇ ਸਬੰਧ ਵਿੱਚ ਜਦੋ ਇਸ ਔਨਲਾਈਨ ਪੇਪਰ ਮਾਲਕ ਦੁਆਰਾ ਪੰਜਾਬ ਐਸਸੀ ਕਮਿਸ਼ਨ ਦੇ ਚਿਅਰਮੈਨ ਮਿਸਟਰ ਜਸਵੀਰ ਗੜ੍ਹੀ ਨੂੰ ਪੰਜਾਬ ਦੇ ਐਸਸੀ ਵਰਗ ਦੀ ਬਾਂਹ ਫੜਨ ਦੀ ਬੇਨਤੀ ਕੀਤੀ ਗਈ ਕਿ ਉਹ ਦਖਲ ਦੇ ਕੇ ਆਪਣੀ ਸਰਕਾਰ ਕੋਲੋਂ ਮਦਦ ਕਰਵਾਉਣ ਤਾਂ ਉਹਨਾ ਦਾ ਜਵਾਬ ਸੀ ਇਹ ਮੇਰੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਪੰਜਾਬ ਐਸਸੀ ਕਮਿਸ਼ਨ ਦੇ ਚਿਅਰਮੈਨ ਮਿਸਟਰ ਜਸਵੀਰ ਗੜ੍ਹੀ ਇਹ ਸ਼ਬਦ ਸੁਣਕੇ ਕੇਵਲ ਹੈਰਾਨੀ ਹੀ ਨਹੀਂ ਹੋਈ ਸਗੋ ਦੁੱਖ ਵੀ ਹੋਇਆ ਕਿ ਪੰਜਾਬ ਦੇ ਐਸਸੀ ਸਮਾਜ ਦੇ ਦੁੱਖ ਨੂੰ ਅਤੇ ਉਹਨਾ ਨਾਲ ਪ੍ਰਾਈਵੇਟ ਸਕੂਲਾਂ ਨਾਲ ਹੋ ਰਹੇ ਧੱਕੇ ਨੂੰ ਐਸਸੀ ਕਮਿਸ਼ਨ ਹੱਲ ਕਰਨ ਕਰਵਾਉਣ ਵਿੱਚ ਮਦਦ ਨਹੀਂ ਕਰੇਗਾ ਤੋਂ ਹੋਰ ਕੌਣ ਕਰ ਸਕਦਾ ਹੈ।

ਅਦਾਲਤ ਦੇ ਹੁਕਮਾਂ ਦੇ 3 ਮਹੀਨੇ ਬਾਅਦ ਵੀ ਪੰਜਾਬ ਸਰਕਾਰ ਦੁਆਰਾ ਸਿੱਖਿਆ ਮਹਿਕਮੇ ਦੇ ਅਫਸਰਾਂ ਨੂੰ ਦਿਤੀਆਂ ਹਦਾਇਤਾ ਵਿੱਚ ਜਾਣੇ-ਅਣਜਾਣੇ ਅਧੂਰਾਪਨ ਦਿਖਾਈ ਦੇ ਰਿਹਾ ਹੈ ਜੋ ਇਸ ਤਰਾਂ ਹੈ

- ਯੋਗ ਪ੍ਰਾਈਵੇਟ ਸਕੂਲਾਂ ਦੀ ਕੋਈ ਸੂਚੀ ਸੂਚਿਤ/ ਪ੍ਰਕਾਸ਼ਿਤ ਨਹੀਂ ਕੀਤੀ ਗਈ ਹੈ।
- ਕੋਈ ਜ਼ਿਲ੍ਹਾ-ਵਾਰ ਜਾਗਰੂਕਤਾ ਜਾਂ ਦਾਖਲਾ ਸ਼ਡਿਊਲ ਪ੍ਰਕਾਸ਼ਿਤ ਨਹੀਂ ਕੀਤਾ ਗਿਆ ਹੈ।
- ਅਰਜ਼ੀਆਂ ਜਾਂ ਅਦਾਇਗੀ ਲਈ ਕੋਈ ਪ੍ਰਕਿਰਿਆ ਸਪੱਸ਼ਟ ਨਹੀਂ ਕੀਤੀ ਗਈ ਹੈ।



- ਜ਼ਿਲ੍ਹਾ ਨਿਗਰਾਨੀ ਕਮੇਟੀਆਂ ਸਬੰਧੀ ਗੈਰ-ਕਾਰਜਸ਼ੀਲਤਾ।
- ਇਸੇ ਤਰਾਂ ਆਮਦਨ ਦੀ ਸੀਮਾ ਦਾ ਜਿਕਰ ਨਹੀਂ ਕੀਤਾ ਗਿਆ
- ਸਕੂਲ ਵਿੱਚ ਕਿਨੀਆਂ ਅਰਜੀਆਂ ਆਈਆਂ ਕਿਨੇ ਬੱਚੇ ਦਾਖਲ ਹੋਏ ਕਿਨੇ ਦਾਖਲ ਨਹੀ ਕੀਤੇ ਗਏ/ ਕਾਰਨ ਕੀ ਰਹੇ

# ਤੜਕੇ ਪੰਜਾਬ ਪੁਲਿਸ ਵੱਲੋਂ ਖਤਰਨਾਕ ਗੈਂਗਸਟਰ ਦਾ Encounter, ਤਿੰਨ ਪਿਸਤੌਲ ਬਰਾਮਦ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਜਲੰਧਰ ਦਿਹਾਤੀ ਪੁਲਿਸ ਨੇ ਅੱਜ ਵੀਰਵਾਰ ਤੜਕੇ ਮਕਸੂਦਾਂ ਇਲਾਕੇ ਵਿੱਚ ਇੱਕ ਖਤਰਨਾਕ ਗੈਂਗਸਟਰ ਸਾਜਨ ਨਈਅਰ ਨੂੰ ਮੁਕਾਬਲੇ ਵਿੱਚ ਜ਼ਖਮੀ ਕਰ ਦਿੱਤਾ। ਇਸ ਮੁਕਾਬਲੇ ਦੌਰਾਨ, ਸਾਜਨ ਨਈਅਰ ਨੂੰ ਗੋਲੀ ਲੱਗੀ, ਜਿਸ ਤੋਂ ਬਾਅਦ ਉਸਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਪੁਲਿਸ ਨੇ ਮੌਕੇ ਤੋਂ ਤਿੰਨ ਪਿਸਤੌਲ ਬਰਾਮਦ ਕੀਤੇ ਹਨ। ਸਾਜਨ ਨਈਅਰ ਪੰਜਾਬ ਪੁਲਿਸ ਨੂੰ ਕਤਲ, ਕਤਲ ਦੀ ਕੋਸ਼ਿਸ਼ ਅਤੇ ਡਕੈਤੀ ਸਮੇਤ 20 ਤੋਂ ਵੱਧ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਸੀ।

ਜਾਣਕਾਰੀ ਅਨੁਸਾਰ, ਜਲੰਧਰ ਦਿਹਾਤੀ ਦੇ ਸੀਆਈਏ ਸਟਾਫ ਦੀ ਟੀਮ ਨੇ ਸਵੇਰੇ ਕਰੀਬ 5:30 ਵਜੇ ਮਕਸੂਦਾਂ ਥਾਣਾ ਖੇਤਰ ਅਧੀਨ ਪੈਂਦੇ ਪਿੰਡ ਅਮਾਨਤ ਖਾਨ ਨੇੜੇ ਨਾਕਾਬੰਦੀ ਦੌਰਾਨ ਇੱਕ ਬਾਈਕ ਸਵਾਰ ਨੌਜਵਾਨ ਨੂੰ ਰੁਕਣ ਦਾ ਇਸ਼ਾਰਾ ਕੀਤਾ। ਪੁਲਿਸ ਨੂੰ ਦੇਖਦੇ ਹੀ ਨੌਜਵਾਨ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਨੰਗਲ ਪਿੰਡ ਵੱਲ ਭੱਜਣ ਲੱਗ ਪਿਆ। ਸੀਆਈਏ ਟੀਮ ਨੇ ਉਸਦਾ ਪਿੱਛਾ ਕੀਤਾ ਅਤੇ ਕੁਝ ਦੂਰੀ ‘ਤੇ ਉਸਨੂੰ ਘੇਰ ਲਿਆ। ਜਵਾਬੀ ਗੋਲੀਬਾਰੀ ਦੌਰਾਨ, ਸਾਜਨ ਨਈਅਰ ਦੀ ਲੱਤ ਵਿੱਚ ਗੋਲੀ ਲੱਗੀ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਜਲੰਧਰ ਦਿਹਾਤੀ ਦੇ ਐਸਐਸਪੀ ਹਰਵਿੰਦਰ ਵਿਰਕ, ਐਸਪੀ ( ਇ ਨ ਵੈ ਸ ਟੀ ਗੇ ਸ਼ ਨ ) ਸਰਬਜੀਤ ਰਾਏ, ਡੀਐਸਪੀ ਕਰਤਾਰਪੁਰ ਵਿਜੇ ਕੰਵਰਪਾਲ ਅਤੇ ਡੀਐਸਪੀ ਇੰਦਰਜੀਤ ਸਿੰਘ ਮੌਕੇ ’ਤੇ ਪੁੱਜੇ।

# ਇੱਕ ਲੱਖ ਰੁਪਏ ਦੀ ਰਿਸ਼ਵਤ ਲੈਂਦਾ ਪਨਸਪ ਦਾ ਜਨਰਲ ਮੈਨੇਜਰ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪਨਸਪ ਦੇ ਜਨਰਲ ਮੈਨੇਜਰ ਅਜੀਤ ਪਾਲ ਸਿੰਘ ਸੈਣੀ, ਜਿਸ ਕੋਲ ਖਰੀਦ, ਸਟੋਰੇਜ, ਵਪਾਰਕ, ਨਿਰਮਾਣ ਅਤੇ ਮੁੱਖ ਵਿਜੀਲੈਂਸ ਅਧਿਕਾਰੀ (ਸੀਵੀਓ) ਦਾ ਵੀ ਚਾਰਜ ਹੈ , ਨੂੰ ਇੱਕ ਲੱਖ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਫਿਰੋਜ਼ਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਇੱਕ ਵਿਅਕਤੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਪਨਸਪ ਦੇ ਉਕਤ ਜਨਰਲ ਮੈਨੇਜਰ ਨੇ ਕੁੱਲ 1.25 ਕਰੋੜ ਰੁਪਏ ਦੀ ਗਬਨ ਰਾਸ਼ੀ, ਜੋ ਕਿ ਕਥਿਤ ਤੌਰ ’ਤੇ ਜਾਅਲੀ



ਖਰੀਦ ਦੇ ਤਹਿਤ ਦਿਖਾਈ ਗਈ 14090 ਝੋਨੇ ਦੀਆਂ ਬੋਰੀਆਂ ਦੀ ਕੀਮਤ ਹੈ, ਦੀ 10 ਫੀਸਦ ਰਿਸ਼ਵਤ ਮੰਗ ਰਿਹਾ ਹੈ ਅਤੇ ਪਹਿਲੀ ਕਿਸ਼ਤ ਵਜੋਂ ਉਸਨੇ 2 ਲੱਖ ਰੁਪਏ ਦੀ ਮੰਗ ਕੀਤੀ ਹੈ। ਹਾਲਾਂਕਿ, ਗੱਲਬਾਤ ਤੋਂ ਬਾਅਦ ਸੌਦਾ ਇੱਕ ਲੱਖ ਰੁਪਏ ਵਿੱਚ ਤੈਅ ਹੋ ਗਿਆ।

ਸ਼ਿ ਕਾ ਇ ਤ ਕ ਰ ਤਾ ਫਿਰੋਜ਼ਪੁਰ ਦੇ ਸ਼ਹਿਜ਼ਦੀ ਅਤੇ ਮਾਨਾ ਸਿੰਘ ਵਾਲਾ ਦੀਆਂ ਮੰਡੀਆਂ ਵਿੱਚ ਇੱਕ ਕਮਿਸ਼ਨ ਏਜੰਟ ਹੈ। ਸਾਲ 2024 ਵਿੱਚ ਪਨਸਪ ਵੱਲੋਂ ਝੋਨੇ ਦੀ ਖਰੀਦ ਦੌਰਾਨ, ਸਬੰਧਤ ਚੌਲ ਮਿੱਲਾਂ ਵਿੱਚ ਸਟਾਕ ਦੀ ਜਾਂਚ ਦੌਰਾਨ ਕੁੱਲ 34,250 ਝੋਨੇ ਦੀਆਂ ਬੋਰੀਆਂ ਘੱਟ ਪਾਈਆਂ ਗਈਆਂ ਸਨ।

ਸ਼ਿਕਾਇਤਕਰਤਾ ਦੀ (ਆਹੜਤੀਆ) ਫਰਮ ’ਤੇ ਦੋਸ਼ ਲਗਾਇਆ ਗਿਆ ਸੀ ਕਿ ਉਹ ਕੁੱਲ 34,250 ਝੋਨੇ ਦੀਆਂ ਬੋਰੀਆਂ ਦੀ ਜਾਅਲੀ ਖਰੀਦ ਦੀ ਰਿਪੋਰਟ ਕਰਨ ਵਿੱਚ ਸ਼ਾਮਲ ਸੀ। ਇਸ ਤੋਂ ਬਾਅਦ, ਉਸਨੂੰ 2.97 ਕਰੋੜ ਰੁਪਏ ਦੀ ਘਾਟ ਵਾਲੀ ਰਕਮ ਜਮ੍ਹਾ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ, ਜਿਸ ਉਪਰੰਤ, ਸ਼ਿਕਾਇਤਕਰਤਾ ਨੇ ਪਨਸਪ ਕੋਲ ਰਿਕਵਰੀ ਵਜੋਂ 2.50 ਕਰੋੜ ਰੁਪਏ ਜਮ੍ਹਾ ਕਰਵਾਏ ।

ਅਖੀਰ ਵਿੱਚ, ਸ਼ਿਕਾਇਤਕਰਤਾ ਨੇ ਮੈਨੇਜਿੰਗ ਡਾਇਰੈਕਟਰ, ਪਨਸਪ ਨੂੰ ਇੱਕ ਪ੍ਰਤੀਬੇਨਤੀ ਕੀਤੀ ਕਿ ਜ਼ਿਲ੍ਹਾ ਮੈਨੇਜਰ, ਫਿਰੋਜ਼ਪੁਰ ਅਤੇ ਪਨਸਪ ਫਿਰੋਜ਼ਪੁਰ ਦੇ ਇੰਸਪੈਕਟਰਾਂ ਵੱਲੋਂ ਔਨਲਾਈਨ ਪੋਰਟਲ ਤੋਂ ਲਗਭਗ 19040 ਝੋਨੇ ਦੀਆਂ ਬੋਰੀਆਂ ਦੇ ਗੇਟ ਪਾਸ ਡਿਲੀਟ ਕਰ ਦਿੱਤੇ ਗਏ ਸਨ, ਜਿਸ ਕਾਰਨ ਉਸਨੂੰ ਇਨ੍ਹਾਂ ਬੋਰੀਆਂ ਲਈ ਗਲਤ ਜੁਰਮਾਨਾ ਲਗਾਇਆ ਗਿਆ ਸੀ। ਇਸ ਤੋਂ ਬਾਅਦ, ਦੋਸ਼ੀ ਅਜੀਤ ਪਾਲ ਸੈਣੀ, ਜੀਐਮ ਨੇ ਇੱਕ ਆਮ ਜਾਣਕਾਰ ਕੰਵਲਦੀਪ ਰਾਹੀਂ ਸ਼ਿਕਾਇਤਕਰਤਾ ਨਾਲ ਸੰਪਰਕ ਕੀਤਾ ਅਤੇ ਸ਼ਿਕਾਇਤਕਰਤਾ ਦੇ ਹੱਕ ਵਿੱਚ ਮਾਮਲਾ ਨਿਪਟਾਉਣ ਲਈ ਰਿਸ਼ਵਤ ਦੀ ਮੰਗ ਕੀਤੀ।

ਸ਼ਿਕਾਇਤਕਰਤਾ ਨੇ ਦੋਸ਼ੀ ਦੀ ਗੱਲਬਾਤ ਆਡੀਓ ਰਿਕਾਰਡ ਕਰ ਲਈ , ਜਿਸ ਵਿੱਚ ਮੁਲਜ਼ਮ ਨੇ ਪਹਿਲੀ ਕਿਸ਼ਤ ਵਜੋਂ 2,00,000 ਰੁਪਏ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਜ਼ਿਲ੍ਹਾ ਮੈਨੇਜਰ ਫਿਰੋਜ਼ਪੁਰ ਅਤੇ ਪਨਸਪ ਫਿਰੋਜ਼ਪੁਰ ਦੇ 2 ਇੰਸਪੈਕਟਰਾਂ ਨੂੰ ਵੀ ਇਸੇ ਮਾਮਲੇ ਵਿੱਚ ਵਿਭਾਗ ਦੁਆਰਾ ਮੁਅੱਤਲ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਕਿਹਾ ਕਿ ਦੋਸ਼ਾਂ ਦੀ ਮੁੱਢਲੀ ਤਸਦੀਕ ਬਹੁਤ ਸਾਵਧਾਨੀ ਨਾਲ ਕੀਤੀ ਗਈ ਸੀ ਅਤੇ ਦੋਸ਼ਾਂ ਦੀ ਡੂੰਘੀ ਪੜਤਾਲ ਤੋਂ ਬਾਅਦ, ਵਿਜੀਲੈਂਸ ਬਿਊਰੋ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਜਨਰਲ ਮੈਨੇਜਰ ਨੂੰ ਮੈਕਸ ਹਸਪਤਾਲ, ਫੇਜ਼ 6, ਮੋਹਾਲੀ ਦੀ ਪਾਰਕਿੰਗ ਵਿੱਚ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 1 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜ ਲਿਆ ਗਿਆ।

# ਪਾਕਿਸਤਾਨ ਨੇ ISI ਮੁਖੀ ਨੂੰ NSA ਲਾਇਆ, ਮੌਜੂਦਾ ਸਥਿਤੀ ‘ਚ ਅਮਰੀਕਾ ਤੋਂ ਮਦਦ ਮੰਗੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਪਹਿਲਗਾਮ ਹਮਲੇ ਤੋਂ ਬਾਅਦ ਵਧਦੇ ਤਣਾਅ ਦੇ ਵਿਚਕਾਰ, ਪਾਕਿਸਤਾਨ ਨੇ ਹੁਣ ISI ਮੁਖੀ ਲੈਫਟੀਨੈਂਟ ਜਨਰਲ ਅਸੀਮ ਮਲਿਕ ਨੂੰ ਰਾਸ਼ਟਰੀ ਸੁਰੱਖਿਆ ਸਲਾਹਕਾਰ (NSA) ਨਿਯੁਕਤ ਕੀਤਾ ਹੈ। ਇਹ ਨਿਯੁਕਤੀ 29 ਅਪ੍ਰੈਲ ਨੂੰ ਕੀਤੀ ਗਈ ਸੀ, ਪਰ ਮੀਡੀਆ ਨੂੰ ਸੂਚਨਾ ਬੁੱਧਵਾਰ ਦੇਰ ਰਾਤ ਜਾਰੀ ਕੀਤੀ ਗਈ। ਅਸੀਮ ਮਲਿਕ ਨੂੰ ਸਤੰਬਰ 2024 ਵਿੱਚ ਆਈਐਸਆਈ ਮੁਖੀ ਬਣਾਇਆ ਗਿਆ ਸੀ।

ਇਸ ਖ਼ਬਰ ਦੇ ਆਉਣ ਤੋਂ ਇੱਕ ਦਿਨ ਪਹਿਲਾਂ, 30 ਅਪ੍ਰੈਲ ਨੂੰ, ਭਾਰਤ ਸਰਕਾਰ ਨੇ NSA ਬੋਰਡ ਦਾ ਪੁਨਰਗਠਨ ਕੀਤਾ ਹੈ। ਰਿਸਰਚ ਐਂਡ ਐਨਾਲਿਸਿਸ ਵਿੰਗ (RAW) ਦੇ ਸਾਬਕਾ ਮੁਖੀ ਆਲੋਕ ਜੋਸ਼ੀ ਨੂੰ ਇਸਦਾ ਨਵਾਂ ਚੇਅਰਮੈਨ ਬਣਾਇਆ ਗਿਆ ਹੈ।

ਇਸ ਦੌਰਾਨ, ਨਿਊਜ਼ ਏਜੰਸੀ ਏਐਫਪੀ ਦੇ ਅਨੁਸਾਰ, ਪਾਕਿਸਤਾਨ ਨੇ ਮੌਜੂਦਾ ਸਥਿਤੀ ਵਿੱਚ ਅਮਰੀਕਾ ਤੋਂ ਮਦਦ ਮੰਗੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਅਮਰੀਕਾ ਨੂੰ



ਅਪੀਲ ਕੀਤੀ ਕਿ ਉਹ ਭਾਰਤ ‘ਤੇ ਜ਼ਿੰਮੇਵਾਰੀ ਨਾਲ ਵਿਵਹਾਰ ਕਰਨ ਅਤੇ ਬਿਆਨਬਾਜ਼ੀ ਘਟਾਉਣ ਲਈ ਦਬਾਅ ਪਾਏ।

# ਨਦੀ ‘ਚ ਨਹਾਉਣ ਗਏ 6 ਬੱਚਿਆਂ ਦੀ ਡੁੱਬਣ ਨਾਲ ਮੌਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਗੁਜਰਾਤ ਦੇ ਖੇੜਾ ਜ਼ਿਲ੍ਹੇ ਦੇ ਕਨੀਜ ਪਿੰਡ ਵਿੱਚ ਬੁੱਧਵਾਰ ਨੂੰ ਨਦੀ ਵਿੱਚ ਨਹਾਉਣ ਗਏ ਛੇ ਬੱਚਿਆਂ ਦੀ ਡੁੱਬਣ ਨਾਲ ਮੌਤ ਹੋ ਗਈ। ਐਸਪੀ ਰਾਜੇਸ਼ ਗੜ੍ਹੀਆ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦੇ ਹੀ ਟੀਮ ਮੌਕੇ ‘ਤੇ ਪਹੁੰਚ ਗਈ ਅਤੇ ਬਚਾਅ ਕਾਰਜ ਨੂੰ ਅੰਜਾਮ ਦਿੱਤਾ। ਸਾਰੀਆਂ ਲਾਸ਼ਾਂ ਨੂੰ ਬਾਹਰ ਕੱਢ ਲਿਆ ਗਿਆ ਹੈ। ਪੁਲਿਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ।

ਪੁਲਿਸ ਅਨੁਸਾਰ ਹਾਦਸੇ ਵਿੱਚ ਜਾਨ ਗਵਾਉਣ ਵਾਲਿਆਂ ਵਿੱਚ ਚਾਰ ਕੁੜੀਆਂ ਅਤੇ ਦੋ ਮੁੰਡੇ ਸ਼ਾਮਲ ਹਨ। ਉਹ ਸਾਰੇ ਅੱਤ ਦੀ ਗਰਮੀ ਕਾਰਨ ਨਦੀ ‘ਚ ਨਹਾਉਣ ਲਈ ਗਏ ਸਨ। ਉਹ ਸਾਰੇ ਸਕੇ ਭੈਣ-ਭਰਾ ਜਾਂ ਚਚੇਰੇ ਭੈਣ-ਭਰਾ ਸਨ।

# ਕੇਂਦਰ ਸਰਕਾਰ ਨਾਲ 4 ਮਈ ਨੂੰ ਕਿਸਾਨਾਂ ਦੀ ਹੋਣ ਵਾਲੀ ਮੀਟਿੰਗ ਹੋਈ ਮੁਲਤਵੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਕੇਂਦਰ ਸਰਕਾਰ ਵਿਚਾਲੇ ਕਿਸਾਨ ਜਥੇਬੰਦੀਆਂ ਦੀ 4 ਮਈ ਨੂੰ ਹੋਣ ਵਾਲੀ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ। ਕੇਂਦਰ ਸਰਕਾਰ ਨੇ ਕਿਸਾਨ ਜੱਥੇਬੰਦੀਆਂ ਨੂੰ ਇਕ ਪੱਤਰ ਰਾਹੀਂ ਅਪੀਲ ਕੀਤੀ ਹੈ ਕਿ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨੂੰ ਇਸ ਮੀਟਿੰਗ ‘ਚ ਸ਼ਾਮਿਲ ਹੋਣ ਦੀ ਸਹਿਮਤੀ ਦਿੱਤੀ ਜਾਵੇ। ਕੇਂਦਰ ਨੇ ਕਿਹਾ ਕਿ ਸੂਬਾ ਸਰਕਾਰ ਨੂੰ ਮੀਟਿੰਗ ‘ਚ ਸ਼ਾਮਲ ਕਰਨਾ ਜ਼ਰੂਰੀ ਹੈ।

ਜ਼ਿਕਰਯੋਗ ਹੈ ਕਿ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਅਤੇ ਹੋਰ ਕਿਸਾਨ ਸੰਗਠਨਾਂ ਨੇ ਕੇਂਦਰ ਨੂੰ ਅਪੀਲ ਕੀਤੀ ਹੈ ਕਿ 4 ਮਈ ਨੂੰ ਹੋਣ ਵਾਲੀ ਮੀਟਿੰਗ ਵਿੱਚ ਪੰਜਾਬ ਸਰਕਾਰ ਨੂੰ ਸ਼ਾਮਲ ਨਾ ਕੀਤਾ ਜਾਵੇ। ਇਸ ਸੰਬੰਧੀ ਨੇ ਕੇਂਦਰ ਨੂੰ ਇੱਕ ਪੱਤਰ ਭੇਜਿਆ ਗਿਆ ਸੀ। ਆਪਣੇ ਪੱਤਰ ‘ਚ ਕਿਸਾਨਾਂ ਨੇ ਕਿਹਾ ਸੀ ਕਿ ਅਸੀ ਗੱਲਬਾਤ ਲਈ ਹਮੇਸ਼ਾ ਤਿਆਰ ਹਾਂ ਪਰ ਪੰਜਾਬ ਸਰਕਾਰ ਨੂੰ ਇਸ ਮੀਟਿੰਗ ‘ਚ ਸ਼ਾਮਿਲ ਨਾ ਕੀਤਾ ਜਾਵੇ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਕਲ੍ਹ ਦਾ ਬਾਕੀ ਭਾਗ

ਮੇਰਾ ਬਹੁਤ ਸਮੇਂ ਤੋਂ ਬੁੱਧ ਧਰਮ ਵੱਲ ਝੁਕਾਅ ਰਿਹਾ ਹੈ। ਦਰਅਸਲ, 1951 ਦੀ ਮਰਦਮਸ਼ੁਮਾਰੀ ਵਿੱਚ, ਤੁਸੀਂ ਸਾਰੇ ਧਰਮਾਂ ਅਤੇ ਸਾਰੇ ਸੰਪਰਦਾਵਾਂ ਦੇ ਲੋਕਾਂ ਨੂੰ ਦੇਖੋਗੇ। ਪਰ ਤੁਹਾਨੂੰ ਇਸ ਮਰਦਮਸ਼ੁਮਾਰੀ ਵਿੱਚ ਪੂਰੇ ਭਾਰਤ ਵਿੱਚ ਇੱਕ ਵੀ ਬੋਧੀ ਨਹੀਂ ਦਿਖਾਈ ਦੇਵੇਗਾ। ਜੇਕਰ ਭਾਰਤ ਵਿੱਚ ਇੱਕ ਵੀ ਬੋਧੀ ਨਹੀਂ ਹੈ, ਤਾਂ ਅਸੀਂ ਅੱਜ ਭਗਵਾਨ ਬੁੱਧ ਨੂੰ ਇੰਨੇ ਜੋਸ਼ ਨਾਲ ਕਿਉਂ ਯਾਦ ਕਰਦੇ ਹਾਂ, ਜੋ 2500



ਸਾਲ ਪਹਿਲਾਂ ਜੀਉਂਦੇ ਸਨ? ਅਸੀਂ ਬੁੱਧ ਧਰਮ ਨੂੰ ਕਿਉਂ ਅੱਗੇ ਵਧਾ ਰਹੇ ਹਾਂ ਅਤੇ ਇਸਦੀ ਪੂਜਾ ਕਿਉਂ ਕਰ ਰਹੇ ਹਾਂ? ਇਹ ਭਗਵਾਨ ਬੁੱਧ ਦਾ ਧਰਮ ਹੈ। ਬੁੱਧ ਧਰਮ ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਫੈਲਿਆ ਹੋਇਆ ਹੈ। ਰਾਮ ਅਤੇ ਕ੍ਰਿਸ਼ਨ ਧਰਮ ਫੈਲਾਉਣ ਦੇ ਖੇਤਰ ਵਿੱਚ ਬਹੁਤੀ ਪਹੁੰਚ ਨਹੀਂ ਰੱਖਦੇ।

ਬਹੁਤ ਸਾਰੇ ਸ਼ਰਾਰਤੀ ਲੋਕ ਬੁੱਧ ਧਰਮ ਦੀ ਆਲੋਚਨਾ ਕਰਦੇ ਹਨ। ਸਾਵਰਕਰ ਉਨ੍ਹਾਂ ਵਿੱਚੋਂ ਇੱਕ ਹਨ। ਅਸਲ ਵਿੱਚ, ਮੈਨੂੰ ਨਹੀਂ ਪਤਾ ਕਿ ਉਹ ਕੀ ਕਹਿਣਾ ਚਾਹੁੰਦਾ ਹੈ? ਬੁੱਧ ਇੱਕ ਬੁਰਾ ਵਿਅਕਤੀ ਸੀ? ਕੀ ਉਹ ਇਹੀ ਕਹਿੰਦਾ ਹੈ? ਜੇਕਰ ਉਹ ਇਹ ਕਹਿਣਾ ਚਾਹੁੰਦਾ ਹੈ ਕਿ ਬੁੱਧ ਧਰਮ ਫੈਲਾਉਣ ਵਾਲੇ ਰਾਜੇ ਮਾੜੇ ਸਨ, ਤਾਂ ਉਸਨੂੰ ਆਪਣੀ ਰਾਏ ਸਪੱਸ਼ਟ ਸ਼ਬਦਾਂ ਵਿੱਚ ਰੱਖਣੀ ਚਾਹੀਦੀ ਹੈ। ਮੈਂ ਉਸਨੂੰ ਜਵਾਬ ਦੇਣ ਲਈ ਤਿਆਰ ਹਾਂ। ਕੇਸਰੀ ਵਿੱਚ ਪ੍ਰਕਾਸ਼ਿਤ 'ਬੋਧੀਆਂ ਦੀ ਅੱਤਦਰਜੇ ਦੀ ਅਹਿੰਸਾ ਦਾ ਸਿਰ ਕਲਮ' ਵਿੱਚ ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕੁਝ ਨਹੀਂ ਕਿਹਾ ਹੈ। ਸਿਰਫ਼ ਸਾਵਰਕਰ ਹੀ ਨਹੀਂ, ਜੇਕਰ ਕੋਈ ਬੁੱਧ ਧਰਮ ਬਾਰੇ ਕੁਝ ਪੁੱਛਣਾ ਚਾਹੁੰਦਾ ਹੈ, ਤਾਂ ਉਨ੍ਹਾਂ ਨੂੰ ਮੈਨੂੰ ਸਪੱਸ਼ਟ ਸ਼ਬਦਾਂ ਵਿੱਚ ਪੁੱਛਣਾ ਚਾਹੀਦਾ ਹੈ। ਮੇਰੇ ਕੋਲ ਉਨ੍ਹਾਂ ਦਾ ਜਵਾਬ ਦੇਣ ਦੀ ਹਿੰਮਤ ਹੈ। ਭਗਵਾਨ ਬੁੱਧ ਦੇ ਵਿਸ਼ਾਲ ਭਿਕਸ਼ੂ ਭਾਈਚਾਰੇ ਦੇ 75 ਪ੍ਰਤੀਸ਼ਤ ਲੋਕ ਬ੍ਰਾਹਮਣ ਸਨ। ਕੀ ਸਾਵਰਕਰ ਇਹ ਜਾਣਦੇ ਹਨ? ਸਾਵਰਕਰ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਰੀਪੁੱਤ ਮੋਗਲਯਾਨ ਵਰਗੇ ਵਿਦਵਾਨ ਬ੍ਰਾਹਮਣ ਸਨ। ਮੈਂ ਸਾਵਰਕਰ ਤੋਂ ਇੱਕ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਪੇਸ਼ਵਾ ਕੌਣ ਸੀ? ਕੀ ਉਹ ਭਿਕਸ਼ੂ ਸਨ? ਪਰ ਅੰਗਰੇਜ਼ਾਂ ਨੇ ਉਨ੍ਹਾਂ ਤੋਂ ਰਾਜ ਕਿਵੇਂ ਖੋਹਿਆ? ਇਸ ਲਈ, ਸਾਨੂੰ ਸਾਵਰਕਰ ਵਰਗੇ ਅਗਿਆਨੀ ਅਤੇ ਗੈਰ-ਜ਼ਿੰਮੇਵਾਰ ਲੋਕਾਂ ਦੀਆਂ ਗੱਲਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ। ਕੁਝ ਲੋਕ ਕਹਿੰਦੇ ਹਨ ਕਿ ਸਾਵਰਕਰ ਨੇ ਜ਼ਹਿਰ ਉਲਟੀ ਕੀਤੀ। ਪਰ ਮੈਂ ਕਹਿੰਦਾ ਹਾਂ ਕਿ ਸਾਵਰਕਰ ਨੇ ਆਪਣੇ ਪੇਟ ਵਿੱਚ ਦਾ ਨਰਕ ਉਲਟੀ ਕਰ ਦਿੱਤਾ। ਕੋਈ ਕਿੰਨੀ ਵੀ ਦੁਰਭਾਵਨਾਪੂਰਨ ਆਲੋਚਨਾ ਕਰੇ, ਮੇਰਾ ਰਸਤਾ ਪੱਕਾ ਹੈ। ਮੈਂ ਬੁੱਧ ਧਰਮ ਨੂੰ ਸਵੀਕਾਰ ਕਰਨ ਜਾ ਰਿਹਾ ਹਾਂ। ਜੇਕਰ ਤੁਹਾਨੂੰ ਇਹ ਪਸੰਦ ਹੈ, ਤਾਂ ਤੁਸੀਂ ਇਸਨੂੰ ਸਵੀਕਾਰ ਵੀ ਕਰ ਸਕਦੇ ਹੋ। ਹੁਣ ਤੱਕ, ਉਨ੍ਹਾਂ ਨੇ ਹਿੰਸਾ ਅਤੇ ਅਣਮਨੁੱਖੀ ਅੱਤਿਆਚਾਰਾਂ ਦੇ ਰਾਹ ਰਾਹੀਂ ਬੁੱਧ ਧਰਮ ਦੀ ਲਹਿਰ ਨੂੰ ਮੋੜ ਦਿੱਤਾ ਹੈ। ਪਰ ਹੁਣ ਬੁੱਧ ਧਰਮ ਦੀ ਲਹਿਰ ਆਵੇਗੀ। ਇਹ ਕਦੇ ਵਾਪਸ ਨਹੀਂ ਜਾਵੇਗੀ। ਇਸ ਅਨੰਤ ਸਮੁੰਦਰ ਵਿੱਚ, ਉੱਚੀਆਂ ਲਹਿਰਾਂ ਆਉਣਗੀਆਂ, ਕਦੇ ਵੀ ਉਛਾਲ ਨਹੀਂ ਆਵੇਗਾ। ਭਗਵਾਨ ਬੁੱਧ ਦੇ ਸੰਗਠਨ ਵਿੱਚ ਕੁਝ ਕਮੀਆਂ ਸਨ। ਕੁਝ ਕਮੀਆਂ ਸਨ। ਉਨ੍ਹਾਂ ਕਮੀਆਂ ਕਾਰਨ, ਬਾਹਰੋਂ ਗੰਦਾ ਪਾਣੀ ਆਇਆ ਅਤੇ ਬੁੱਧ ਧਰਮ ਦਾ ਪ੍ਰਵਾਹ ਥੋੜ੍ਹਾ ਪ੍ਰਦੂਸ਼ਿਤ ਹੋ ਗਿਆ। ਪਰ ਹੁਣ ਮੈਂ ਉਸ ਧਰਮ ਨੂੰ ਠੀਕ ਕਰਨ ਜਾ ਰਿਹਾ ਹਾਂ ਅਤੇ ਉਨ੍ਹਾਂ ਛੇਕਾਂ ਨੂੰ ਬੰਦ ਕਰਨ ਜਾ ਰਿਹਾ ਹਾਂ।

ਬੁੱਧ ਦੇ ਚਰਿੱਤਰ 'ਤੇ ਮੈਂ ਜੋ ਕਿਤਾਬ ਲਿਖੀ ਹੈ, ਉਸ ਵਿੱਚ ਮੈਂ ਬੁੱਧ ਦੇ ਸਥਾਨ ਦੀ ਚਰਚਾ ਕੀਤੀ ਹੈ। ਈਸਾਈ ਧਰਮ ਵਿੱਚ, ਯਿਸੂ ਆਪਣੇ ਆਪ ਨੂੰ ਪਰਮਾਤਮਾ ਦਾ ਪੁੱਤਰ ਮੰਨਦਾ ਹੈ। ਬਾਈਬਲ ਵਿੱਚ, ਉਹ ਇਹ ਵੀ ਕਹਿੰਦਾ ਹੈ ਕਿ ਮੈਂ ਤੁਹਾਨੂੰ ਪਰਮਾਤਮਾ ਦਾ ਸੰਦੇਸ਼ ਸੁਣਾ ਰਿਹਾ ਹਾਂ। ਮੌਤ ਤੋਂ ਬਾਅਦ, ਜਦੋਂ ਤੁਸੀਂ ਸਵਰਗ ਵਿੱਚ ਜਾਓਗੇ, ਤਾਂ ਮੈਨੂੰ ਤੁਹਾਡੀ ਪਰਮਾਤਮਾ ਨੂੰ ਸਿਫਾਰਸ਼ ਕਰਨੀ ਪਵੇਗੀ। ਫਿਰ ਮੈਂ ਸੋਚਾਂਗਾ ਕਿ ਜਦੋਂ ਮੈਂ ਧਰਤੀ 'ਤੇ ਸੀ, ਕੀ ਤੁਸੀਂ ਮੈਨੂੰ ਪਰਮਾਤਮਾ ਦਾ ਪੁੱਤਰ ਮੰਨਿਆ ਸੀ? ਇਸਲਾਮ ਦੇ ਪੈਗੰਬਰ ਮੁਹੰਮਦ ਨਾਲ ਵੀ ਇਹੀ ਹਾਲ ਹੈ। ਮੁਹੰਮਦ ਵੀ ਆਪਣੇ ਆਪ ਨੂੰ ਪਰਮਾਤਮਾ ਦਾ ਦੂਤ ਮੰਨਦੇ ਹਨ। ਪਰ ਭਗਵਾਨ ਬੁੱਧ ਦੀਆਂ ਸਿੱਖਿਆਵਾਂ ਵਿੱਚ ਇਹ ਕਿਤੇ ਵੀ ਨਹੀਂ ਕਿਹਾ ਗਿਆ ਹੈ। ਪਰਮਾਤਮਾ ਨੇ ਕਿਹਾ ਹੈ ਕਿ ਤੁਹਾਨੂੰ ਇਸ ਧਰਮ ਨੂੰ ਸਿਰਫ਼ ਤਾਂ ਹੀ ਸਵੀਕਾਰ ਕਰਨਾ ਚਾਹੀਦਾ ਹੈ ਜੇਕਰ ਇਹ ਤੁਹਾਡੀ ਸੋਚ ਸ਼ਕਤੀ ਨੂੰ ਸਹੀ ਲੱਗਦਾ ਹੈ, ਨਾ ਕਿ ਸਿਰਫ਼ ਇਸ ਲਈ ਕਿਉਂਕਿ ਮੈਂ ਅਜਿਹਾ ਕਹਿੰਦਾ ਹਾਂ। ਬੁੱਧ ਦੁਆਰਾ ਖੋਜਿਆ ਗਿਆ ਰਸਤਾ ਸਵੈ-ਯਤਨ, ਸਵੈ-ਦੁੱਖ ਅਤੇ ਸਵੈ-ਅਧਿਐਨ ਦੁਆਰਾ ਤਿਆਰ ਕੀਤਾ ਗਿਆ ਹੈ। ਭਗਵਾਨ ਦਾ ਧਰਮ ਕਿਸੇ ਹੋਰ ਦੀ ਪੂੰਜੀ 'ਤੇ ਅਧਾਰਤ ਨਹੀਂ ਹੈ।

ਮਾਰਕਸਵਾਦੀਆਂ ਨੂੰ ਕੀ ਕਹਿਣਾ ਹੈ? ਉਨ੍ਹਾਂ ਨੂੰ ਭਗਵਾਨ ਬੁੱਧ ਦੇ ਦਰਸ਼ਨ ਨੂੰ ਪੜ੍ਹਨਾ ਚਾਹੀਦਾ ਹੈ। ਭਗਵਾਨ ਬੁੱਧ ਨੇ ਦੁਖੀ ਅਤੇ ਦੁਖੀ ਲੋਕਾਂ ਨੂੰ ਦੁੱਖ ਤੋਂ ਮੁਕਤ ਕਰਨ ਦਾ ਸਹੀ ਰਸਤਾ ਲੱਭਿਆ। ਉਨ੍ਹਾਂ ਨੇ ਆਪਣੇ ਸਵੈ-ਪ੍ਰਕਾਸ਼ ਨਾਲ ਹਜ਼ਾਰਾਂ ਦੁਖੀ ਲੋਕਾਂ ਨੂੰ ਦੁੱਖ ਤੋਂ ਮੁਕਤ ਕੀਤਾ। ਭਗਵਾਨ ਅਲਾਰਾ ਕਲਾਮ ਦੇ ਗਿਆਨ ਤੋਂ ਸੰਤੁਸ਼ਟ ਨਹੀਂ ਸੀ। ਕਿਉਂਕਿ ਉਨ੍ਹਾਂ ਦੀ ਸਿੱਖਿਆ ਅਧੂਰੀ ਸੀ। ਸਾਂਖਯ ਦਾਰਸ਼ਨਿਕ ਕਪਿਲ ਮਹਾਰਿਸ਼ੀ ਨੇ ਦਰਸ਼ਨ ਦੀ ਮਦਦ ਨਾਲ ਦੱਸਿਆ ਕਿ ਧਰਤੀ ਸਥਿਰ ਹੈ। ਇਹ ਹਿੱਲਦੀ ਨਹੀਂ ਹੈ। ਫਿਰ ਇਹ ਕਿਵੇਂ ਵਿਕਸਤ ਹੁੰਦੀ ਹੈ? ਇਹ ਵੱਖ-ਵੱਖ ਰੂਪ ਕਿਵੇਂ ਲੈਂਦੀ ਹੈ? ਕਪਿਲ ਨੇ ਦੱਸਿਆ ਕਿ ਜਦੋਂ ਰਾਜ, ਤਮ ਅਤੇ ਸਤਵ ਦੇ ਗੁਣ ਧਰਤੀ ਦੇ ਪੇਟ ਵਿੱਚ ਸੰਤੁਲਿਤ ਹੁੰਦੇ ਹਨ, ਤਾਂ ਇਹ ਸਥਿਰ ਦਿਖਾਈ ਦਿੰਦੀ ਹੈ। ਪਰ ਜਦੋਂ ਇਨ੍ਹਾਂ ਤਿੰਨਾਂ ਗੁਣਾਂ ਦਾ ਸੰਤੁਲਨ ਵਿਗੜ ਜਾਂਦਾ ਹੈ ਤਾਂ ਧਰਤੀ ਅਸਥਿਰ ਹੋ ਜਾਂਦੀ ਹੈ। ਫਿਰ ਇਹ ਵੱਖ-ਵੱਖ ਰੂਪ ਲੈ ਲੈਂਦੀ ਹੈ।

ਕਪਿਲ ਨੇ ਬਸ ਇੰਨਾ ਹੀ ਦੱਸਿਆ। ਪਰ ਭਗਵਾਨ ਬੁੱਧ ਦੇ ਧਿਆਨ ਵਿੱਚ ਇਹ ਆਇਆ ਕਿ ਇਸ ਨਾਲ ਸੰਸਾਰਕ ਦੁੱਖਾਂ ਦਾ ਅੰਤ ਨਹੀਂ ਹੋਵੇਗਾ ਅਤੇ ਇਸੇ ਲਈ ਉਨ੍ਹਾਂ ਨੇ ਚਾਰ ਮਹਾਨ ਸੱਚਾਈਆਂ ਵਿੱਚ ਸ਼ਰਨ ਲਈ।

ਮੇਰੀ ਹਾਲਤ ਬਾਈਬਲ ਦੇ ਮੂਸਾ ਵਰਗੀ ਹੋਣ ਦੀ ਸੰਭਾਵਨਾ ਹੈ। ਮੂਸਾ ਨੂੰ ਫਲਸਤੀਨ ਦੇ ਗੁਲਾਮਾਂ ਨੂੰ ਖੁਸ਼ ਕਰਨ ਲਈ ਬਹੁਤ ਮਿਹਨਤ ਕਰਨੀ ਪਈ। ਮੂਸਾ ਮਿਸਰ ਤੋਂ ਗੁਲਾਮ ਖਰੀਦ ਕੇ ਫਲਸਤੀਨ ਵਿੱਚ ਉਨ੍ਹਾਂ ਨੂੰ ਆਜ਼ਾਦ ਕਰਵਾ ਕੇ ਖੁਸ਼ ਕਰਦਾ ਸੀ। ਇਸ ਕੋਸ਼ਿਸ਼ ਵਿੱਚ ਉਸਨੂੰ ਬਹੁਤ ਦੁੱਖ ਝੱਲਣੇ ਪਏ। ਮੂਸਾ ਨੇ ਮਿਸਰ ਤੋਂ ਬਾਹਰ ਜਾਂਦੇ ਸਮੇਂ ਬਹੁਤ ਦੁੱਖ ਝੱਲੇ। ਇਹ ਸੰਭਵ ਹੈ ਕਿ ਮੈਨੂੰ ਵੀ ਬਹੁਤ ਤਸੀਹੇ ਝੱਲਣੇ ਪੈਣਗੇ। ਇਸ ਦੇ ਬਾਵਜੂਦ, ਇਹ ਯਕੀਨੀ ਹੈ ਕਿ ਮੈਂ ਆਪਣੇ ਅਛੂਤ ਸਮਾਜ ਲਈ ਬੁੱਧ ਧਰਮ ਸਵੀਕਾਰ ਕਰਾਂਗਾ।

ਇਸ ਅਕਤੂਬਰ ਵਿੱਚ, ਮੈਂ ਮੁੰਬਈ ਵਿੱਚ ਆਪਣਾ ਧਰਮ ਪਰਿਵਰਤਨ ਕਰਨ ਜਾ ਰਿਹਾ ਹਾਂ। ਇਸ ਤੋਂ ਪਹਿਲਾਂ ਮੈਂ ਇਸ ਧਰਮ

"ਇਕੁਐਲਿਟੀ ਐਂਡ ਜਸਟਿਸ" Rs- 100/month
"Equality and Justice" स्वतंत्रता, समानता, भाईचारा

ਬਾਰੇ ਇੱਕ ਕਿਤਾਬ ਪ੍ਰਕਾਸ਼ਿਤ ਕਰਨ ਜਾ ਰਿਹਾ ਹਾਂ। ਇਸ ਕਿਤਾਬ ਵਿੱਚ, ਮੈਂ ਭਗਵਾਨ ਦੇ ਬੁੱਧ ਧਰਮ ਵਿੱਚ ਕਮੀਆਂ ਬਾਰੇ ਵਿਸਥਾਰ ਵਿੱਚ ਚਰਚਾ ਕਰਨ ਜਾ ਰਿਹਾ ਹਾਂ। ਬੁੱਧ ਧਰਮ ਵਿੱਚ, ਉਪਾਸਕ ਨੂੰ ਦੀਖਿਆ ਨਹੀਂ ਦਿੱਤੀ ਜਾਂਦੀ ਸੀ। ਇਸਦਾ ਸੰਘ ਦੀਖਿਆ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਉਪਾਸਕ ਦਾ ਮਨ ਪੂਰੀ ਤਰ੍ਹਾਂ ਤਿਆਰ ਨਹੀਂ ਹੁੰਦਾ। ਪਰ ਮੇਰੇ ਧਰਮ ਵਿੱਚ, ਉਪਾਸਕਾਂ ਨੂੰ ਧੰਮ ਦੀਕਸ਼ਾ ਵੀ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ, ਮੈਂ ਧੰਮ ਦੀਕਸ਼ਾ 'ਤੇ ਇੱਕ ਕਿਤਾਬ ਲਿਖਣ ਜਾ ਰਿਹਾ ਹਾਂ। ਹਰ ਵਿਅਕਤੀ ਨੂੰ ਇਹ ਕਿਤਾਬ ਖਰੀਦਣੀ ਪਵੇਗੀ ਅਤੇ ਉਸ ਕਿਤਾਬ ਦੇ ਕੁਝ ਸਵਾਲਾਂ ਦੇ ਜਵਾਬ ਵੀ ਦੇਣੇ ਪੈਣਗੇ। ਤਦ ਹੀ ਉਸਨੂੰ ਬੁੱਧ ਧਰਮ ਵਿੱਚ ਪ੍ਰਵੇਸ਼ ਮਿਲੇਗਾ। ਬੁੱਧ ਧਰਮ ਵਿੱਚ ਪ੍ਰਵੇਸ਼ ਪ੍ਰਾਪਤ ਕਰਨ ਲਈ, ਹਰ ਕਿਸੇ ਨੂੰ ਚਿੱਟੇ ਕੱਪੜੇ ਪਹਿਨਣੇ ਪੈਣਗੇ।

ਧਰਮ ਕਿਉਂ ਨਸ਼ਟ ਹੁੰਦਾ ਹੈ, ਇਹ ਮਿਲਿੰਦ ਪੰਹ ਦੀ ਇਸ ਕਿਤਾਬ ਵਿੱਚ ਦੱਸਿਆ ਗਿਆ ਹੈ। ਧਰਮ ਤਿੰਨ ਮੁੱਖ ਕਾਰਨਾਂ ਕਰਕੇ ਨਸ਼ਟ ਹੁੰਦਾ ਹੈ। ਪਹਿਲਾ ਕਾਰਨ ਹੈ - ਜੇਕਰ ਧਾਰਮਿਕ ਤੱਤ ਨਿਰਵਿਘਨ ਨਹੀਂ ਹਨ ਜਾਂ ਜੇਕਰ ਧਰਮ ਪੂਰੀ ਸੋਚ ਤੋਂ ਬਿਨਾਂ ਬਣਾਇਆ ਜਾਂਦਾ ਹੈ, ਤਾਂ ਧਰਮ ਨਸ਼ਟ ਹੁੰਦਾ ਹੈ। ਦੂਜਾ ਕਾਰਨ ਧਰਮ ਵਿੱਚ ਮੌਜੂਦ ਮਜ਼ਬੂਤ ਧਾਰਮਿਕਤਾ ਹੈ। ਜਿਸ ਪਾਸੇ ਜਾਣਕਾਰ ਲੋਕਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ, ਉਹ ਧਰਮ ਹਮੇਸ਼ਾ ਜਿੱਤਦਾ ਹੈ। ਤੀਜਾ ਕਾਰਨ ਇਹ ਹੈ ਕਿ ਸਿਧਾਂਤ ਆਮ ਲੋਕਾਂ ਨੂੰ ਸਮਝਣ ਯੋਗ ਹੋਣੇ ਚਾਹੀਦੇ ਹਨ।

ਪੂਰਾ ਅਫਗਾਨਿਸਤਾਨ ਕਦੇ ਬੋਧੀ ਭਿਕਸ਼ੂਆਂ ਦਾ ਦੇਸ਼ ਸੀ। ਭਗਵਾਨ ਬੁੱਧ ਦੀ ਦੁਨੀਆ ਦੀ ਸਭ ਤੋਂ ਸ਼ਾਨਦਾਰ ਅਤੇ ਸਭ ਤੋਂ ਉੱਚੀ ਮੂਰਤੀ ਅਫਗਾਨਿਸਤਾਨ ਵਿੱਚ ਹੈ। ਪਰ ਕੱਟੜ ਮੁਸਲਮਾਨਾਂ ਨੇ 7 ਹਜ਼ਾਰ ਬੋਧੀ ਭਿਕਸ਼ੂਆਂ ਦੇ ਸਿਰ ਕਲਮ ਕਰ ਦਿੱਤੇ ਅਤੇ ਉਨ੍ਹਾਂ ਨੂੰ ਸੜਕ 'ਤੇ ਢੇਰ ਲਾ ਦਿੱਤਾ। ਇਸੇ ਕਰਕੇ ਬੋਧੀ ਭਿਕਸ਼ੂ ਡਰ ਕੇ ਉੱਥੋਂ ਭੱਜ ਗਏ।

ਹੁਣ ਜੇਕਰ ਬੁੱਧ ਧਰਮ ਦੀ ਲਹਿਰ ਆਵੇਗੀ, ਤਾਂ ਇਹ ਕਦੇ ਵਾਪਸ ਨਹੀਂ ਜਾਵੇਗੀ। ਧਰਮ ਦੀ ਸਥਾਪਨਾ ਲਈ ਮੰਦਰਾਂ ਦੀ ਬਹੁਤ ਲੋੜ ਹੈ। ਪਰ ਮੈਂ ਬਹੁਤ ਹੀ ਮਿਹਨਤ ਨਾਲ ਸ਼ਾਨਦਾਰ ਇੱਕ ਮੰਦਰ ਬਣਾਉਣਾ ਚਾਹੁੰਦਾ ਹਾਂ ਜੋ ਤੁਸੀਂ ਕਦੇ ਨਹੀਂ ਦੇਖਿਆ ਹੋਵੇਗਾ। ਪਰ ਮੈਂ ਕਿਸੇ ਅਮੀਰ ਵਿਅਕਤੀ ਦੇ ਸਾਹਮਣੇ ਇਸ ਲਈ ਭੀਖ ਨਹੀਂ ਮੰਗਾਂਗਾ। ਜੇਕਰ ਤੁਸੀਂ ਪੈਸੇ ਇਕੱਠੇ ਕਰਕੇ ਮੈਨੂੰ ਦੇ ਦਿਓਗੇ, ਤਾਂ ਮੈਂ ਇੱਕ ਮੰਦਰ ਬਣਾਵਾਂਗਾ ਅਤੇ ਮੈਂ ਇੱਕ ਚੰਗਾ ਮੰਦਰ ਬਣਾਵਾਂਗਾ। ਮੈਂ ਇਸਨੂੰ ਆਪਣੀਆਂ ਅਣਥੱਕ ਕੋਸ਼ਿਸ਼ਾਂ ਨਾਲ ਬਣਾਵਾਂਗਾ, ਦੂਜਿਆਂ ਦੀ ਮਦਦ ਨਾਲ ਨਹੀਂ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

# ਕੋਸ਼ਿਸ਼ ਕਰਨੇ ਵਾਲੋਂ ਕੀ ਕਭੀ ਹਾਰ ਨਹੀਂ ਹੋਤੀ*

ਚਰਨਜੀਤ ਸਿੰਘ ਮੁਕਤਸਰ,**ਸੈਂਟਰ ਹੈੱਡ ਟੀਚਰ, ਸਰਕਾਰੀ ਪ੍ਰਾਇਮਰੀ ਸਕੂਲ, ਝਬੇਲਵਾਲੀ ( ਜਿਲ੍ਹਾ ਸ੍ਰੀ ਮੁਕਤਸਰ ਸਾਹਿਬ)**ਮੋਬਾਈਲ ਨੰਬਰ: 9501300716*



ਆਂਖੋਂ ਮੇਂ ਰਹਾਂ ਦਿਲ ਮੇਂ ਉਤਰ ਕਰ ਨਹੀਂ ਦੇਖਾ,
ਕਸ਼ਤੀ ਕੇ ਮੁਸਾਫਿਰ ਨੇ ਸਮੁੰਦਰ ਨਹੀਂ ਦੇਖਾ..
ਜਿਸ ਦਿਨ ਸੇ ਚਲਾ ਹੂੰ ਮੇਰੀ ਮੰਜ਼ਿਲ ਪੇ ਨਜ਼ਰ ਹੈ,
ਆਂਖੋ ਨੇ ਕਭੀ ਮੀਲ ਕਾ ਪੱਥਰ ਨਹੀਂ ਦੇਖਾ..
ਯੇ ਫੂਲ ਮੁਝੇ ਕੋਈ ਵਿਰਾਸਤ ਮੇਂ ਮਿਲੇ ਹੈ,
ਤੁਮਨੇ ਮੇਰਾ ਕਾਂਟੋ ਵਾਲਾ ਬਿਸਤਰ ਨਹੀਂ ਦੇਖਾ..

ਇਕ ਵਾਰ ਇਕ ਬੀਜ਼ ਨੂੰ ਕਿਸੇ ਨੇ ਪੁੱਛਿਆ , ''ਤੂੰ ਕੀ ਚੀਜ਼ ਹੈਂ?'' ਤਾਂ ਉਸਨੇ ਕਿਹਾ, "ਮੈਂ ਬਹੁਤ ਵੱਡਾ ਰੁੱਖ ਹਾਂ''।

ਕੀ ਬੀਜ਼ ਨੇ ਗ਼ਲਤ ਕਿਹਾ? ਨਹੀਂ, ਉਸਨੇ ਤਾਂ ਬਿਲਕੁਲ ਸਹੀ ਕਿਹਾ, ਭਾਵੇਂ ਉਹ ਅੱਜ ਇਕ ਦਾਣੇ ਜਿੱਡਾ ਹੈ, ਪਰ ਜੇਕਰ ਉਸਨੂੰ ਧਰਤੀ ਵਿੱਚ ਦੱਬ ਦਿੱਤਾ ਜਾਵੇ, ਤਾਂ ਉਸਨੇ ਇੱਕ ਨਾ ਇੱਕ ਦਿਨ ਤਾਂ ਵੱਡਾ ਰੁੱਖ ਤਾਂ ਬਣਨਾ ਹੀ ਬਣਨਾ ਹੈ।ਇਹੀ ਕਹਾਣੀ ਹਰ ਇਕ ਬੱਚੇ ਤੇ ਵੀ ਲਾਗੂ ਹੁੰਦੀ ਹੈ।ਹਾਲ ਵਿੱਚ ਹੀ ਯੂਨੀਅਨ ਪਬਲਿਕ ਸਿਵਲ ਸਰਵਿਸ ਕਮਿਸ਼ਨ ਨੇ ਸਿਵਲ ਸਰਵਿਸਜ਼ 2024 ਦਾ ਰਿਜ਼ਲਟ ਅਨਾਊਂਸ ਕਰ ਦਿੱਤਾ ਹੈ। ਇਸ ਨਤੀਜੇ ਵਿੱਚ ਪਰਿਆਗਰਾਜ ਦੀ ਸ਼ਕਤੀ ਦੂਬੇ ਨੇ ਪਹਿਲਾਂ ਸਥਾਨ ਪ੍ਰਾਪਤ ਕੀਤਾ ਹੈ। ਹਰਸ਼ਿਤਾ ਗੋਇਲ ਨੂੰ ਦੂਸਰਾ ਅਤੇ ਡੋਗਰੇ ਅਰਚਿਤ ਚਿਰਾਗ ਨੂੰ ਤੀਸਰਾ ਸਥਾਨ ਪ੍ਰਾਪਤ ਹੋਇਆ ਹੈ।

ਹੋਰ ਵੀ ਸੈਂਕੜੇ ਨਾਮ ਅਜਿਹੇ ਹਨ। ਜਿਹਨਾਂ ਨੇ ਕੌਨਵੈਂਟ ਸਕੂਲਾਂ,ਆਈ.ਆਈ.ਟੀ. ਵਰਗੇ ਨਾਮੀ ਸੰਸਥਾਨਾਂ ਅਤੇ ਦੇਸ਼ ਦੀਆਂ ਮੋਹਰੀ ਯੂਨੀਵਰਸਿਟੀਆਂ ਤੋਂ ਸਿੱਖਿਆ ਹਾਸਿਲ ਕਰਕੇ, ਟੌਪ ਦੀਆਂ ਕੋਚਿੰਗ ਸੰਸਥਾਵਾਂ ਤੋਂ ਕੋਚਿੰਗ ਲੈ ਕੇ ਇਹ ਇਮਤਿਹਾਨ ਦਿੱਤਾ। ਉਹਨਾਂ ਦੇ ਮਾਤਾ ਪਿਤਾ ਵੀ ਚੰਗੇ ਅਹੁਦਿਆਂ ਤੇ ਬਿਰਾਜਮਾਨ ਹਨ। ਮਤਲਬ ਬਹੁਗਿਣਤੀ ਤਾਂ ਸਾਧਨ ਸੰਪੰਨ ਘਰਾਂ ਦੇ ਬੱਚਿਆਂ ਹੀ ਇਹ ਇਮਤਿਹਾਨ ਪਾਸ ਕੀਤਾ ਹੈ।

ਪਰ ਦੇਸ਼ ਦੇ ਇਸ ਸਭ ਤੋਂ ਔਖੇ ਇਮਤਿਹਾਨ ਨੂੰ ਕੁੱਝ ਅਜਿਹੇ ਵਿਦਿਆਰਥੀਆਂ ਨੇ ਵੀ ਪਾਸ ਕੀਤਾ ਹੈ, ਜੋ ਗਰੀਬੀ, ਤੰਗੀਆਂ, ਤੁਰਸ਼ੀਆਂ ਵਾਲੇ ਘਰਾਂ ਚ ਪਲੇ। ਸਾਧਾਰਨ ਸਕੂਲਾਂ ਤੋਂ ਸਿੱਖਿਆ ਹਾਸਲ ਕੀਤੀ ਅਤੇ ਇਹ ਚਮਤਕਾਰ ਕਰ ਵਿਖਾਇਆ। ਕਹਿੰਦੇ ਹਨ ਕਿ ਕੋਸ਼ਿਸ਼ ਕਰਨ ਵਾਲਿਆਂ ਦੀ ਕਦੇ ਹਾਰ ਨਹੀਂ ਹੁੰਦੀ ਤੇ ਇਸ ਵਾਰ ਵੀ ਨਹੀਂ ਹੋਈ।

ਜਦੋਂ ਤੂੰ ਯੂਪੀਐਸਸੀ ਦਾ ਰਿਜਲਟ ਆਇਆ ਹੈ ਸਾਰੇ ਟਾਪਰਾਂ ਦੀ ਗੱਲ ਕਰ ਰਹੇ ਹਨ। ਇਸ ਇਮਤਿਹਾਨ ਵਿੱਚ ਇੱਕ ਅੱਖਾਂ ਦੀ ਰੌਸ਼ਨੀ ਤੋਂ ਵਿਹੂਣਾ ਨੌਜਵਾਨ ਟੌਪ ਕਰ ਗਿਆ ਹੈ।ਪਰ ਜ਼ਿੰਦਗੀ ਦੀ ਰੇਸ ਵਿੱਚ ਉਸਦੀ ਮਾਂ ਟੋਪ ਕਰ ਗਈ ਹੈ। ਭਾਵੇਂ ਇਸ ਨੌਜਵਾਨ ਦੀਆਂ ਅੱਖਾਂ ਦੀ ਰੌਸ਼ਨੀ ਨਹੀਂ ਹੈ। ਪਰ ਇਸ ਨੌਜਵਾਨ ਦੀ ਕਹਾਣੀ ਸੁਣ ਕੇ ਸਾਡੀਆਂ ਅੱਖਾਂ ਚੁੰਧਿਆ ਜਾਣਗੀਆਂ। ਰਾਜਸਥਾਨ ਦੇ 23 ਸਾਲਾਂ ਮਨੂ ਗਰਗ ਨੇ ਦੂਸਰੀ ਕੋਸ਼ਿਸ਼ ਵਿੱਚ 91 ਵੀਂ ਰੈਂਕ ਹਾਸਲ ਕੀਤੀ ਹੈ।

ਨੌਂਵੀ ਜਮਾਤ ਵਿੱਚ ਪੜ੍ਹਦਿਆਂ ਇਸਦੀ ਅੱਖਾਂ ਦੀ ਰੌਸ਼ਨੀ ਘੱਟ ਹੁੰਦੀ ਗਈ। ਇਸਨੂੰ ਆਸ ਪਾਸ ਦੀਆਂ ਚੀਜ਼ਾਂ ਅਤੇ ਕਿਤਾਬਾਂ ਦੇ ਅੱਖਰ ਧੁੰਦਲੇ ਦਿਖਾਈ ਦੇਣ ਲੱਗੇ ਤੇ ਭਵਿੱਖ ਅੰਧਕਾਰ ਵਿੱਚ ਨਜ਼ਰ ਆਉਣ ਲੱਗਾ। ਡਾਕਟਰਾਂ ਤੋਂ ਬਥੇਰਾ ਇਲਾਜ਼ ਕਰਵਾਇਆ ਪਰ ਗੱਲ ਨਹੀਂ ਬਣੀ। ਉਸਦੇ ਪਿਤਾ ਅੱਖਾਂ ਦੀ ਰੌਸ਼ਨੀ ਚਲੇ ਜਾਣ ਕਰਕੇ ਅੱਗੇ ਪੜ੍ਹਾਈ ਨਹੀਂ ਕਰਵਾਉਣੀ ਚਾਹੁੰਦੇ ਸਨ ਪਰ ਮਾਂ ਵੰਦਨਾ ਨੇ ਮੋਰਚਾ ਸੰਭਾਲਿਆ।ਉਸਦੀ ਮਾਂ ਉਸਨੂੰ ਬੋਲ ਕੇ ਪੜ੍ਹਾਉਂਦੀ ਰਹੀ। ਉਸ ਤੋਂ ਬਾਅਦ ਦਿੱਲੀ ਯੂਨੀਵਰਸਿਟੀ ਦੇ ਹਿੰਦੂ ਕਾਲਜ਼ ਵਿੱਚ ਟੌਪਰ ਰਹੇ ਤੇ ਮਾਂ ਦੇ ਸਾਥ ਕਰਕੇ ਪੜ੍ਹਾਈ ਵਿੱਚ ਅੱਗੇ ਵੀ ਹਰ ਪਾਸੇ ਟੌਪ ਕਰਦਿਆਂ ਇਹ ਚਮਤਕਾਰ ਕਰ ਵਿਖਾਇਆ।

ਅਜਿਹੀ ਹੀ ਇਕ ਕਹਾਣੀ ਹੈ,ਬਿਹਾਰ ਦੇ ਨਾਵਦਾ ਜਿਲ੍ਹੇ ਦੇ ਰਹਿਣ ਵਾਲੇ ਨੌਜਵਾਨ ਰਵੀ ਰਾਜ ਦੀ। ਦੋਨਾਂ ਅੱਖਾਂ ਤੋਂ ਨਾ ਦਿਖਾਈ ਦੇਣ ਵਾਲੇ ਇਸ ਨੌਜਵਾਨ ਨੇ ਵੀ ਉਹ ਕਰ ਵਿਖਾਇਆ ਹੈ, ਜੋ ਅੱਖਾਂ ਵਾਲੇ ਸੁਪਨੇ ਚ ਵੀ ਨਹੀਂ ਵੇਖ ਸਕਦੇ। ਸਾਧਾਰਨ ਕਿਸਾਨ ਅਤੇ ਘਰੇਲੂ ਮਾਂ ਦੇ ਇਸ ਪੁੱਤਰ ਨੇ ਆਪਣੀ ਚੌਥੀ ਕੋਸ਼ਿਸ਼ ਵਿੱਚ 182 ਵਾਂ ਰੈਂਕ ਪ੍ਰਾਪਤ ਕੀਤਾ ਹੈ। ਇਸਨੂੰ ਵੀ ਇਸਦੀ ਮਾਂ ਨੇ ਬੋਲ ਬੋਲ ਕੇ ਪੜ੍ਹਾਇਆ, ਹਰ ਸਮੇਂ ਉਸਦਾ ਸਾਥ ਦਿੱਤਾ। ਜਿਸ ਸਦਕਾ ਰਵੀ ਰਾਜ਼ ਨੇ ਇਹ ਚਮਤਕਾਰ ਕਰ ਵਿਖਾਇਆ।

ਮਹਾਰਾਸ਼ਟਰ ਦੇ ਆਮਗੇ ਪਿੰਡ ਵਿੱਚ ਕੁਰਬਾ ਸਮੁਦਾਇ ਜੋ ਕਿ ਭੇਡਾਂ ਬੱਕਰੀਆਂ ਪਾਲਣ ਦਾ ਕੰਮ ਕਰਦੇ ਹਨ, ਦੇ ਗਰੀਬ ਨੌਜਵਾਨ ਬਿਰੱਪਾ ਸਿਦੱਪਾ ਡੋਨੀ ਨੇ 551 ਰੈਂਕ ਪ੍ਰਾਪਤ ਕੀਤਾ ਹੈ। ਉਸਨੇ ਤੀਸਰੀ ਕੋਸ਼ਿਸ਼ ਵਿੱਚ ਇਹ ਸਫਲਤਾ ਪ੍ਰਾਪਤ ਕੀਤੀ ਹੈ ਜਿਸ ਦਿਨ ਨਤੀਜੇ ਆਏ, ਉਹ ਆਪਣੇ ਨਾਨਕੇ ਕਰਨਾਟਕ ਦੇ ਇੱਕ ਪਿੰਡ, ਜੋ ਕਿ ਬੇਲਗਾਵੀ ਜਿਲ੍ਹੇ ਵਿੱਚ ਪੈਂਦਾ ਹੈ, ਗਿਆ ਹੋਇਆ ਸੀ। ਜਦੋਂ ਉਸਦੇ ਰਿਸ਼ਤੇਦਾਰਾਂ ਨੂੰ ਪਤਾ ਲੱਗਿਆ ਤਾਂ ਉਹਨਾਂ ਨੇ ਪਿੰਡ ਵਿੱਚ ਹੀ ਚਾਰਗਾਹ ਵਿੱਚ ਜਸ਼ਨ ਮਨਾਇਆ ਤੇ ਫਿਰ ਬਿਰੱਪਾ ਦਾ ਫੁੱਲਾਂ ਦੀ ਮਾਲਾ ਨਾਲ ਸਵਾਗਤ ਕੀਤਾ।

ਮਹਾਂਰਾਸ਼ਟਰ ਦੀ ਆਦੀਬਾ ਅਸ਼ਫਾਕ, ਜਿਸਦੇ ਪਿਤਾ ਆਟੋ ਰਿਕਸ਼ਾ ਚਾਲਕ ਹਨ, ਨੇ ਵੀ ਇਸ ਪ੍ਰੀਖਿਆ ਵਿੱਚ 142 ਵਾਂ ਰੈਂਕ ਹਾਸਿਲ ਕਰਕੇ ਮਹਾਂਰਾਸ਼ਟਰ ਦੀ ਪਹਿਲੀ ਮੁਸਲਿਮ ਆਈ.ਏ.ਐੱਸ. ਬਣਨ ਦਾ ਮਾਣ ਹਾਸਿਲ ਕੀਤਾ ਹੈ। ਕਿਰਾਏ ਦੇ ਮਕਾਨ ਵਿੱਚ ਰਹਿਣ ਵਾਲੇ ਇਸ ਪਰਿਵਾਰ ਤੋਂ ਜਦੋਂ ਪੱਤਰਕਾਰ ਨੇ ਪੁੱਛਿਆ ਕਿ ਤੁਹਾਡਾ ਖ਼ੁਦ ਦਾ ਘਰ ਵੀ ਨਹੀਂ ਹੈ ਤੇ ਤੁਸੀਂ ਇਹ ਚਮਤਕਾਰ ਕਿਵੇਂ ਕਰ ਵਿਖਾਇਆ ਤਾਂ ਉਸਨੇ ਕਿਹਾ ਕਿ ਘਰ ਹੋਣਾ ਤਾਂ ਸੈਕੰਡਰੀ ਹੈ। ਸਭ ਤੋਂ ਪਹਿਲਾਂ ਜਰੂਰੀ ਹੈ ਜ਼ਜ਼ਬਾ ਹੋਣਾ।

ਉੱਤਰ ਪ੍ਰਦੇਸ਼ ਦੇ ਸੰਤ ਕਬੀਰ ਨਗਰ ਦੇ ਰਹਿਣ ਵਾਲੇ ਇਕਬਾਲ ਅਹਿਮਦ ਨੇ 998 ਵੀਂ ਰੈਂਕ ਹਾਸਲ ਕਰਕੇ ਆਪਣੇ ਮਾਤਾ ਪਿਤਾ ਦਾ ਨਾਮ ਚਮਕਾਇਆ ਹੈ। ਜਿਸਦੇ ਪਿਤਾ ਪਿੰਡ ਵਿੱਚ ਸਾਈਕਲ ਪੰਚਰ ਦੀ ਦੁਕਾਨ ਚਲਾਉਂਦੇ ਹਨ। ਝਾਰਖੰਡ ਦੇ ਬੋਕਾਰੋ ਦੇ ਰਹਿਣ ਵਾਲੇ ਰਾਜ ਕੁਮਾਰ ਮੇਹਤੇ ਨੇ ਤੀਸਰੀ ਕੋਸ਼ਿਸ਼ ਵਿੱਚ 557 ਵੀਂ ਰੈਂਕ ਹਾਸਲ ਕੀਤੀ ਹੈ। ਉਹਨਾਂ ਦੇ ਪਿਤਾ ਅਖ਼ਬਾਰ ਵੰਡਣ ਦਾ ਕੰਮ ਕਰਦੇ ਹਨ। ਗੁਜਰਾਤ ਦੇ 30 ਸਾਲਾਂ ਅੰਕਿਤ ਵਾਣੀਆਂ ਨੇ 670 ਵੀਂ ਰੈਂਕ ਹਾਸਿਲ ਕੀਤੀ ਹੈ। ਜਿਸਦੇ ਪਿਤਾ ਐੱਲ.ਆਈ.ਸੀ. 'ਚ ਚਪੜਾਸੀ ਹਨ। ਇਹਨਾਂ ਨੌਜਵਾਨਾਂ ਤੋਂ ਇਲਾਵਾ ਹੋਰ ਵੀ ਅਨੇਕਾਂ ਕਹਾਣੀਆਂ ਹੋਣਗੀਆਂ, ਜਿੰਨ੍ਹਾ ਦਾ ਹਾਲੇ ਸਾਡੇ ਕੋਲ਼ ਪਹੁੰਚਣਾ ਬਾਕੀ ਹੈ। ਅਖ਼ੀਰ ਵਿੱਚ ਦੋ ਲਾਈਨਾਂ ਅਜਿਹੇ ਸਿਰੜੀ ਨੌਜਵਾਨਾਂ ਲਈ...ਕਿ

ਮੁਸ਼ਕਿਲੋਂ ਸੇ ਕਹਿ ਦੋ ਹਮਸੇ ਉਲਝਾ ਨਾ ਕਰੇਂ..
ਹਮੇਂ ਹਰ ਹਾਲਤ ਮੇਂ ਜੀਤਨੇ ਕਾ ਹੁਨਰ ਆਤਾ ਹੈ...!

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

# ਕਿਰਪਾ ਕਰਕੇ ਮੈਨੂੰ ਮਾਫ ਕਰੋ ਵੀਰ - ਮੇਰੇ ਤੋਂ ਗਲਤੀ ਹੋ ਗਈ ਹੈ



**ਜਦੋਂ ਤੁਸੀਂ ਗਲਤੀ ਕਰਦੇ ਹੋ ਤਾਂ ਮਾਫੀ ਮੰਗਣਾ ਹਰ ਸਮੱਸਿਆ ਦਾ ਤਰਕਪੂਰਨ ਹੱਲ ਹੈ ।, ਜੇਕਰ ਅਸੀਂ ਸੱਚਮੁੱਚ ਕੋਈ ਗਲਤੀ ਕੀਤੀ ਹੈ ਤਾਂ ਦਿਲੋਂ ਮੁਆਫੀ ਮੰਗਣਾ ਅਤੇ ਅਜਿਹਾ ਕਰਨਾ ਸਾਡੀ ਮਹਾਨਤਾ ਹੋਵੇਗੀ ਅਤੇ ਆਪਣੀਆਂ ਕਮੀਆਂ ਦੇ ਬਾਵਜੂਦ ਸਾਨੂੰ ਸਤਿਕਾਰ ਅਤੇ ਵਿਸ਼ਵਾਸ ਮਿਲੇਗਾ - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ**

ਗੋਂਦੀਆ - ਆਲਮੀ ਪੱਧਰ ਤੇ ਭਾਰਤੀ ਸਭਿਅਤਾ, ਸੰਸਕ੍ਰਿਤੀ, ਸੰਸਕਾਰ ਅਤੇ ਅਧਿਆਤਮਿਕਤਾ ਦੀ ਕੋਈ ਚੇਤਨਾ ਨਹੀਂ ਹੈ ਸਭ ਤੋਂ ਵੱਡਾ ਦਾਨੀ ਕਿਉਂਕਿ ਮਾਫੀ ਵਰਗਾ ਕੋਈ ਦਾਨ ਨਹੀਂ ਹੈ, ਇਹ ਭਾਰਤੀ ਸਭਿਅਤਾ ਦੀ ਵਿਚਾਰਧਾਰਕ ਸ਼ਕਤੀ ਹੈ!

ਦੋਸਤੋ, ਜੇਕਰ ਅਸੀਂ ਮਾਫੀ ਮੰਗਣ ਦੇ ਆਪਣੇ ਅੱਜ ਦੇ ਵਿਸ਼ੇ ਦੀ ਗੱਲ ਕਰੀਏ ਤਾਂ ਮਾਫੀ ਦੇ ਸੁਨਹਿਰੀ ਨਿਯਮ ਦੇ ਨਾਲ-ਨਾਲ ਇੱਕ ਪਹਿਲੂ ਇਹ ਵੀ ਹੈ ਕਿ ਜੇਕਰ ਅਸੀਂ ਗਲਤੀ ਕਰਦੇ ਹਾਂ, ਤਾਂ ਸਾਨੂੰ ਸ਼ਾਂਤੀ ਨਾਲ ਆਪਣੀ ਗਲਤੀ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਮੁਆਫੀ ਮੰਗਣੀ ਚਾਹੀਦੀ ਹੈ,ਕਿਉਂਕਿ ਇਹ ਹਮੇਸ਼ਾ ਯਾਦ ਰੱਖੋ ਮਾਫੀ ਮੰਗਣ ਨਾਲ ਰਿਸ਼ਤੇ ਹਮੇਸ਼ਾ ਮਜ਼ਬੂਤ ਹੁੰਦੇ ਹਨ ਅਤੇ ਦੋ ਵਿਅਕਤੀਆਂ ਵਿੱਚ ਕਦੇ ਦੁਸ਼ਮਣੀ ਨਹੀਂ ਹੁੰਦੀ।ਮਾਫ਼ ਕਰਨ ਜਾਂ ਮਾਫ਼ੀ ਮੰਗਣ ਦੀ ਆਦਤ ਤੋਂ ਪਤਾ ਲੱਗਦਾ ਹੈ ਕਿ ਵਿਅਕਤੀ ਮਾਮੂਲੀ ਭਾਵਨਾਵਾਂ ਨਾਲੋਂ ਰਿਸ਼ਤੇ ਨੂੰ ਜ਼ਿਆਦਾ ਮਹੱਤਵ ਦਿੰਦਾ ਹੈ।

ਦੋਸਤੋ, ਜੇਕਰ ਮਨੁੱਖ ਵਿੱਚ ਮਾਫੀ ਦੀ ਭਾਵਨਾ ਦੀ ਗੱਲ ਕਰੀਏ ਤਾਂ ਜਿਸ ਵਿਅਕਤੀ ਵਿੱਚ ਮਾਫੀ ਦੀ ਭਾਵਨਾ ਪੈਦਾ ਹੁੰਦੀ ਹੈ,ਉਸਨੂੰ ਸਮਾਜ ਵਿੱਚ ਸਤਿਕਾਰਯੋਗ ਸਮਝਿਆ ਜਾਂਦਾ ਹੈ। ਕਿਸੇ ਨੂੰ ਉਸਦੀ ਗਲਤੀ ਲਈ ਮਾਫ ਕਰਨਾ ਅਤੇ ਉਸਨੂੰ ਸਵੈ-ਦੋਸ਼ ਤੋਂ ਮੁਕਤ ਕਰਨਾ ਇੱਕ ਮਹਾਨ ਦਾਨ ਹੈ। ਸਾਡੀ ਗਲਤੀ ਲਈ ਕਿਸੇ ਤੋਂ ਮਾਫੀ ਮੰਗਣਾ ਕਿੰਨਾ ਸੌਖਾ ਹੈ ਅਤੇ ਜਦੋਂ ਉਹ ਵਿਅਕਤੀ ਸਾਨੂੰ ਮਾਫ ਕਰ ਦਿੰਦਾ ਹੈ ਤਾਂ ਸਾਨੂੰ ਹੋਰ ਵੀ ਖੁਸ਼ੀ ਮਿਲਦੀ ਹੈ।ਦੁਸ਼ਟ ਲੋਕ ਉਸ ਦਾ ਕੋਈ ਨੁਕਸਾਨ ਨਹੀਂ ਕਰ ਸਕਦੇ ਜਿਸ ਕੋਲ ਮਾਫ਼ੀ ਦਾ ਹਥਿਆਰ ਹੈ।ਜਿਵੇਂ ਤੂੜੀ ਤੋਂ ਬਿਨਾ ਅੱਗ ਧਰਤੀ ਉੱਤੇ ਡਿੱਗ ਕੇ ਬੁਝ ਜਾਂਦੀ ਹੈ।

ਦੋਸਤੋ, ਜੇਕਰ ਅਸੀਂ ਮਾਫੀ ਮੰਗਣ ਦੀ ਸਥਿਤੀ ਦੀ ਗੱਲ ਕਰੀਏ ਤਾਂ ਜੇਕਰ ਅਸੀਂ ਸੱਚਮੁੱਚ ਕੋਈ ਗਲਤੀ ਕੀਤੀ ਹੈ ਤਾਂ ਸਾਨੂੰ ਗੰਭੀਰਤਾ ਨਾਲ ਮੁਆਫੀ ਮੰਗਣੀ ਚਾਹੀਦੀ ਹੈ।ਕੋਈ ਵੀ ਸਪੱਸ਼ਟੀਕਰਨ ਦਿਓ, ਉਹ ਸਾਡੀ ਗਲਤੀ ਨਾਲ ਵਿਚਲਿਤ ਹੈ ਅਤੇ ਸਾਡੇ ਕਾਰਨਾਂ ਨੂੰ ਸਮਝਣ ਦੀ ਸਥਿਤੀ ਵਿਚ ਨਹੀਂ ਹੈ।ਪਹਿਲਾਂ ਉਸਨੂੰ ਸ਼ਾਂਤ ਕਰੋ ਅਤੇ ਉਸਨੂੰ ਆਮ ਸਥਿਤੀ ਵਿੱਚ ਲਿਆਓ।ਦਿਲੋਂ ਮੁਆਫੀ ਮੰਗਣ ਨਾਲ ਸਥਿਤੀ ਆਮ ਵਾਂਗ ਹੋ ਜਾਵੇਗੀ।ਇਹ ਵੀ ਸਾਡੀ ਮਹਾਨਤਾ ਹੋਵੇਗੀ ਕਿ ਜਿਹੜਾਵਿਅਕਤੀ ਸਾਡੇ ਕਾਰਨ ਦੁਖੀ ਹੈ ਅਤੇ ਅਸੀਂ ਉਸ ਦੀ ਗਲਤੀ ਮੰਨ ਕੇ ਉਸ ਨੂੰ ਸਾਧਾਰਨ ਬਣਨ ਵਿੱਚ ਮਦਦ ਕਰ ਰਹੇ ਹਾਂ।ਫਿਰ ਹੋਏ ਨੁਕਸਾਨ ਜਾਂ ਅਸੁਵਿਧਾ ਦੀ ਭਰਪਾਈ ਲਈ ਤੁਰੰਤ ਯਤਨ ਕਰੋ। ਫਜ਼ੂਲ ਦੀਆਂ ਦਲੀਲਾਂ ਵਿੱਚ ਸਮਾਂ ਬਰਬਾਦ ਕਰਨ ਦੀ ਬਜਾਏ, ਤੁਰੰਤ ਕਾਰਵਾਈ ਕਰੋ।ਇਸ ਤਰ੍ਹਾਂ ਅਸੀਂ ਆਪਣੀਆਂ ਕਮੀਆਂ ਦੇ ਬਾਵਜੂਦ ਆਦਰ ਅਤੇ ਭਰੋਸਾ ਹਾਸਲ ਕਰਾਂਗੇ।ਨਹੀਂ ਤਾਂ ਤੁਸੀਂ ਹਮੇਸ਼ਾ ਭਾਵਨਾਵਾਂ ਦੇ ਗਲਤ ਪ੍ਰਗਟਾਵੇ ਦੁਆਰਾ ਤਣਾਅ ਵਿੱਚ ਰਹੋਗੇ, ਜੋ ਤੁਹਾਨੂੰ ਹੱਲ ਤੋਂ ਹੋਰ ਅਤੇ ਹੋਰ ਦੂਰ ਲੈ ਜਾਵੇਗਾ।

ਦੋਸਤੋ ਜੇਕਰ ਮਾਫੀ ਦੀ ਗੱਲ ਕਰੀਏ ਤਾਂ ਇੱਕ ਕਮਜ਼ੋਰ ਵਿਅਕਤੀ ਕਦੇ ਮਾਫ ਨਹੀਂ ਕਰ ਸਕਦਾ, ਮਾਫ ਕਰਨਾ ਇੱਕ ਤਾਕਤਵਰ ਵਿਅਕਤੀ ਦਾ ਗੁਣ ਹੈ।ਜਿਹੜਾ ਪਹਿਲਾਂ ਮਾਫੀ ਮੰਗਦਾ ਹੈ ਉਹ ਸਭ ਤੋਂ ਬਹਾਦਰ ਹੈ ਅਤੇ ਜੋ ਪਹਿਲਾਂ ਮਾਫੀ ਕਰਦਾ ਹੈ ਉਹ ਸਭ ਤੋਂ ਮਜ਼ਬੂਤ ਹੈ।ਸ਼ਾਸਤਰਾਂ ਵਿੱਚ ਕਿਹਾ ਗਿਆ ਹੈ ਕਿ ਮੁਆਫ਼ ਕਰਨਾ ਬਹਾਦਰ ਦਾ ਗਹਿਣਾ ਹੈ।ਬਾਣਭੱਟ ਦੇ ਹਰਸ਼ਚਰਿਤ ਵਿੱਚ ਦੱਸਿਆ ਗਿਆ ਹੈ ਕਿ ਮੁਆਫ਼ੀ ਸਾਰੀਆਂ ਤਪੱਸਿਆਵਾਂ ਦੀ ਜੜ੍ਹ ਹੈ।ਮਹਾਭਾਰਤ ਵਿੱਚ ਕਿਹਾ ਗਿਆ ਹੈ ਕਿ ਮੁਆਫ਼ ਕਰਨਾ ਅਸਮਰੱਥ ਲੋਕਾਂ ਦਾ ਗੁਣ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ -ਮਾਫ਼ ਕਰਨ ਵਾਲੇ ਨੂੰ ਰੋਗ ਨਹੀਂ ਦੁਖਾਉਂਦਾ ਅਤੇ ਨਾ ਹੀ ਯਮਰਾਜ ਉਸ ਨੂੰ ਡਰਾਉਂਦਾ ਹੈ।

ਦੋਸਤੋ, ਜੇਕਰ ਮਾਫੀ ਵਿੱਚ ਭਾਵਨਾਤਮਕ ਮਿਲਾਵਟ ਕਾਰਨ ਹੋਏ ਨੁਕਸਾਨ ਦੀ ਗੱਲ ਕਰੀਏ ਤਾਂ ਖਾਸ ਕਰਕੇ ਪਰਿਵਾਰਕ ਝਗੜਿਆਂ ਵਿੱਚ ਅਸੀਂ ਦੇਖਦੇ ਹਾਂ ਕਿ ਪਤੀ ਨੇ ਆਪਣੀ ਪਤਨੀ ਨਾਲ ਝਗੜਾ ਕੀਤਾ ਹੈ।ਉਨ੍ਹਾਂ ਵਿਚਕਾਰ ਕੋਈ ਸਮੱਸਿਆ ਹੋ ਸਕਦੀ ਹੈ, ਜਿਸ 'ਤੇ ਧਿਆਨ ਦੇਣ ਦੀ ਲੋੜ ਹੈ।ਕਿਉਂਕਿ ਪਤਨੀ ਦਾ ਮੂਡ ਖਰਾਬ ਹੈ, ਉਹ ਆਪਣਾ ਗੁੱਸਾ ਪੁੱਤਰ 'ਤੇ ਕੱਢੇਗੀ।ਜਦੋਂ ਉਸਦੀ ਮਾਂ ਨੇ ਇੱਕ ਮਾਮੂਲੀ ਗੱਲ 'ਤੇ ਉਸਦੇ ਪੁੱਤਰ 'ਤੇ ਚੀਕਿਆ, ਤਾਂ ਉਹ ਆਪਣੇ ਦੋਸਤਾਂ ਨਾਲ ਲੜਿਆ ਅਤੇ ਅਸੀਂ ਇਸ ਕਹਾਣੀ ਨੂੰ ਉਨਾ ਹੀ ਵਧਾ ਸਕਦੇ ਹਾਂ ਜਿੰਨਾ ਅਸੀਂ ਕਲਪਨਾ ਕਰ ਸਕਦੇ ਹਾਂ।ਭਾਵੇਂ ਭਾਵਨਾਵਾਂ ਨੂੰ ਸਮੱਸਿਆ ਦੇ ਸਰੋਤ ਵੱਲ ਸੇਧਿਤ ਕੀਤਾ ਜਾਂਦਾ ਹੈ, ਇਹ ਇਸਨੂੰ ਹੱਲ ਕਰਨ ਦੀ ਬਜਾਏ ਵੱਡਾ ਬਣਾਉਂਦਾ ਹੈ ਇਹ ਉਹ ਥਾਂ ਹੈ ਜਿੱਥੇ ਵੱਡੀ ਸਮੱਸਿਆ ਹੈ, ਕਿਉਂਕਿ ਕਿਸੇ ਨੂੰ ਮਾਫੀ ਮੰਗਣ ਦੀ ਬਜਾਏ, ਸਾਨੂੰ ਭਾਵਨਾਤਮਕ ਵਿਸਫੋਟ ਕਾਰਨ ਮੁਆਫੀ ਮੰਗਣੀ ਪੈ ਸਕਦੀ ਹੈ।




ਦੋਸਤੋ, ਜੇਕਰ ਅਸੀਂ ਮਾਫੀ ਮੰਗਣ ਵਿੱਚ ਪਛਤਾਵਾ ਕਰਨ ਦੀ ਗੱਲ ਕਰਦੇ ਹਾਂ ਅਤੇ ਇਹ ਕਹਿ ਦਿੰਦੇ ਹਾਂ ਕਿ ਅਜਿਹੀ ਗਲਤੀ ਦੁਬਾਰਾ ਨਹੀਂ ਹੋਵੇਗੀ,ਤਾਂ ਮੈਂ ਮੁਆਫੀ ਚਾਹੁੰਦਾ ਹਾਂ, ਇਹਨਾਂ ਤਿੰਨ ਛੋਟੇ ਸ਼ਬਦਾਂ ਤੋਂ ਬਿਨਾਂ, ਮੁਆਫੀ ਅਸਲ ਵਿੱਚ ਮੁਆਫੀ ਨਹੀਂ ਹੈ। ਇਹਨਾਂ ਦੀ ਵਰਤੋਂ ਕਰਨ ਨਾਲ ਸਾਨੂੰ ਇਹ ਦਰਸਾਉਣ ਦੀ ਇਜਾਜ਼ਤ ਮਿਲਦੀ ਹੈ ਕਿ ਸਾਨੂੰ ਉਸ ਸਮੱਸਿਆ ਦਾ ਸੱਚਮੁੱਚ ਪਛਤਾਵਾ ਹੈ ਜਿਸ ਨਾਲ ਸ਼ਿਕਾਇਤ ਕੀਤੀ ਗਈ ਸੀ।ਇਨ੍ਹਾਂ ਸ਼ਬਦਾਂ ਨਾਲ ਮਾਫ਼ੀ ਮੰਗਣ ਨਾਲ ਸਾਨੂੰ ਇਹ ਦਿਖਾਉਣ ਵਿਚ ਮਦਦ ਮਿਲਦੀ ਹੈ ਕਿ ਅਸੀਂ ਅਤੀਤ ਵਿਚ ਜੋ ਹੋਇਆ ਉਸ ਲਈ ਜ਼ਿੰਮੇਵਾਰੀ ਲੈਣ ਲਈ ਤਿਆਰ ਹਾਂ।ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਹ ਦੁਬਾਰਾ ਨਾ ਹੋਵੇ, ਹੁਣ ਜੋ ਵਾਪਰਿਆ ਹੈ ਉਸ ਨੂੰ ਸਮਝਾਉਣਾ ਹਮੇਸ਼ਾ ਇੱਕ ਚੰਗਾ ਵਿਚਾਰ ਹੁੰਦਾ ਹੈ,ਭਵਿੱਖ ਵਿੱਚ ਇਸ ਨੂੰ ਗਲਤੀ ਤੋਂ ਮੁਕਤ ਰੱਖਣ ਲਈ ਅਸੀਂ ਜੋ ਕੁਝ ਵੀ ਬਦਲਣ ਦੀ ਯੋਜਨਾ ਬਣਾ ਰਹੇ ਹਾਂ ਉਸ ਦੀ ਰੂਪਰੇਖਾ ਦੇ ਕੇ ਉਸ ਸਫਲਤਾ ਨੂੰ ਅੱਗੇ ਵਧਾਉਣਾ ਚੰਗਾ ਹੈ।

ਦੋਸਤੋ, ਜੇਕਰ ਅਸੀਂ ਮਾਫੀ ਮੰਗਣ ਦੇ ਅਮਲ ਦੀ ਗੱਲ ਕਰੀਏ ਤਾਂ ਜੇਕਰ ਅਸੀਂ ਗਲਤ ਵੀ ਹਾਂ ਤਾਂ ਅੰਸ਼ਕ ਤੌਰ 'ਤੇ ਵੀ, ਕਿਸੇ ਤੋਂ ਵੀ ਮੰਗ ਕਰਨ ਤੋਂ ਪਹਿਲਾਂ ਮੁਆਫੀ ਮੰਗ ਲੈਣਾ ਬਿਹਤਰ ਹੈ। ਮਾਫੀ ਮੰਗਣ ਨਾਲ ਉਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਮਿਲ ਸਕਦੀ ਹੈ ਜਿਹਨਾਂ ਨੂੰ ਹੱਲ ਕਰਨਾ ਸਧਾਰਨ ਸ਼ਬਦਾਂ ਲਈ ਬਹੁਤ ਔਖਾ ਹੈ।ਮਾਫੀ ਦੀ ਇੱਛਾ ਸ਼ਾਮਲ ਲੋਕਾਂ ਦੇ ਸੱਭਿਆਚਾਰ 'ਤੇ ਨਿਰਭਰ ਕਰਦੀ ਹੈ।ਸ਼ਰਮ ਦੇ ਸੱਭਿਆਚਾਰ ਵਿੱਚ, ਉੱਚ ਦਰਜੇ ਦੇ ਵਿਅਕਤੀ ਤੋਂ ਜ਼ਬਰਦਸਤੀ ਮੁਆਫ਼ੀ ਮੰਗਣ ਨੂੰ ਇੱਕ ਬਹੁਤ ਹੀ ਕੀਮਤੀ ਚੀਜ਼ ਮੰਨਿਆ ਜਾਂਦਾ ਹੈ, ਕਿਉਂਕਿ ਮਾਫੀ ਮੰਗਣ ਵਾਲੇ ਵਿਅਕਤੀ ਦਾ ਸਮਾਜਿਕ ਅਪਮਾਨ ਇੱਕ ਮਹੱਤਵਪੂਰਣ ਕਾਰਵਾਈ ਵਜੋਂ ਦੇਖਿਆ ਜਾਂਦਾ ਹੈ, ਇਹ ਇੱਕ ਮਿਆਰੀ ਨਹੀਂ ਹੈ ਇੱਕ ਮਿਆਰ ਜਿਸ ਦੀ ਤੁਸੀਂ ਖੁਦ ਪਾਲਣਾ ਕਰਦੇ ਹੋ।ਇਹ ਕਹਿਣਾ ਕਦੇ ਵੀ ਸੌਖਾ ਨਹੀਂ ਹੁੰਦਾ, ਮੈਨੂੰ ਮਾਫ ਕਰਨਾ.ਪਰ ਕਈ ਵਾਰ, ਗਲਤੀ ਲਈ ਮਾਫੀ ਮੰਗਣਾ ਤੁਹਾਡੀ ਸਾਖ ਦੀ ਰੱਖਿਆ ਕਰਨ ਦਾ ਇੱਕੋ ਇੱਕ ਤਰੀਕਾ ਹੈ।

ਦੋਸਤੋ, ਆਉ ਅਸੀਂ ਮਾਫੀ ਮੰਗਣ ਦੇ ਤਿੰਨ ਚੰਗੇ ਕਾਰਨਾਂ ਬਾਰੇ ਗੱਲ ਕਰੀਏ ਭਾਵੇਂ ਅਸੀਂ ਕੁਝ ਵੀ ਗਲਤ ਨਹੀਂ ਕੀਤਾ ਹੈ ਅਤੇ ਜ਼ਿਆਦਾਤਰ ਲੋਕ ਉਸ ਚੀਜ਼ ਲਈ ਮੁਆਫੀ ਨਹੀਂ ਮੰਗਣਾ ਚਾਹੁੰਦੇ ਜੋ ਉਸਨੇ ਨਹੀਂ ਕੀਤਾ ਹੈ।ਮਾਫੀ ਮੰਗਣ ਦਾ ਬਹੁਤ ਹੀ ਵਿਚਾਰ ਜਦੋਂ ਅਸੀਂ ਕੁਝ ਗਲਤ ਨਹੀਂ ਕੀਤਾ ਜਾਂ ਇਸ ਤੋਂ ਵੀ ਮਾੜਾ, ਜਦੋਂ ਅਸੀਂ ਅਸਲ ਵਿੱਚ ਸਹੀ ਹੁੰਦੇ ਹਾਂ ਤਾਂ ਸਾਡਾ ਖੂਨ ਉਬਾਲਦਾ ਹੈ।ਅਸੀਂ ਦੂਸਰਿਆਂ 'ਤੇ ਗੁੱਸੇ, ਰੱਖਿਆਤਮਕ, ਜਾਂ ਕੁੱਟਮਾਰ ਕਰਦੇ ਹਾਂ,ਜਿਨ੍ਹਾਂ ਵਿੱਚੋਂ ਕੋਈ ਵੀ ਸਥਿਤੀ ਨੂੰ ਸੁਧਾਰਨ ਵਿੱਚ ਮਦਦ ਨਹੀਂ ਕਰਦਾ ਹੈ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਮਾਫੀ ਮੰਗਣ ਦਾ ਦੋਸ਼ ਨਹੀਂ ਹੈ;ਇਹ ਜ਼ਿੰਮੇਵਾਰੀ ਸਵੀਕਾਰ ਕਰਨ ਲਈ ਹੈ.ਭਾਵੇਂ ਅਸੀਂ ਕੁਝ ਵੀ ਗਲਤ ਨਹੀਂ ਕੀਤਾ ਹੈ, ਮਾਫੀ ਮੰਗਣ ਦੇ ਤਿੰਨ ਚੰਗੇ ਕਾਰਨ ਹਨ (1) ਕੀ ਸਹੀ ਹੈ ਪ੍ਰਾਪਤ ਕਰਨ ਲਈ ਰਿਸ਼ਤੇ ਦੀ ਚੋਣ ਕਰਨਾ - ਜਦੋਂ ਕਿਸੇ ਰਿਸ਼ਤੇ ਵਿੱਚ ਸਮੱਸਿ ਆਵਾਂ ਪੈਦਾ ਹੁੰਦੀਆਂ ਹਨ, ਤਾਂ ਇਹ ਇੱਕ ਕੁਦਰਤੀ ਮਨੁੱਖੀ ਰੁਝਾਨ ਹੈ. ਜੇ ਦੂਜਾ ਵਿਅਕਤੀ ਗਲਤ ਹੈ, ਤਾਂ ਅਸੀਂ ਸਹੀ ਹੋਣ ਦੀ ਤਸੱਲੀ ਲੈ ਸਕਦੇ ਹਾਂ।ਸਵੈ-ਧਰਮ ਦੇ ਪੂਲ ਦੇ ਡੂੰਘੇ ਸਿਰੇ ਵਿੱਚ ਡੁਬਕੀ ਲਗਾਉਣਾ ਆਸਾਨ ਹੈ.ਸਹੀ ਹੋਣ ਦੀ ਹਉਮੈ-ਪੋਸ਼ਣ ਦੀ ਲੋੜ ਨਾਲੋਂ ਰਿਸ਼ਤੇ ਦੀ ਸਿਹਤ ਨੂੰ ਤਰਜੀਹ ਦੇਣ ਲਈ ਭਾਵਨਾਤਮਕ ਪਰਿਪੱਕਤਾ ਦੀ ਲੋੜ ਹੁੰਦੀ ਹੈ। ਮੌਜੂਦਾ ਸਥਿਤੀ ਦੇ ਦਰਦ ਅਤੇ ਮੁਸ਼ਕਲ ਲਈ ਮੁਆਫੀ ਮੰਗਣਾ, ਭਾਵੇਂ ਤੁਸੀਂ ਇਸਦਾ ਕਾਰਨ ਨਹੀਂ ਸੀ, ਇਹ ਦਰਸਾਉਂਦਾ ਹੈ ਕਿ ਤੁਸੀਂ ਸਹੀ ਹੋਣ ਨਾਲੋਂ ਦੂਜੇ ਵਿਅਕਤੀ ਦੀ ਕਦਰ ਕਰਦੇ ਹੋ (2) ਜੰਗ ਜਿੱਤਣ ਲਈ ਜੰਗ ਹਾਰੋ।- ਜਦੋਂ ਰਿਸ਼ਤਿਆਂ ਦੀ ਗੱਲ ਆਉਂਦੀ ਹੈ ਤਾਂ ਤੁਹਾਨੂੰ ਲੰਬੇ ਸਮੇਂ ਦਾ ਨਜ਼ਰੀਆ ਲੈਣਾ ਚਾਹੀਦਾ ਹੈ।ਘਰ ਅਤੇ ਕੰਮ 'ਤੇ ਸਾਡੇ ਰਿਸ਼ਤਿਆਂ ਵਿੱਚ ਬਹੁਤ ਸਾਰੀਆਂ ਲੜਾਈਆਂ ਹੋਣਗੀਆਂ (ਜਿਵੇਂ ਕਿ ਵਿਚਾਰਾਂ ਦੇ ਮਤਭੇਦ, ਝਗੜੇ, ਆਦਿ),ਅਤੇ ਜੇਕਰ ਅਸੀਂ ਹਰ ਮਾਮਲੇ ਵਿੱਚ ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਦੰਦਾਂ ਅਤੇ ਨਹੁੰਆਂ ਨਾਲ ਲੜਦੇ ਹਾਂ, ਤਾਂ ਅਸੀਂ ਸੜ ਕੇ ਮਰ ਜਾਵਾਂਗੇ।ਕਈ ਵਾਰੀ ਇਹ ਬਿਹਤਰ ਹੁੰਦਾ ਹੈ ਕਿ ਤੁਸੀਂ ਸਹੀ ਹੋਣ ਦੇ ਬਾਵਜੂਦ ਵੀ ਮਾਫੀ ਮੰਗੋ, ਤਾਂ ਕਿ ਵੱਡੀ ਲੜਾਈ ਜਿੱਤੀ ਜਾ ਸਕੇ (ਜਿਵੇਂ ਕਿ ਸ਼ਾਂਤੀ ਬਣਾਈ ਰੱਖਣਾ, ਪ੍ਰੋਜੈਕਟ ਨੂੰ ਪੂਰਾ ਕਰਨਾ, ਆਦਿ) ਟੀਮ ਲਈ ਇੱਕ ਕਦਮ ਅੱਗੇ ਵਧਾਓ - ਇੱਕ ਨੇਤਾ ਦੇ ਰੂਪ ਵਿੱਚ ਕਈ ਵਾਰ, ਸਾਨੂੰ ਟੀਮ ਲਈ ਇੱਕ ਕਦਮ ਅੱਗੇ ਵਧਾਉਣਾ ਪੈਂਦਾ ਹੈ।ਅਸੀਂ ਨਿੱਜੀ ਤੌਰ 'ਤੇ ਕਸੂਰਵਾਰ ਨਹੀਂ ਹੋ ਸਕਦੇ, ਪਰ ਜੇਕਰ ਸਾਡੀ ਟੀਮ ਨੇ ਕੋਈ ਗਲਤੀ ਕੀਤੀ ਹੈ, ਤਾਂ ਸਾਨੂੰ ਉਨ੍ਹਾਂ ਦੀ ਤਰਫੋਂ ਦੋਸ਼ ਲੈਣਾ ਚਾਹੀਦਾ ਹੈ।ਕਮਜ਼ੋਰ ਆਗੂ ਅਕਸਰ ਆਪਣੀਆਂ ਟੀਮਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਜਦੋਂ ਉਹ ਗਲਤੀਆਂ ਕਰਦੇ ਹਨ।ਨੇਤਾ ਆਪਣੇ ਆਪ ਨੂੰ ਕਿਸੇ ਵੀ ਜ਼ਿੰਮੇਵਾਰੀ ਤੋਂ ਮੁਕਤ ਕਰ ਦੇਵੇਗਾ ਅਤੇ ਟੀਮ 'ਤੇ ਲਾਪਰਵਾਹੀ ਨਾਲ ਕੰਮ ਕਰਨ ਦਾ ਦੋਸ਼ ਲਵੇਗਾ।ਹਾਲਾਂਕਿ, ਸਭ ਤੋਂ ਵਧੀਆ ਨੇਤਾ ਉਹਨਾਂ ਦੀ ਟੀਮ ਦੁਆਰਾ ਕੀਤੀਆਂ ਗਈਆਂ ਗਲਤੀਆਂ ਲਈ ਮਾਫੀ ਮੰਗਦੇ ਹਨ ਅਤੇ ਉਹਨਾਂ ਦੇ ਰਾਹ ਵਿੱਚ ਜੋ ਵੀ ਦੋਸ਼ ਆਉਂਦਾ ਹੈ ਉਸਨੂੰ ਸਵੀਕਾਰ ਕਰਦੇ ਹਨ, ਇੱਕ ਵੱਡੀ ਜਿੱਤ ਲਈ ਇੱਕ ਛੋਟੀ ਲੜਾਈ ਹਾਰਨ ਲਈ ਤਿਆਰ ਹੁੰਦੇ ਹਨ, ਜਾਂ ਉਹਨਾਂ ਦੀ ਟੀਮ ਲਈ ਇੱਕ ਲੜਾਈ ਲੜਨ ਲਈ ਮਾਫੀ ਮੰਗਣਾ ਠੀਕ ਹੈ - ਭਾਵੇਂ ਤੁਸੀਂ ਕੁਝ ਗਲਤ ਨਹੀਂ ਕੀਤਾ ਹੈ।

ਮਾਫ਼ੀ ਇੱਕ ਮਹਾਨ ਤੋਹਫ਼ਾ ਹੈ
ਮਾਫ਼ੀ ਦੇ ਬਰਾਬਰ ਕੋਈ ਤੋਹਫ਼ਾ ਨਹੀਂ ਹੈ
ਗਲਤੀਆਂ ਕਰਨਾ ਇੱਕ ਮਨੁੱਖੀ ਵਿਕਾਰ ਹੈ
ਮਾਫ਼ੀ ਇੱਕ ਬ੍ਰਹਮ ਗੁਣ ਹੈ
ਅਫਸੋਸ ਖੁਸ਼ਕਿਸਮਤ
ਅਹੰਕਾਰ ਬਦਕਿਸਮਤ ਹਨ।

ਇਸ ਲਈ, ਜੇ ਅਸੀਂ ਉਪਰੋਕਤ ਸਾਰੇ ਵੇਰਵੇ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਮੈਨੂੰ ਮਾਫ ਕਰਨਾ ਭਾਈ, ਮੈਂ ਗਲਤੀ ਕੀਤੀ ਹੈ। ਗਲਤੀ ਹੋਣ 'ਤੇ ਮਾਫੀ ਮੰਗਣਾ ਹਰ ਸਮੱਸਿਆ ਦਾ ਤਰਕਪੂਰਨ ਹੱਲ ਹੈ।ਜੇਕਰ ਅਸੀਂ ਸੱਚਮੁੱਚ ਕੋਈ ਗਲਤੀ ਕੀਤੀ ਹੈ,ਤਾਂ ਇਹ ਸਾਡੇ ਲਈ ਨੇਕ ਹੋਵੇਗਾ ਕਿ ਅਸੀਂ ਦਿਲੋਂ ਮਾਫੀ ਮੰਗੀਏ ਅਤੇ ਆਪਣੀਆਂ ਕਮੀਆਂ ਦੇ ਬਾਵਜੂਦ,ਸਾਨੂੰ ਸਤਿਕਾਰ ਅਤੇ ਵਿਸ਼ਵਾਸ ਪ੍ਰਾਪਤ ਹੋਵੇਗਾ।

-ਕੰਪਾਈਲਰ ਲੇਖਕ - ਟੈਕਸ ਮਾਹਿਰ ਕਾਲਮਨਵੀਸ ਸਾਹਿਤਕ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ (ਏ.ਟੀ.ਸੀ) ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ ਗੋਂਡੀਆ ਮਹਾਰਾਸ਼ਟਰ 9284141425

# ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਚ ਮੋਰਿੰਡਾ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ

## ਵੱਖ ਵੱਖ ਮਜ਼ਦੂਰ, ਮੁਲਾਜ਼ਮ ਆਗੂਆਂ ਵਲੋਂ ਸ਼ਰਧਾਂਜਲੀ ਭੇਂਟ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਮੋਰਿੰਡਾ 1 ਮਈ (ਪਤਰ ਪ੍ਰੇਰਕ) ਵੱਖ ਵੱਖ ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਵੱਲੋਂ ਦੇ ਸ਼ਹੀਦਾਂ ਦੀ ਯਾਦ ਵਿੱਚ ਮੋਰਿੰਡਾ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਡਵੋਕੇਟ ਨਰਿੰਦਰ ਸਿੰਘ ਨੇ ਦੱਸਿਆ ਕਿ ਇਸ ਸਮੇਂ ਲਾਲ ਝੰਡਾ ਲਹਿਰਾਉਣ ਦੀ ਰਸਮ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੀਨੀਅਰ ਆਗੂ ਮਲਾਗਰ ਸਿੰਘ ਖਮਾਣੋਂ ਨੇ ਕੀਤੀ। ਜਦੋਂ ਕਿ ਸਮਾਗਮ ਦੀ ਪ੍ਰਧਾਨਗੀ ਉਸਾਰੀ ਮਿਸਤਰੀ ਮਜਦੂਰ ਯੂਨੀਅਨ ਸਬੰਧਤ ਇਫਟੂ ਦੇ ਪ੍ਰਧਾਨ ਦਰਸ਼ਨ ਸਿੰਘ, ਰੁਪਿੰਦਰ ਸਿੰਘ ਬਮਨਾੜਾ, ਠੇਕੇਦਾਰ ਬਲਵੀਰ ਸਿੰਘ ਲਾਲਾ ਅਤੇ ਸਮਾਜ ਸੇਵਕ ਸੁਰਜੀਤ ਕੁਮਾਰ ਨੇ ਕੀਤੀ। ਇਸ ਮੌਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਘੇ ਸਮਾਜ ਸੇਵਕ ਕਰਨੈਲ ਸਿੰਘ ਜੀਤ ਨੇ ਆਖਿਆ ਕਿ ਇਹਨਾਂ ਸ਼ਹੀਦਾਂ ਦੀ ਕੁਰਬਾਨੀ ਨੂੰ ਭੁਲਾਇਆ ਨਹੀਂ ਜਾ ਸਕਦਾ ਕਿਉਂਕਿ ਉਹਨਾਂ ਅਪਣੀਆਂ ਕੀਮਤੀ ਜਾਨਾਂ ਵਾਰ ਕੇ ਸਾਨੂੰ ਕਾਨੂੰਨੀ ਹੱਕ ਲੈ ਕੇ ਦਿੱਤੇ।ਜਿਸ ਕਾਰਨ ਅੱਜ ਅਸੀਂ ਮੌਜਾਂ ਮਾਣ ਰਹੇ ਹਾਂ। ਉਹਨਾਂ ਆਖਿਆ ਕਿ ਅੱਜ ਮੌਜੂਦਾ ਸਰਕਾਰਾਂ ਵਲੋਂ ਮਜ਼ਦੂਰਾਂ, ਮੁਲਾਜ਼ਮਾਂ ਵਿਰੋਧੀਆਂ ਨਿਤੀਆਂ ਤਹਿਤ ਹਰ ਸਰਕਾਰੀ ਅਦਾਰਿਆਂ ਵਿਚ ਠੇਕੇਦਾਰੀ ਸਿਸਟਮ ਲਾਗੂ ਕਰਕੇ ਮਜ਼ਦੂਰਾਂ, ਮੁਲਾਜ਼ਮਾਂ ਦਾ ਸ਼ੋਸਣ ਕੀਤਾ ਜਾ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਆਮ ਆਦਮੀ ਪਾਰਟੀ ਵਲੋਂ ਚੋਣਾਂ ਸਮੇ ਕੀਤੇ ਵਾਅਦਿਆਂ ਮੁਤਾਬਕ ਠੇਕੇਦਾਰੀ ਸਿਸਟਮ ਖਤਮ ਕਰਕੇ ਹਰ ਸਰਕਾਰੀ ਅਦਾਰਿਆਂ ਵਿਚ ਪੱਕੇ ਮੁਲਾਜ਼ਮ ਭਰਤੀ ਕੀਤੇ ਜਾਣ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ , ਪੰਜਾਬ ਅੰਦਰ ਸਿਖਿਆ ਦਾ ਅਧਿਕਾਰ ਐਕਟ 2009 ਤੁਰੰਤ ਲਾਗੂ ਕਰਕੇ ਕਮਜ਼ੋਰ ਵਰਗ ਨਾਲ ਸਬੰਧਤ ਬਚਿਆਂ ਨੂੰ ਗੈਰ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਦਾਖਲ ਕਰਨਾ ਯਕੀਨੀ ਬਣਾਇਆ ਜਾਵੇ। ਅੱਤ ਦੀ ਮਹਿੰਗਾਈ ਨੂੰ ਵੇਖਦਿਆਂ ਮਜ਼ਦੂਰਾਂ ਦੀ ਉਜਰਤ ਵਿਚ ਵੱਡਾ ਵਾਧਾ ਕੀਤਾ ਜਾਵੇ। ਇਸ ਮੌਕੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਆਗੂ



ਮਲਾਗਰ ਸਿੰਘ ਖਮਾਣੋਂ, ਸੀਨੀਅਰ ਆਗੂ ਹਰਮਿੰਦਰ ਸਿੰਘ ਲੱਕੀ,ਅਧਿਆਪਕ ਦਲ ਪੰਜਾਬ ਦੇ ਜਨਰਲ ਸਕੱਤਰ ਹਰਪ੍ਰੀਤ ਸਿੰਘ ਸੰਧੂ, ਸੁਖਦੇਵ ਸਿੰਘ ਕਾਲੇਵਾਲ, ਕਾਮਰੇਡ ਕਾਕਾ ਰਾਮ,ਗੁਰਦਰਸ਼ਨ ਸਿੰਘ ਢੋਲਣ ਮਾਜਰਾ, ਡਾਕਟਰ ਸੀਤਾ ਰਾਮ ਰਾਣਾ,ਕੈ, ਕਰਮਜੀਤ ਸਿੰਘ ਬਡਬਾਲੀ ਸਮੇਤ ਸਮੂਹ ਬੁਲਾਰਿਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਅਪਣੀ ਏਕਤਾ ਨੂੰ ਹੋਰ ਵਿਸ਼ਾਲ ਕਰਨ ਦਾ ਸਦਾ ਦਿਤਾ ਤਾਂ ਜ਼ੋ ਅਪਣੀਆਂ ਹੱਕੀ ਮੰਗਾਂ ਤੇ ਜ਼ੋਰ ਦਿੱਤਾ ਜਾ ਸਕੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਰਪੰਚ ਦਲਵੀਰ ਸਿੰਘ ਮੂੰਡੀਆਂ, ਗੁਰਜੀਤ ਸਿੰਘ ਜੀਤੀ ਮੰਡਾਂ, ਸਾਬਕਾ ਸਰਪੰਚ ਜਰਨੈਲ ਸਿੰਘ ਸਲੇਮਪੁਰ, ਦਵਿੰਦਰ ਸਿੰਘ ਦੇਵਗਨ, ਪ੍ਰਿ ਬਲਵੀਰ ਸਿੰਘ ਛਿੱਬਰ, ਸੁਪਰਡੈਂਟ ਭਾਗ ਸਿੰਘ ਮਕੜੌਨਾ, ਸੁਖਰਾਮ ਸਿੰਘ ਕਾਲੇਵਾਲ, ਦਿਦਾਰ ਸਿੰਘ ਢਿੱਲੋਂ, ਵਿਜੇ ਕੁਮਾਰ,ਬਲਜਿੰਦਰ ਸਿੰਘ ਕਜੌਲੀ, ਬਲਜੀਤ ਸਿੰਘ ਹਿੰਦੂਪੁਰ,ਕੈ ਮੇਹਰ ਸਿੰਘ,ਮਾਂ ਸਰਬਜੀਤ ਸਿੰਘ ਸੰਤ ਨਗਰ,ਮਾਂ ਅਮਰਜੀਤ ਸਿੰਘ, ਦਵਿੰਦਰ ਸਿੰਘ ਸੁਪਰਡੈਂਟ,ਡਾ ਜੋਰਾ ਸਿੰਘ, ਸੇਵਾ ਸਿੰਘ ਭੂਰੜੇ, ਸੁਰਿੰਦਰ ਸਿੰਘ, ਹਰਨੇਕ ਸਿੰਘ, ਗੁਰਜੀਤ ਸਿੰਘ ਏਕਮ ਹਸਪਤਾਲ, ਸੁਲਖਣ ਸਿੰਘ, ਸਪਿੰਦਰ ਸਿੰਘ ਸੋਨੀ,ਲਾਭ ਸਿੰਘ ਫੋਜੀ ਮੂੰਡੀਆ, ਬਲਵਿੰਦਰ ਸਿੰਘ ਆਦਿ ਆਗੂ ਹਾਜਰ ਸਨ।

# 2 ਮਈ ਨੂੰ ਨਸ਼ਿਆਂ ਖ਼ਿਲਾਫ਼ ਦੌੜਨਗੇ ਸ਼ਹੀਦ ਭਗਤ ਸਿੰਘ ਨਗਰ ਵਾਸੀ

## ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਨੇ ਮੈਰਾਥਨ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 9463601616
hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ) ਪੰਜਾਬ ਸਰਕਾਰ ਵੱਲੋਂ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਚਲਾਈ ਜਾ ਰਹੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਸ਼ਹੀਦ ਭਗਤ ਸਿੰਘ ਨਗਰ ਵੱਲੋਂ 2 ਮਈ, ਦਿਨ ਸ਼ੁੱਕਰਵਾਰ ਨੂੰ ਇਕ ਵਿਸ਼ਾਲ ਮੈਰਾਥਨ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਇਸ ਮੈਰਾਥਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਦਿੱਤੀ। ਉਨਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀ ਅਗਵਾਈ ਹੇਠ ਆਈ.ਟੀ. ਆਈ ਗਰਾਊਂਡ ਨਵਾਂਸ਼ਹਿਰ ਤੋਂ ਕਰਵਾਈ ਜਾ ਰਹੀ ਇਸ ਮੈਰਾਥਨ ਵਿਚ ਜ਼ਿਲ੍ਹੇ ਦੀਆਂ ਉੱਘੀਆਂ ਸ਼ਖਸੀਅਤਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ, ਵਿਦਿਆਰਥੀ, ਅਧਿਆਪਕ, ਖਿਡਾਰੀ, ਪਿੰਡਾਂ ਦੇ ਪੰਚ-ਸਰਪੰਚ, ਯੂਥ ਕਲੱਬਾਂ ਦੇ ਮੈਂਬਰ, ਵਲੰਟੀਅਰ ਅਤੇ ਜ਼ਿਲ੍ਹਾ ਵਾਸੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਕੇ ਨਸ਼ਿਆਂ ਦੇ ਖਿਲਾਫ਼ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਉਣ ਦਾ ਅਹਿਦ ਲੈਣ ਦੇ ਨਾਲ-ਨਾਲ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਗਰੂਕ ਕਰਨ ਲਈ ਵੀ ਆਪਣਾ ਫਰਜ਼ ਨਿਭਾਉਣਗੇ। ਇਸ ਦੌਰਾਨ ਉਨਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੀ ਤਾਕੀਦ ਕੀਤੀ, ਤਾਂ ਜੋ ਇਸ ਮੈਰਾਥਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਮੈਰਾਥਨ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਸਮਾਜ ਦੀ ਨਸ਼ਿਆਂ ਖ਼ਿਲਾਫ਼ ਜੰਗ ਵਿਚ ਭਾਗੀਦਾਰੀ ਵਧਾਉਣਾ ਹੈ। ਉਨ੍ਹਾਂ ਦੱਸਿਆ ਕਿ ਇਹ ਮੈਰਾਥਨ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਸਵੇਰੇ 6.30 ਵਜੇ ਸ਼ੁਰੂ ਹੋਵੇਗੀ ਅਤੇ ਰਾਜਾ ਹਸਪਤਾਲ, ਬਾਰਾਦਰੀ ਬਾਗ਼, ਸਰਕਾਰੀ ਮੁੜ ਵਸੇਬਾ ਕੇਂਦਰ ਅਤੇ ਬਾਬਾ ਸਾਹਿਬ ਡਾ. ਬੀ. ਆਰ ਅੰਬੇਡਕਰ ਚੌਕ ਤੋਂ ਹੁੰਦੀ ਹੋਈ ਵਾਪਸ ਆਈ.ਟੀ. ਆਈ ਗਰਾਊਂਡ ਵਿਖੇ ਸਮਾਪਤ ਹੋਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਸ਼ੁੱਕਰਵਾਰ ਨੂੰ ਸਵੇਰੇ 6.30 ਵਜੇ ਆਈ.ਟੀ.ਆਈ ਗਰਾਊਂਡ ਪਹੁੰਚ ਕੇ ਇਸ ਮੈਰਾਥਨ ਦਾ ਹਿੱਸਾ ਬਣਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਵਿਚ ਆਪਣਾ ਵਡਮੁੱਲਾ ਯੋਗਦਾਨ ਦੇਣ। ਉਨ੍ਹਾਂ ਦੱਸਿਆ ਕਿ ਇਹ ਮੈਰਾਥਨ ਪਹਿਲਾਂ 25 ਅਪ੍ਰੈਲ ਨੂੰ ਕਰਵਾਈ ਜਾਣੀ ਸੀ, ਪਰੰਤੂ ਨਾ ਟਾਲੇ ਜਾ ਸਕਣ ਵਾਲੇ ਕਾਰਨਾਂ ਕਰਕੇ ਇਸ ਨੂੰ ਅੱਗੇ ਪਾ ਦਿੱਤਾ ਗਿਆ ਸੀ।

# “ਜਨਸ਼ਕਤੀ ਨਾਲ ਹੁਣ ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ”: ਨਯਨ ਛਾਬੜਾ

## ਨਸ਼ਾ ਮੁਕਤੀ ਮੋਰਚੇ ਦੇ ਦੋਆਬਾ ਜ਼ੋਨ ਕੋਆਰਡੀਨੇਟਰ ਨੇ ਕੀਤੀ ਪ੍ਰੈਸ ਕਾਨਫਰੰਸ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 9463601616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸ਼ੁਰੂ ਕੀਤੀ ਗਈ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਨੂੰ ਅੰਤਿਮ ਮੁਕਾਮ ਤੱਕ ਪਹੁੰਚਾਉਣ ਲਈ ਹੁਣ ਇਸ ਨੂੰ ਜਨ ਅੰਦੋਲਨ ਦਾ ਰੂਪ ਦਿੱਤਾ ਜਾਵੇਗਾ ਅਤੇ ਜਨਸ਼ਕਤੀ ਦੇ ਨਾਲ ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ ਲੜੀ ਜਾਵੇਗੀ। ਇਹ ਵਿਚਾਰ ਨਸ਼ਾ ਮੁਕਤੀ ਮੋਰਚੇ ਦੇ ਦੋਆਬਾ ਜ਼ੋਨ ਕੋਆਰਡੀਨੇਟਰ ਨਯਨ ਛਾਬੜਾ ਨੇ ਅੱਜ ਹੁਸ਼ਿਆਰਪੁਰ ਵਿੱਚ ਜ਼ਿਲ੍ਹਾ ਕੋਆਰਡੀਨੇਟਰ ਸਤਵੰਤ ਸਿੰਘ ਸਿਆਣ ਦੇ ਨਾਲ ਆਯੋਜਿਤ ਪ੍ਰੈਸ ਕਾਨਫਰੰਸ ਵਿੱਚ ਰੱਖੇ।

# ਹਰ ਬੱਚੇ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ ਪੰਜਾਬ ਸਰਕਾਰ ਦਾ ਉਦੇਸ਼ - ਡਿਪਟੀ ਸਪੀਕਰ

## ਡਿਪਟੀ ਸਪੀਕਰ ਨੇ ਗੜ੍ਹਸ਼ੰਕਰ ਦੇ 6 ਸਕੂਲਾਂ ‘ਚ 77.71 ਲੱਖ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 9463601616
hardipchumber57@gmail.com



ਗੜ੍ਹਸ਼ੰਕਰ (ਸਤਨਾਮ ਸਿੰਘ ਸਹੁੰਗੜਾ) ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੇ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ 6 ਸਕੂਲਾਂ ਵਿੱਚ 77.71 ਲੱਖ ਰੁਪਏ ਦੀ ਲਾਗਤ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਇਨਕਲਾਬੀ ਬਦਲਾਅ ਲਿਆ ਰਹੀ ਹੈ। ਡਿਪਟੀ ਸਪੀਕਰ ਨੇ ਸਰਕਾਰੀ ਐਲੀਮੈਂਟਰੀ ਸਕੂਲ ਖਾਨਪੁਰ ਵਿਖੇ ਨਵੇਂ ਕਲਾਸਰੂਮਾਂ ਅਤੇ ਚਾਰਦੀਵਾਰੀ, ਸਰਕਾਰੀ ਐਲੀਮੈਂਟਰੀ ਸਕੂਲ ਸਾਧੋਵਾਲ ਵਿਖੇ ਨਵੇਂ ਕਲਾਸਰੂਮਾਂ ਅਤੇ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਬਡੇਸਰੋ ਵਿੱਚ ਚਾਰਦੀਵਾਰੀ ਅਤੇ ਹੋਰ ਵਿਕਾਸ ਕਾਰਜਾਂ, ਸਰਕਾਰੀ ਪ੍ਰਾਇਮਰੀ ਸਕੂਲ ਗੜ੍ਹਸ਼ੰਕਰ (ਲੜਕੇ) ਵਿੱਚ ਨਵੇਂ ਕਲਾਸਰੂਮ, ਸਰਕਾਰੀ ਪ੍ਰਾਇਮਰੀ ਸਕੂਲ ਗੜ੍ਹਸ਼ੰਕਰ (ਲੜਕੀਆਂ) ਵਿੱਚ ਨਵੇਂ ਕਲਾਸਰੂਮ, ਚਾਰਦੀਵਾਰੀ ਅਤੇ ਹੋਰ ਵਿਕਾਸ ਕਾਰਜਾਂ ਅਤੇ ਸਰਕਾਰੀ ਹਾਈ ਸਕੂਲ ਬਸਿਆਲਾ ਵਿੱਚ ਨਵੇਂ ਕਲਾਸਰੂਮ ਅਤੇ ਚਾਰਦੀਵਾਰੀ ਦਾ ਉਦਘਾਟਨ ਕੀਤਾ। ਡਿਪਟੀ ਸਪੀਕਰ ਨੇ ਕਿਹਾ ਕਿ ਇਹ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਮਾਹੌਲ ਪ੍ਰਦਾਨ ਕਰਨਗੇ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਦਾ ਮੌਕਾ ਪ੍ਰਦਾਨ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹਰੇਕ ਬੱਚੇ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਣ। ਡਿਪਟੀ ਸਪੀਕਰ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਇਹ ਕ੍ਰਾਂਤੀ ਨਾ ਸਿਰਫ਼ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕਰੇਗੀ ਸਗੋਂ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਵਿੱਚ ਵੀ ਮਦਦ ਕਰੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਨੇ ਸੂਬੇ ਦੇ ਹਜ਼ਾਰਾਂ ਸਕੂਲਾਂ ਨੂੰ ਅਪਗ੍ਰੇਡ ਕੀਤਾ ਹੈ ਅਤੇ ਉਥੇ ਹਰ ਬੁਨਿਆਦੀ ਸਹੂਲਤ ਪ੍ਰਦਾਨ ਕਰ ਰਹੀ ਹੈ। ਇਸ ਮੌਕੇ ਪਿੰਡ ਦੀ ਪੰਚਾਇਤ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

# ਵਿਧਾਨ ਸਭਾ ਹਲਕਾ ਸਨੌਰ ਦੀ ਕੀਤੀ ਪੰਜ ਜੋਨਾ ਵਿੱਚ ਵੰਡ - ਬਸਪਾ ਪ੍ਰਧਾਨ ਹਰਦੀਪ ਸਿੰਘ ਧਾਲੀਵਾਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 9463601616
hardipchumber57@gmail.com



ਪਟਿਆਲਾ - ਅੱਜ ਹਲਕਾ ਸਨੌਰ ਦੇ ਕਸਬਾ ਬਹਾਦਰਗੜ੍ਹ ਦੀ ਹਰਗੋਬਿੰਦ ਕਲੋਨੀ ਵਿਖੇ ਹਲਕਾ ਇੰਚਾਰਜ ਸਨੌਰ ਸ੍ਰ ਅੰਗਰੇਜ਼ ਸਿੰਘ ਦੇ ਗ੍ਰਹਿ ਵਿਖੇ ਹਲਕਾ ਸਨੌਰ ਪ੍ਰਧਾਨ ਸ੍ਰ ਹਰਦੀਪ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਮੀਟਿੰਗ ਹੋਈ ਜਿਸ ਵਿੱਚ ਉਚੇਚੇ ਤੌਰ ਤੇ ਜੋਨ ਪ੍ਰਧਾਨ ਪਟਿਆਲਾ ਸ੍ਰ ਜੋਗਾ ਸਿੰਘ ਪਨੋਦੀਆ ਜੀ ਪਹੁੰਚੇ ਜਿਸ ਦੌਰਾਨ ਬਹੁਜਨ ਸਮਾਜ ਪਾਰਟੀ ਵਲੋਂ ਚਲਾਈ ਪੰਜਾਬ ਸੰਭਾਲੋ ਮੁਹਿੰਮ ਨੂੰ ਸਫਲ ਬਣਾਉਣ ਲਈ ਵਿਧਾਨ ਸਭਾ ਹਲਕਾ ਨੂੰ ਪੰਜ ਜੋਨਾ ਵਿੱਚ ਵੰਡਿਆ ਗਿਆ ਜਿਸ ਵਿੱਚ ਜੋਨ ਬਹਾਦਰਗੜ੍ਹ ਦਾ ਅੰਗਰੇਜ਼ ਸਿੰਘ ਤੇ ਜਰਨੈਲ ਸਿੰਘ ਨੂੰ ਇੰਚਾਰਜ ਨਿਯੁਕਤ ਕੀਤਾ ਗਿਆ ਜੋਨ ਸਨੌਰ ਦਾ ਰਾਮ ਲਾਲ ਸਿੰਘ ਰਾਠੀਆ ਤੇ ਜਗਤਾਰ ਸਿੰਘ, ਜੋਨ ਬਲਵੇੜਾ ਦਾ ਹਰਦੀਪ ਸਿੰਘ ਧਾਲੀਵਾਲ,ਜੋਨ ਦੇਵੀਗੜ੍ਹ ਦਾ ਕਰਮਜੀਤ ਸਿੰਘ ਮਿਹੋਣ ਤੇ ਜੋਨ ਮੰਸੀਗਣ ਦਾ ਅੰਗਰੇਜ਼ ਸਿੰਘ ਤੇ ਸਿਉ ਲਾਲ ਬਹਾਦਰਗੜ੍ਹ ਨਿਯੁਕਤ ਕੀਤੇ ਗਏ ਸਾਰੇ ਇਕੱਤਰ ਹੋਏ ਸਾਥੀਆਂ ਵਲੋਂ ਸ੍ਰ ਜੋਗਾ ਸਿੰਘ ਪਨੋਦੀਆ ਜੀ ਨੂੰ ਸਿਰੋਪਾਉ ਪਾ ਕੇ ਸਨਮਾਨਿਤ ਕੀਤਾ ਗਿਆ ਮੀਟਿੰਗ ਦੌਰਾਨ ਹਾਜਰਿਨ ਮੀਤ ਪ੍ਰਧਾਨ ਪਟਿਆਲਾ ਸ੍ਰ ਰਾਮ ਲਾਲ ਸਿੰਘ ਰਠੀਆ ,ਸ੍ਰ ਗੁਰਮੀਤ ਸਿੰਘ ਕੈਸ਼ੀਅਰ , ਸੈਕਟਰ ਪ੍ਰਧਾਨ ਸਤਪਾਲ ਸਿੰਘ ਰਠੀਆ ਜਰਨੈਲ ਸਿੰਘ ਬਹਾਦਰਗੜ੍ਹ, ਰਾਜਿੰਦਰ ਸਿੰਘ ਚੱਪੜ ਹਲਕਾ ਪ੍ਰਧਾਨ ਰਾਜਪੁਰਾ, ਕਰਨੈਲ ਸਿੰਘ, ਮਹੇਸ਼ ਪਾਲ ਸਿੰਘ, ਨਿਰਮਲ ਸਿੰਘ ਅਤੇ ਰਜਿੰਦਰ ਸਿੰਘ ਰਾਜੂ ਦੌਣ ਕਲਾਂ ਪਹੁੰਚੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 9463601616
hardipchumber57@gmail.com

# ਮਜ਼ਦੂਰ ਦਿਵਸ

ਬਲਵਿੰਦਰ ਧੱਮੂ
ਸਮਾਣਾ (ਪਟਿਆਲਾ)
88377-34306

ਮਨਾਉਂਦੇ ਰਹੇ ਤੁਸੀਂ ਮਜ਼ਦੂਰ ਦਾ ਦਿਨ,
ਓਹਦਾ ਤਾਂ ਨਹੀਂ ਸਰਣਾ ਦਿਹਾੜੀ ਕਰੇ ਬਿਨ,
ਕਦੇ ਪੁੱਛੋ ਓ ਦਿਹਾੜੀ ਕਰਨ ਵਾਲੇ ਨੂੰ,
ਕਿਵੇਂ ਕਟ ਰਿਹਾ ਹੈ ਓਹ ਇੱਕ ਇੱਕ ਦਿਨ,
ਹੱਥਾਂ ਦੀਆਂ ਬਿਆਈਆਂ ਵੇਖਿਓ ਕਦੇ ਗੋਰ ਨਾਲ,
ਖੁਸ਼ ਰਹਿੰਦੇ ਨੇ ਰੱਬ ਦੇ ਭਾਣੇ ਚ,

ਹੱਡ ਤੋੜਵੀਂ ਮਿਹਨਤ ਕਰਦੇ ਨੇ ਪੂਰੇ ਜੋਰ ਨਾਲ,
ਹੋਵੇ ਗਰਮੀ ਚਾਹੇ ਸਰਦੀ ਕਦੇ ਛੁੱਟੀ ਨੀ ਕਰਦੇ,
ਹੱਕ ਦੀ ਕਮਾਈ ਕਰਕੇ ਪਰਿਵਾਰ ਨੂੰ ਖੁਸ਼ ਕਰਦੇ,
ਧੱਮੂ, ਕਹੇ ਰੱਖਿਓ ਨਾ ਹੱਕ ਕਦੇ ਕਿਸੇ ਦਾ ਵੀ
ਸੁਣਿਆ ਇਹ ਲੋਕ ਸਿੱਧੀ ਰੱਬ ਨੂੰ ਸ਼ਿਕਾਇਤ ਕਰਦੇ,

# ਬੈਂਕਾਂ ਨੇ ਬਦਲੇ ਅੱਜ ਤੋਂ ਕਈ ਨਿਯਮ, ATM ਵਰਤਣਾ ਹੋਇਆ ਮਹਿੰਗਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ
INTERNATIONAL PAPER, 9463601616
hardipchumber57@gmail.com

ਮਈ ਮਹੀਨੇ ਦੇ ਸ਼ੁਰੂ ਹੁੰਦਿਆਂ ਹੀ ਕਈ ਬੈਂਕਾਂ ਵਿੱਚ ਨਿਯਮ ਬਦਲ ਗਏ ਹਨ। ਅੱਜ 1 ਮਈ 2025 ਤੋਂ ਰਿਜ਼ਰਵ ਬੈਂਕ ਇੰਡੀਆ (RBI) ਦੇ ਹੁਕਮਾਂ ਅਨੁਸਾਰ ਬੈਂਕਾਂ ਵੱਲੋਂ ਏਟੀਐਮ ਦੀ ਸੇਧ ਫੀਸ ਲਾਗੂ ਕਰ ਦਿੱਤੀ ਗਈ ਹੈ। ਬੈਂਕਾਂ ਦੇ ਇਸ ਕਦਮ ਤੋਂ ਬਾਅਦ ਮੁਫਤ ਲਿਮਿਟ ਦੇ ਬਾਅਦ ਏਟੀਐਮ ਵਿਚੋਂ ਪੈਸੇ ਕਢਵਾਉਣਾ ਮਹਿੰਗਾ ਹੋ ਜਾਵੇਗਾ। ਆਰਬੀਆਈ ਦੇ ਨਿਯਮਾਂ ਮੁਤਾਬਕ ਕੋਈ ਵੀ ਗ੍ਰਾਹਕ ਇਕ ਮਹੀਨੇ ਵਿੱਚ ਆਪਣੇ ਬੈਂਕ ਦੇ ਏਟੀਐਮ ਤੋਂ 5 ਫਰੀ ਟ੍ਰਾਂਜੈਕਸ਼ਨ (ਫਾਈਨੈਂਸ਼ੀਅਲ ਅਤੇ ਨਾਨ ਫਾਈਨੈਂਸ਼ੀਅਲ ਸਮੇਤ) ਕਰ ਸਕਦਾ ਹੈ। ਅੱਜ ਤੋਂ ਫਰੀ ਟ੍ਰਾਂਜੈਕਸ਼ਨ ਲਿਮਿਟ ਖਤਮ ਹੋਣ ਤੋਂ ਬਾਅਦ ਹਰੇਕ ਟ੍ਰਾਂਜੈਕਸ਼ਨ ਉਤੇ ਹੁਣ 2 ਰੁਪਏ ਵਾਧੂ ਚਾਰਜ ਕਰਨਾ ਹੋਵੇਗਾ। ਨਵੇਂ ਨਿਯਮ ਲਾਗੂ ਹੋਣ ਨਾਲ ਫਰੀ ਲਿਮਿਟ ਖਤਮ ਹੋਣ ਤੋਂ ਬਾਅਦ ਹਰੇਕ ਟ੍ਰਾਂਜੈਕਸ਼ਨ ਉਤੇ ਹੁਣ 23 ਰੁਪਏ ਦਾ ਚਾਰਜ ਵਸੂਲ ਕੀਤਾ ਜਾਵੇਗਾ। ਭਾਰਤੀ ਸਟੇਟ ਬੈਂਕ (SBI), ਐਚਡੀਐਫਸੀ ਬੈਂਕ (HDFC), ਪੰਜਾਬ ਨੈਸ਼ਨਲ ਬੈਂਕ (PNB) ਅਤੇ ਇੰਡੀਇੰਸ ਬੈਂਕ ਸਮੇਤ ਕਈ ਬੈਂਕਾਂ ਨੇ ਆਪਣੇ ਗ੍ਰਾਹਕਾਂ ਲਈ ਅੱਜ ਤੋਂ ਨਵੇਂ ਨਿਯਮ



ਲਾਗੂ ਕਰ ਦਿੱਤੇ ਹਨ। ਬੈਂਕਾਂ ਨੇ ਕਿਹਾ ਕਿ ਫਰੀ ਲਿਮਿਟ ਦੇ ਬਾਅਦ ਹਰੇਕ ਟ੍ਰਾਂਜੈਕਸ਼ਨ ਉਤੇ 23 ਰੁਪਏ+ਜੀਐਸਟੀ ਦਾ ਭੁਗਤਾਨ ਕਰਨਾ ਹੋਵੇਗਾ। ਪੀਐਨਬੀ ਮੁਤਾਬਕ ਨਾਨ ਫਾਈਨੈਂਸ਼ੀਅਲ ਟ੍ਰਾਂਜੈਕਸ਼ਨ ਉਤੇ 11 ਰੁਪਏ ਦਾ ਭੁਗਤਾਨ ਕਰਨਾ ਹੋਵੇਗਾ।

# ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਨੂੰ ਅੰਜ਼ਾਮ ਤੱਕ ਪਹੁੰਚਾਵੇਗਾ ਨਸ਼ਾ ਮੁਕਤੀ ਮੋਰਚਾ - ਨਯਨ ਛਾਬੜਾ

## ਕਿਹਾ, ਘਰ-ਘਰ ਜਾ ਕੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਕੀਤਾ ਜਾਵੇਗਾ ਜਾਗਰੂਕ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com




ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ) ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਲੋਕ ਲਹਿਰ ਉਸਾਰੀ ਜਾਵੇਗੀ। ਇਹ ਪ੍ਰਗਟਾਵਾ ਨਸ਼ਾ ਮੁਕਤੀ ਮੋਰਚੇ ਦੇ ਦੋਆਬਾ ਜ਼ੋਨ ਕੋਆਰਡੀਨੇਟਰ ਨਯਨ ਛਾਬੜਾ ਨੇ ਅੱਜ ਇਥੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕੋਆਰਡੀਨੇਟਰ ਸੇਠੀ ਉਧਨਵਾਲ ਦੇ ਨਾਲ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਦੀ ਜਵਾਨੀ ਨੂੰ ਚੂਹੇਰਿਓਂ ਮਾਰ ਕਰ ਰਹੇ ਨਸ਼ਿਆਂ 'ਤੇ ਸ਼ਿਕੰਜਾ ਕੱਸਦਿਆਂ ਵੱਡਾ ਹੱਲਾ ਬੋਲਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਦੈਂਤ ਨੂੰ ਕਾਬੂ ਕਰਨ ਲਈ ਤਿੰਨ ਸਾਲ ਵਿਉਂਤਬੰਦੀ ਕੀਤੀ ਅਤੇ ਹੁਣ ਨਸ਼ਾ ਤਸਕਰਾਂ ਨੂੰ ਸਖ਼ਤ ਸੁਨੇਹਾ ਦਿੱਤਾ ਗਿਆ ਹੈ ਕਿ ਉਹ ਜਾਂ ਪੰਜਾਬ ਛੱਡ ਜਾਣ ਜਾਂ ਫੇਰ ਨਸ਼ਿਆਂ ਦਾ ਕਾਰੋਬਾਰ ਛੱਡਣ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਸ਼ਲਾਘਾਯੋਗ ਕਾਰਗੁਜ਼ਾਰੀ ਦਿਖਾਉਂਦਿਆਂ ਨਸ਼ਿਆਂ ਦੀ ਪ੍ਰਚੂਨ ਵਿਕਰੀ ਨੂੰ ਨੱਥ ਪਾਈ ਹੈ ਅਤੇ ਹੁਣ ਵੱਡੇ ਸੌਦਾਗਰਾਂ ਨੂੰ ਹੱਥ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਵੱਲੋਂ ਨਸ਼ਿਆਂ ਖ਼ਿਲਾਫ਼ ਸ਼ਲਾਘਾਯੋਗ ਕੰਮ ਕਰਦਿਆਂ ਮਾਰਚ ਤੋਂ ਹੁਣ ਤੱਕ 287 ਕੇਸ ਦਰਜ ਕਰਕੇ 242 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਕਰੋੜਾਂ ਦੀ ਪ੍ਰਾਪਰਟੀ ਅਟੈਚ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਨੂੰ ਪੰਜ ਜੋਨਾਂ ਵਿਚ ਵੰਡ ਕੇ 1 ਮਈ ਤੋਂ ਪਿੰਡ-ਪਿੰਡ, ਕਸਬੇ ਤੇ ਸ਼ਹਿਰਾਂ 'ਚ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਦੀ ਵੱਡੀ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਨੂੰ ਸਫਲ ਕਰਨ ਲਈ ਲੋਕਾਂ ਦਾ ਸਾਥ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ 4 ਅਪ੍ਰੈਲ 2025, ਦਿਨ ਐਤਵਾਰ ਨੂੰ ਨਵਾਂਸ਼ਹਿਰ ਵਿਖੇ ਵਿਲੇਜ ਡਿਫੈਂਸ ਕਮੇਟੀਆਂ ਦਾ ਇਕ ਵਿਸ਼ਾਲ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਕਰਕੇ ਜ਼ਿਲ੍ਹੇ ਵਿਚ ਇਸ ਮੁਹਿੰਮ ਦਾ ਆਗਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਵੱਲੋਂ ਗਠਿਤ ਟੀਮ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫ਼ਲ ਬਣਾ ਕੇ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਨਸ਼ਾ ਮੁਕਤੀ ਮੋਰਚੇ ਨੂੰ ਹੇਠਲੇ ਪੱਧਰ ਤੱਕ ਲਿਜਾਣ ਲਈ ਸ਼ਹੀਦ ਭਗਤ ਸਿੰਘ ਨਗਰ ਦਾ ਜ਼ਿਲ੍ਹਾ ਕੋਆਰਡੀਨੇਟਰ ਸੇਠੀ ਉਧਨਵਾਲ ਨੂੰ ਲਗਾਇਆ ਗਿਆ ਹੈ, ਜੋ ਕਿ ਮਾਰਕੀਟ ਕਮੇਟੀ ਬਲਾਚੌਰ ਦੇ ਚੇਅਰਮੈਨ ਵੀ ਹਨ। ਇਸੇ ਤਰ੍ਹਾਂ ਬਲਾਚੌਰ ਹਲਕੇ ਲਈ ਬਲਦੇਵ ਰਾਜ, ਬੰਗਾ ਹਲਕੇ ਲਈ ਪ੍ਰਭਜੋਤ ਸਿੰਘ ਅਤੇ ਨਵਾਂਸ਼ਹਿਰ ਹਲਕੇ ਲਈ ਵਨੀਤ ਸਿੰਘ ਜਾਡਲਾ ਨੂੰ ਕੋਆਰਡੀਨੇਟਰ ਲਗਾਇਆ ਗਿਆ ਹੈ।

# ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕੰਢੀ ਖੇਤਰ ਦੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕੰਢੀ ਖੇਤਰ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਦੀ ਸਮੀਖਿਆ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਪੰਚਾਇਤਾਂ ਦੀ ਸਾਂਝੀ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਚੱਲ ਰਹੇ ਵਿਕਾਸ ਕਾਰਜਾਂ ਦੀ ਰਫ਼ਤਾਰ ਵਿਚ ਹੋਰ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਡਾ ਕੰਢੀ ਇਲਾਕੇ ਦੇ ਕਈ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਬਾਰੇ ਜਾਣਕਾਰੀ ਲੈਂਦਿਆਂ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਪਾਣੀ ਦੀ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਜਿਥੇ ਲੋੜ ਹੈ ਉਥੇ ਪਾਈਪਾਂ/ਮੋਟਰਾਂ ਆਦਿ ਦੀ ਲੋੜੀਂਦੀ ਮੁਰੰਮਤ ਦੀ ਵੀ ਹਦਾਇਤ ਕੀਤੀ। ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਤੋਂ ਰਿਟੇਨਿੰਗ ਵਾਲ ਦਾ ਜਾਇਜ਼ਾ ਲੈਂਦਿਆਂ ਡਾ. ਰਵਜੋਤ ਸਿੰਘ ਨੇ ਕਿਹਾ ਕਿ ਬਰਸਾਤ ਦੇ ਮੌਸਮ ਤੋਂ ਪਹਿਲਾਂ-ਪਹਿਲਾਂ ਸੁਰੱਖਿਆ ਦੇ ਮੱਦੇਨਜ਼ਰ ਸੜਕਾਂ ਦੇ ਆਲੇ-ਦੁਆਲੇ ਇਹ ਕੰਧਾਂ ਬਣਾਏ ਜਾਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ। ਪੇਂਡੂ ਵਿਕਾਸ ਤੇ ਪੰਚਾਇਤਾਂ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਚਾਇਤੀ ਜ਼ਮੀਨਾਂ ਤੋਂ ਦਰੱਖਤਾਂ ਦੀ ਕਟਾਈ ਲਈ ਨਿਰਧਾਰਤ ਨੀਤੀ ਅਨੁਸਾਰ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਨਿਯਮਾਂ ਮੁਤਾਬਿਕ ਲੋੜੀਂਦੀ ਗਿਣਤੀ ਵਿਚ ਨਵੀਂ ਥਾਂ 'ਤੇ ਬੂਟੇ ਲਾਉਣ ਨੂੰ ਵੀ ਹਰ ਹਾਲ ਯਕੀਨੀ ਬਣਾਇਆ ਜਾਵੇ। ਢੋਲਵਾਹਾ, ਜਨੌੜੀ ਅਤੇ ਇਸ ਦੇ ਨਾਲ ਲੱਗਦੇ ਪਿੰਡਾਂ ਦੇ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੀ ਸਹੂਲਤ ਲਈ ਡਾ. ਰਵਜੋਤ ਸਿੰਘ ਨੇ ਪੰਜਾਬ ਰੋਡਵੇਜ ਅਤੇ ਟਰਾਂਸਪੋਰਟ ਵਿਭਾਗ ਦੇ ਅਮਲੇ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਖੇਤਰਾਂ ਵਿਚ ਬੱਸ ਅੱਡਿਆਂ 'ਤੇ ਬੱਸਾਂ ਨੂੰ ਰੋਕਣ ਲਈ ਸਬੰਧਤ ਕਰਮਚਾਰੀਆਂ ਨੂੰ ਪਾਬੰਦ ਕੀਤਾ ਜਾਵੇ। ਉਨ੍ਹਾਂ ਨੇ ਵਿਦਿਆਰਥੀਆਂ ਦੀ ਸਹੂਲਤ ਰੋਡਵੇਜ ਦੀਆਂ ਬੱਸਾਂ ਦੇ ਨਵੇਂ ਟਾਈਮ ਸ਼ੁਰੂ ਕਰਨ ਦੇ ਨਾਲ-ਨਾਲ ਪ੍ਰਾਈਵੇਟ ਬੱਸਾਂ ਨੂੰ ਵੀ ਰੁਕਣ ਲਈ ਵੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਪਿੰਡਾਂ ਵਿਚ ਬਣਾਏ ਜਾ ਰਹੇ ਅੰਮ੍ਰਿਤ ਸਰੋਵਰ ਪ੍ਰੋਜੈਕਟਾਂ ਦੀ ਸਮੀਖਿਆ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ ਇਸ ਕੰਮ ਵਿਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਪਿੰਡਾਂ ਦੇ ਵਸਨੀਕਾਂ ਨੂੰ ਇਸ ਸਕੀਮ ਦਾ ਲਾਭ ਮਿਲ ਸਕੇ। ਉਨ੍ਹਾਂ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਪੰਚਾਇਤੀ ਜ਼ਮੀਨਾਂ ਦੇ ਪੈਂਡਿੰਗ ਪਏ ਇੰਤਕਾਲਾਂ ਨੂੰ ਮੁਕੰਮਲ ਕਰਨ ਦੀ ਪ੍ਰਕਿਰਿਆ ਨੂੰ ਹੋਰ ਤੇਜ਼ ਕੀਤਾ ਜਾਵੇ ਅਤੇ ਤਹਿਸੀਲਾਂ ਵਿਚ ਸਰਕਾਰੀ ਫੀਸ ਵਾਲੇ ਬੋਰਡ ਪ੍ਰਮੁੱਖ ਸਥਾਨਾਂ 'ਤੇ ਲਾਏ ਜਾਣ ਤਾਂ ਜੋ ਲੋਕਾਂ ਨੂੰ ਪੂਰੀ ਜਾਣਕਾਰੀ ਹੋ ਸਕੇ।

# ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਬਦਲੀ ਜਾ ਰਹੀ ਹੈ ਨੁਹਾਰ - ਡਾ. ਸੁਖਵਿੰਦਰ ਕੁਮਾਰ ਸੁੱਖੀ

## ਬੰਗਾ ਹਲਕੇ ਦੇ ਵੱਖ-ਵੱਖ ਸਕੂਲਾਂ ਵਿਚ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੁੰਗੜਾ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ, ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਅਤੇ ਬੁਨਿਆਦੀ ਢਾਂਚਾ ਪ੍ਰਦਾਨ ਕੀਤੀ ਜਾ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਪੰਜਾਬ ਕੰਟੇਨਰ ਅਤੇ ਵੇਅਰ ਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕਾ ਬੰਗਾ ਦੇ ਪਿੰਡ ਬਹਿਰਾਮ, ਫਰਾਲਾ, ਮੁੰਨਾ ਤੇ ਜੱਸੋ ਮਜਾਰਾ ਦੇ ਸਰਕਾਰੀ ਸਕੂਲਾਂ ਵਿਚ ਬੁਨਿਆਦੀ ਵੱਖ ਵੱਖ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹਰ ਖੇਤਰ ਵਿਚ ਮੋਹਰੀ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਯਤਨਾਂ ਸਦਕਾ ਹੀ ਅੱਜ ਦੇ ਸਰਕਾਰੀ ਸਕੂਲਾਂ ਵਿਚ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਵਧੀਆ ਸਹੂਲਤਾਂ ਉਪਲਬੱਧ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦੇ ਹਲਕਾ ਬੰਗਾ ਦੇ ਇੰਚਾਰਜ ਸੋਹਣ ਲਾਲ ਢੰਡਾ, ਬਲਾਕ ਪੰਚਾਇਤ ਅਫ਼ਸਰ ਆਦੇਸ਼ ਕੁਮਾਰ, ਮਹਿੰਦਰਪਾਲ ਜ਼ੋਨ ਇੰਚਾਰਜ , ਪਵਨਜੀਤ ਸਿੱਧੂ ਬਲਾਕ ਪ੍ਰਧਾਨ, ਸੁਖਦੇਵ ਰਾਜ ਮੱਲ੍ਹਾ, ਬਲਾਕ ਨੋਡਲ ਅਫਸਰ ਵਿਜੇ ਕੁਮਾਰ ਅਤੇ ਸਕੂਲਾਂ ਦੇ ਵਿਦਿਆਰਥੀਆਂ, ਸਟਾਫ ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਤੇ ਹੋਰ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਸਿੱਖਿਆ ਦੇ ਖੇਤਰ 'ਚ ਸੁਧਾਰ ਨਾਲ ਸਮਾਜ ਦੇ ਹਰ ਵਰਗ ਨੂੰ ਹੋਵੇਗਾ ਲਾਭ - ਬ੍ਰਹਮ ਸ਼ੰਕਰ ਜਿੰਪਾ

## ਵਿਧਾਇਕ ਨੇ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਪੰਜਾਬ ਵਿਚ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਤਿੰਨ ਸਰਕਾਰੀ ਸਕੂਲਾਂ ਵਿੱਚ ਕਰੀ 41 ਲੱਖ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਸਰਕਾਰੀ ਐਲੀਮੈਂਟਰੀ ਸਕੂਲ ਪਿੱਪਲਾਂਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੱਪਲਾਂਵਾਲਾ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬੁਲਾਂਵਾੜੀ ਵਿੱਚ ਨਵੇਂ ਕਲਾਸਰੂਮਾਂ ਅਤੇ ਹੋਰ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਵਿਧਾਇਕ ਜਿੰਪਾ ਨੇ ਇਸ ਮੌਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਸਰਕਾਰ ਨੇ ਸਿੱਖਿਆ ਲਈ 18 ਹਜ਼ਾਰ ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਸਿੱਖਿਆ ਖੇਤਰ ਨੂੰ ਤਰਜੀਹ ਦੇਣ ਵਿੱਚ ਕਿੰਨੀ ਗੰਭੀਰ ਹੈ। ਉਨ੍ਹਾਂ ਕਿਹਾ ਕਿ ਇਹ ਵਿਕਾਸ ਕਾਰਜ ਨਾ ਸਿਰਫ਼ ਵਿਦਿਆਰਥੀਆਂ ਨੂੰ ਬਿਹਤਰ ਵਿਦਿਅਕ ਮਾਹੌਲ ਪ੍ਰਦਾਨ ਕਰਨਗੇ ਬਲਕਿ ਅਧਿਆਪਕਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਵਿੱਚ ਵੀ ਮਦਦ ਕਰਨਗੇ। ਵਿਧਾਇਕ ਨੇ ਇਹ ਵੀ ਕਿਹਾ ਕਿ ਸਿੱਖਿਆ ਖੇਤਰ ਵਿੱਚ ਸੁਧਾਰ ਸਮਾਜ ਦੇ ਹਰ ਵਰਗ ਨੂੰ ਲਾਭ ਪਹੁੰਚਾਏਗਾ ਅਤੇ ਇਹ ਸੂਬੇ ਦੇ ਸਮੁੱਚੇ ਵਿਕਾਸ ਵਿੱਚ ਯੋਗਦਾਨ ਪਾਵੇਗਾ। ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਖੇਤਰ ਵਿੱਚ ਸੁਧਾਰ ਲਈ ਹਰ ਸੰਭਵ ਕਦਮ ਚੁੱਕੇਗੀ ਅਤੇ ਸੂਬੇ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਬਣਾਉਣ ਲਈ ਲਗਾਤਾਰ ਯਤਨਸ਼ੀਲ ਰਹੇਗੀ। ਉਨ੍ਹਾਂ ਕਿਹਾ ਕਿ ਇਹ ਤਾਂ ਸਿਰਫ਼ ਸ਼ੁਰੂਆਤ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੱਡੇ ਕਦਮ ਚੁੱਕੇ ਜਾਣਗੇ।

# ਕੌਮਾਂਤਰੀ ਮਈ ਦਿਵਸ ਦੇ ਸ਼ਹੀਦਾ ਨੂੰ ਇਨਕਲਾਬੀ ਸ਼ਰਧਾਂਜਲੀਆਂ ਭੇਂਟ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com



ਸੰਗਰੂਰ,1 ਮਈ (ਜਗਸੀਰ ਲੌਂਗੋਵਾਲ) - ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼ ਸੀਟੂ ਨਾਲ ਸਬੰਧਤ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਕਿਰਤੀਆਂ ਵੱਲੋਂ ਵੱਖ -ਵੱਖ ਪਿੰਡਾਂ ਭੁਖੜੀ ਕਲਾਂ ਅਤੇ ਸਾਹਨੇਵਾਲ ਦੇ ਐਫ.ਸੀ.ਆਈ. ਗੋਦਾਮ ਦੇ ਗੇਟ ਤੇ ਸੂਹਾ ਪ੍ਰਚਮ ਟਰੇਡ ਯੂਨੀਅਨਜ਼ ਸੀਟੂ ਦੇ ਸੂਬਾ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਨੇ ਲਹਿਰਾਇਆ ਇਨ੍ਹਾਂ ਸਮਾਗਮਾਂ ਦੀ ਅਗਵਾਈ ਸਰਪੰਚ ਮਲਕੀਤ ਸਿੰਘ ਭੁਖੜੀ ਕਲਾਂ, ਸਾਬਕਾ ਸਰਪੰਚ ਚਰਨ ਸਿੰਘ, ਬਲਾਕ ਪ੍ਰਧਾਨ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਸੀਟੂ,ਸਾਥੀ ਜਿੰਦਰ ਸਿੰਘ ਖਾਸੀ ਕਲਾਂ ਬਲਾਕ ਸਕੱਤਰ ਸਾਥੀ ਹਰਜਿੰਦਰ ਸਿੰਘ ਜ਼ਿੰਦੀ ਸਲੇਮਪੁਰ ,ਅਵਤਾਰ ਸਿੰਘ ਮੇਟ, ਅਮਰਜੀਤ ਸਿੰਘ ਗਾਗੂ, ਸਤਿਨਾਮ ਸਿੰਘ ਚੇਪੜਾ, ਸਰਮੁੱਖ ਸਿੰਘ ਕੂੰਮਕਲਾਂ, ਬਲਵੀਰ ਸਿੰਘ ਬਲਜਿੰਦਰ ਬਾਲਕਾ ਨੇ ਕੀਤੀ। ਮਜ਼ਦੂਰਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸਾਥੀ ਅਮਰਨਾਥ ਕੂੰਮਕਲਾਂ ਨੇ ਕਿਹਾ ਕਿ ਮਜ਼ਦੂਰ ਆਗੂਆਂ ਵੱਲੋਂ ਭਾਰੀ ਕੁਰਬਾਨੀਆਂ ਕਰਕੇ, ਫਾਂਸੀਆਂ ਦੇ ਰੱਸੇ ਚੁੰਮਣ ਅਤੇ ਜਾਇਦਾਦਾਂ ਕੁਰਕ ਕਰਵਾਉਣ ਤੋਂ ਉਪਰੰਤ ਜਿਹੜੇ ਹੱਕ ਅਤੇ ਅਧਿਕਾਰ ਹਾਸਲ ਕੀਤੇ ਜਿਨ੍ਹਾਂ ਦਾ ਅਨੰਦ ਅਸੀਂ ਮਾਣ ਰਹੇ ਹਾਂ ਉਨ੍ਹਾਂ ਅਧਿਕਾਰਾਂ ਉੱਤੇ ਉਹ ਡਾਕਾ ਮਾਰਨ ਦੀ ਕਦਾਚਿੱਤ ਵੀ ਇਜਾਜ਼ਤ ਨਹੀਂ ਦੇਣਗੇ ਇਨ੍ਹਾਂ ਅਧਿਕਾਰਾਂ ਦੀ ਰਾਖੀ ਲਈ ਭਾਵੇਂ ਮਜ਼ਦੂਰ ਜਮਾਤ ਨੂੰ ਜੋ ਮਰਜ਼ੀ ਕੁਰਬਾਨੀ ਕਰਨੀ ਪਵੇ। ਉਨ੍ਹਾਂ ਕਿਹਾ ਕਿ “ਅਸੀਂ ਅੱਕਦੇ ਨਹੀਂ, ਅਸੀਂ ਥੱਕਦੇ ਨਹੀਂ, ਸਾਨੂੰ ਅਮਰ ਸ਼ਹੀਦੋ ਸੌਂਹ ਤੁਹਾਡੀ, ਅਸੀਂ ਲੜਦੇ ਰਹਿਣਾ, ਹੱਕਾਂ ਲਈ ਜਿਨ੍ਹਾਂ ਚਿਰ ਜਾਬਰ ਮੁੱਕਦੇ ਨਹੀਂ, ਸਾਨੂੰ ਅਮਰ ਸ਼ਹੀਦੋ ਸੌਂਹ ਤੁਹਾਡੀ “! ਉਨ੍ਹਾਂ 20 ਮਈ ਦੀ ਹੜਤਾਲ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਸਾਥੀ ਗੁਰਮੇਲ ਸਿੰਘ ਚੌਹਾਨ, ਮੇ:ਸਮਸੁਦੀਨ,ਮੇ:ਅਜਰੂਲ ਸ਼ੇਖ , ਜਰਨੈਲ ਸਿੰਘ ਭੁਖੜੀ ਖੁਰਦ ਵੀ ਹਾਜ਼ਰ ਸਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬੰਗਾ ਦੀ ਮੀਟਿੰਗ ਹੋਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਬੰਗਾ( ਚਰਨਜੀਤ ਸੱਲ੍ਹਾ )ਮੈਡੀਕਲ ਪ੍ਰੈਕਟੀਸਨਰ ਬਲਾਕ ਬੰਗਾ ਦੀ ਮੀਟਿੰਗ ਬੰਗਾ ਵਿਖੇ ਪ੍ਰਧਾਨ ਡਾ ਅ੍ਰਮਿਤ ਲਾਲ ਰਾਣਾ ਜੀ ਪ੍ਰਧਾਨਗੀ ਵਿੱਚ ਬੰਗਾ ਵਿਖੇ ਹੋਈ ਜਿਸ ਵਿੱਚ ਵੱਖ ਵੱਖ ਵਿਚਾਰ ਵਿਟਾਦਰਾ ਕੀਤਾ ਗਿਆ ਅੱਜ ਦੀ ਮੀਟਿੰਗ ਮਜਦੂਰ ਦਿਵਸ ਨੂੰ ਸਮਰਪਿਤ ਕੀਤੀ ਤੇ ਕਿਰਤੀ ਭਾਈਚਾਰੇ ਨੂੰ ਅੱਜ ਦੇ ਦਿਨ ਦੀਆਂ ਬਹੁਤ



ਬਹੁਤ ਮੁਬਾਰਕਾਂ ਦਿੱਤੀਆ ਤੇ ਸਰਕਾਰ ਤੇ ਮਜਦੂਰ ਭਾਈਚਾਰੇ ਦੀਆਂ ਮੁਸਕਲਾਂ ਨੂੰ ਹੱਲ ਕਰਨ ਦੀ ਅਪੀਲ ਕੀਤੀ ਤੇ ਨਾਲ ਆਪਣੀਆ ਮੰਗਾ ਨੂੰ ਵੀ ਪੂਰੀਆਂ ਕਰਨ ਦੀ ਅਪੀਲ ਕੀਤੀ ਤੇ ਨਾਲ ਹੀ ਜੰਮੂ ਕਸਮੀਰ ਦੇ ਪਹਿਲਗਾਮ ਵਿਖੇ ਅੱਤਵਾਦੀਆ ਵਲੋਂ ਨਿਰਦੋਸ਼ ਸੈਲਾਨੀਆ ਦੀ ਕੀਤੀ ਗਈ ਹੱਤਿਆ ਦੀ ਨਿਖੇਧੀ ਕੀਤੀ ਗਈ ਤੇ ਕੇਂਦਰ ਸਰਕਾਰ ਨੂੰ ਅੱਤਵਾਦੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਅਪੀਲ ਕੀਤੀ ਅੱਜ ਦੀ ਮੀਟਿੰਗ ਵਿੱਚ ਪ੍ਰਧਾਨ ਡਾ ਅ੍ਰਮਿਤ ਲਾਲ ਰਾਣਾ, ਡਾ ਸੀਤਾ ਰਾਮ ਡਾ ਚਰਨਜੀਤ ਸਿੰਘ ਡਾ ਅਨੂਪਿੰਦਰ ਸਿੰਘ ਡਾ ਧਰਮ ਪਾਲ ਬੱਗਾ ਡਾ ਗੁਰਮੇਲ ਸਿੰਘ ਡਾ ਕੁਲਵਿੰਦਰ ਸਿੰਘ ਡਾ ਮਹਿੰਗਾ ਸਿੰਘ ਡਾ ਮੱਖਣ ਲਾਲ ਡਾ ਅਸੋਕ ਕੁਮਾਰ ਗਾਬਾ ਡਾ ਸੁਧੀਰ ਕੁਮਾਰ ਡਾ ਰਣਜੀਤ ਸਿੰਘ ਡਾ ਨਰਿੰਦਰ ਸਿੰਘ ਡਾ ਗੁਰਨਾਮ ਸਿੰਘ ਡਾ ਰਤਨ ਸਿੰਘ ਡਾ ਸਿੰਦਰ ਪਾਲ ਹੀਰਾ ਡਾ ਜਸਵੀਰ ਸਿੰਘ ਡਾ ਗੀਤਾ ਡਾ ਜਸਪਾਲ ਕੋਰ ਆਦਿ ਸਾਥੀ ਹੋਏ

# ਪਿੰਡ ਸੱਲ੍ਹ ਕਲਾਂ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ 3 ਮਈ ਦੀ ਰਾਤ ਨੂੰ ਮਨਾਇਆ ਜਾਵੇਗਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾ ) ਪਿੰਡ ਸੱਲ੍ਹ ਕਲਾਂ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ 3 ਮਈ ਦੀ ਰਾਤ ਨੂੰ ਮਨਾਇਆ ਜਾਵੇਗਾ ਜਿਸ ਵਿੱਚ ਭੰਤੇ ਵਿਨੇ ਥੈਰੋ ਜੀ ਕਨੇਡਾ,ਗੁਰਦਿਆਲ ਬੋਧ ਯੂ, ਕੇ, ਪ੍ਰਵੀਨ ਬੰਗਾ, ਪਰਮਜੀਤ ਸਿੰਘ ਸੋਨੂੰ ਅਤੇ ਮੈਡਮ ਪਰਮਿੰਦਰ ਕੌਰ ਕੰਗਰੌੜ ਜੀ ਬਹੁਜਨ ਸਮਾਜ ਦੇ ਮਿਸ਼ਨ ਵਾਰੇ ਵਿਚਾਰਾਂ ਕਰਨਗੇ। ਆਜ਼ਾਦ ਰੰਗ ਮੰਚ ਕਲਾਂ ਕੇਂਦਰ ਫਗਵਾੜਾ ਵਾਲੇ ਨਾਟਕ ਅਤੇ ਕੋਰੀਓਗਰਾਫੀਆ ਰਾਹੀਂ ਸਮਾਜ ਨੂੰ ਜਾਗਰੂਕ ਕਰਨਗੇ। ਪਿੰਡ ਸੱਲ੍ਹ




ਕਲਾਂ ਅਤੇ ਸੱਲ੍ਹ ਖੁਰਦ ਦੇ ਵਿਦਿਆਰਥੀ ਬੱਚਿਆਂ ਨੂੰ ਅਤੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਸਮਾਗਮ ਨੂੰ ਵਿਸ਼ੇਸ਼ ਸਹਿਯੋਗ ਲੈਕਚਰਾਰ ਸੁਭਾਸ਼ ਸੱਤਵੀਂ ਨੇ ਦਿੱਤਾ ਹੈ। ਚਰਨਜੀਤ ਸੱਲ੍ਹਾ ਨੰਬਰਦਾਰ, ਪਰਮਜੀਤ ਸਿੰਘ ਘੋਗੀ, ਹਰਜਿੰਦਰ ਸਿੰਘ ਹੈਪੀ, ਮਹਿੰਦਰ ਪਾਲ ਜੱਸੀ, ਪ੍ਰਿਥੀ ਸਿੰਘ, ਕੁਲਦੀਪ ਸਿੰਘ ਵਾਲੀਆ, ਸਤਨਾਮ ਸਿੰਘ ਵਾਲੀਆ, ਗੁਰਜਿੰਦਰ ਸਿੰਘ ਗੋਰਾ, ਨਰਿੰਦਰ ਬੰਗਾ, ਜਗਦੀਸ਼ ਦੀਸ ਸਾਬਕਾ ਸਰਪੰਚ,ਪਰਮਜੀਤ ਬੰਗਾ ਮੰਗਾਂ ਭੱਟੀ ਅਤੇ ਜੋਗਾ ਰਾਮ ਜੀ ਦੀ ਅਹਿਮ ਭੂਮਿਕਾ ਨਿਭਾ ਰਹੇ ਹਨ। ਇਸ ਪ੍ਰੋਗਰਾਮ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਨੌਜਵਾਨ ਸਭਾ, ਬਾਬਾ ਸਾਹਿਬ ਡਾ ਅੰਬੇਡਕਰ ਕਮੇਟੀ ਅਤੇ ਪਿੰਡ ਸੱਲ੍ਹ ਕਲਾਂ ਸੱਲ੍ਹ ਖੁਰਦ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

# ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿਖੇ ਸਕੂਲ ਦੇ ਕਰਮਚਾਰੀਆਂ ਨੂੰ ਤੋਹਫਿਆਂ ਦੇ ਕੇ ਮਨਾਇਆ ਗਿਆ ਵਿਸ਼ਵ ਮਜ਼ਦੂਰ ਦਿਵਸ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਭਵਾਨੀਗੜ੍ਹ 01ਮਈ (ਕਿਸਨ ਚੌਹਾਨ)- ਸਥਾਨਕ ਨੇੜਲੇ ਪਿੰਡ ਕਾਕੜਾ ਵਿਖੇ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿਖੇ ਚੇਅਰਮੈਨ ਬਾਬਾ ਕਿਰਪਾਲ ਸਿੰਘ ਦੇ ਅਸ਼ੀਰਵਾਦ ਤੇ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਦੀ ਯੋਗ ਅਗਵਾਈ ਸਦਕਾ ਸਕੂਲ ਵਿੱਚ ਵਿਸ਼ਵ ਮਜ਼ਦੂਰ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ, ਇਸ ਮੌਕੇ ਸੰਦੀਪ ਸਿੰਘ ਬਖੋਪੀਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਜ਼ਦੂਰ ਦਿਵਸ ਦੇ ਸਮੇ ਤੇ





ਸਕੂਲ ਵਿੱਚ ਸਪੈਸ਼ਲ ਅਸੈਂਬਲੀ ਕਰਵਾਈ ਗਈ,ਜਿਸ ਵਿੱਚ ਬੱਚਿਆਂ ਨੇ ਬਹੁਤ ਸਾਰੀਆਂ ਕਵਿਤਾਵਾਂ,ਲੇਖ, ਅਤੇ, ਭਾਸ਼ਣ ਪੇਸ਼ ਕੀਤੇ, ਇਸ ਦੌਰਾਨ ਪੰਜਾਬੀ ਅਧਿਆਪਕ ਸੰਦੀਪ ਸਿੰਘ ਵੱਲੋਂ ਕਾਮਿਆਂ ਦੇ ਸਤਿਕਾਰ ਸਬੰਧੀ ਦੋ ਕਹਾਣੀਆਂ ਤੇ ਇੱਕ ਭਾਸ਼ਣ ਰਾਹੀਂ ਪੂਰੇ ਵਿਸ਼ਵ ਦੇ ਕਾਮਿਆਂ ਨੂੰ ਸਿਜਦਾ ਕੀਤਾ ਗਿਆ ਤੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕੀਤੀ ਗਈ ਅਤੇ ਗਿਆਰਵੀਂ ਜਮਾਤ ਦੇ ਸਮੂਹ ਵਿਦਿਆਰਥੀਆਂ ਤੇ ਸਕੂਲ ਮੈਨੇਜਮੈਂਟ ਵੱਲੋਂ ਸਕੂਲ ਦੇ ਟ੍ਰਾਂਸਪੋਰਟ ਅਤੇ ਸਕੂਲ ਅੰਦਰ ਕੰਮ ਕਰਦੇ ਸਮੂਹ ਕਰਮਚਾਰੀਆਂ ਨੂੰ ਤੋਹਫੇ ਭੇਟ ਕਰਕੇ ਅੱਜ ਦੇ ਇਸ ਸ਼ੁਭ ਦਿਹਾੜੇ ਨੂੰ ਮਨਾਇਆ ਗਿਆ, ਮੌਕੇ ਉੱਤੇ ਮੈਨੇਜਰ ਸਰਦਾਰ ਸਰਬਜੀਤ ਸਿੰਘ, ਕਮਲਦੀਪ ਸਿੰਘ, ਪ੍ਰਬੰਧਕ ਡਾਇਰੈਕਟਰ ਡਾ: ਗੁਰਮੀਤ ਸਿੰਘ, ਸੰਦੀਪ ਸਿੰਘ,ਸਨਮੀਤ ਸਿੰਘ, ਹਰਵਿੰਦਰ ਸਿੰਘ, ਗੁਰਜੰਟ ਸਿੰਘ,ਮੈਡਮ ਬਲਜੀਤ ਕੌਰ,ਹਰਗਿੰਦਰ ਕੌਰ, ਸੰਦੀਪ ਕੌਰ ਆਦਿ ਮੌਜੂਦ ਸਨ।

# ਪੰਜਾਬ ਸੰਭਾਲੋ ਮੁਹਿੰਮ ਨੂੰ ਤਾਕਤਵਰ ਬਣਾਉਣ ਲਈ ਅੱਗੇ ਆਓ--ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਫਗਵਾੜਾ (ਚਰਨਜੀਤ ਸੱਲ੍ਹਾ )ਪਿੰਡ ਜਗਤਪੁਰ ਜੱਟਾਂ ਵਿਧਾਨ ਸਭਾ ਹਲਕਾ ਫਗਵਾੜਾ ਦੇ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮਦਿਨ ਤੇ ਪੰਜਾਬ ਸੰਭਾਲੋ ਰੈਲੀ ਕੀਤੀ ਗਈ ਜਿਸ ਵਿੱਚ ਸੰਗਤਾਂ ਨੂੰ ਪੰਜਾਬ ਸੰਭਾਲੋ ਰੈਲੀ ਦਾ ਹਿੱਸਾ ਬਣਨੇ ਲਈ ਪੰਜਾਬ ਸੰਭਾਲੋ ਮਹਿਮ ਨੂੰ ਆਸ਼ੀਰਵਾਦ ਦੇਣ ਲਈ ਇਸ ਮਹਿਮ ਦੀ ਸ਼ਕਤੀ ਬਣਨ ਲਈ ਸੱਦਾ ਦਿੱਤਾ ਗਿਆ ਤਾਂ ਕਿ ਪੰਜਾਬ ਨੂੰ ਡਰੱਗ ਮਾਫੀਏ ਦੀ ਚੁੰਗਲ ਚੋਂ ਮੁਕਤ ਕਰਵਾਇਆ ਜਾ



ਸਕੇ ਪੰਜਾਬ ਦੀਆਂ ਮਾਵਾਂ ਦੇ ਪੁੱਤ ਬਚਾਏ ਜਾ ਸਕਣ ਭੈਣਾਂ ਦੇ ਭਰਾ ਬਚਾਏ ਜਾ ਸਕਣ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ ਪੰਜਾਬ ਨੂੰ ਕਰਜੇ ਦੇ ਬੋਝ ਥੱਲੇ ਕੱਢਿਆ ਜਾ ਸਕੇ ਪੰਜਾਬ ਦੇ ਸਕੂਲਾਂ ਚ 100% ਅਧਿਆਪਕ ਦੇ ਕੇ ਸਹੀ ਮਾਇਨਿਆਂ ਵਿੱਚ ਸਿੱਖਿਆ ਕ੍ਰਾਂਤੀ ਕੀਤੀ ਜਾ ਸਕੇ ਮੁਫਤ ਅਤੇ ਲਾਜਮੀ ਸਿੱਖਿਆ ਦਾ ਕਾਨੂੰਨ ਲਾਗੂ ਕਰਨਾ ਕਿਰਤੀ ਕਾਮੇ ਕਿਸਾਨ ਵਪਾਰੀ ਦੁਕਾਨਦਾਰ ਕਰਮਚਾਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਣਾ ਇਸ ਕਰਕੇ ਪੰਜਾਬੀਆਂ ਨੂੰ ਪੰਜਾਬ ਦੇ ਦਰਦਮੰਦਾਂ ਨੂੰ ਬੁੱਧੀਜੀਵੀਆਂ ਨੂੰ ਸੱਦਾ ਦਿੱਤਾ ਗਿਆ ਕਿ ਇੱਕ ਮੌਕਾ ਬਹੁਜਨ ਸਮਾਜ ਪਾਰਟੀ ਨੂੰ ਦੇਣ ਲਈ ਪੰਜਾਬ ਚ ਸੰਭਾਲੋ ਮਹਿਮ ਦੀ ਸ਼ਕਤੀ ਬਣੋ ਇਹ ਸ਼ਬਦ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਨੇ ਕਹੇ । ਇਸ ਮੌਕੇ ਤੇ ਫਗਵਾੜਾ ਚਰਨਜੀਤ ਸਿੰਘ ਪ੍ਰਧਾਨ ਬਸਪਾ ਫਗਵਾੜਾ, ਹਰਭਜਨ ਸਿੰਘ ਬਲਾਲੋ ਜਨਰਲ ਸਕੱਤਰ ਬਸਪਾ ਪੰਜਾਬ, ਬਸਰਾ ਉਪ ਪ੍ਰਧਾਨ ਐਮ ਸੀ, ਅਮਨਦੀਪ ਐਮ ਸੀ ਫਗਵਾੜਾ,ਲੇਖ ਰਾਜ ਜਮਾਲਪੁਰੀ ਜਰਨਲ ਸਕੱਤਰ ਅਤੇ ਬਸਪਾ ਦੀ ਫਗਵਾੜਾ ਟੀਮ ਹਾਜ਼ਰ ਸਨ ਅਤੇ ਪ੍ਰਿਆ ਬੰਗਾ ਜੀ ਨੇ ਆਪਣੇ ਮਿਸ਼ਨਰੀ ਪ੍ਰੋਗਰਾਮ ਨੂੰ ਚਾਂਦ ਚੰਨ ਲਾਏ ।

# ਡਰੱਗ ਮਾਫੀਆ ਦੀ ਚੁਗਲ ਵਿੱਚੋਂ ਮੁਕਤ ਕਰਾਉਣਾ ਬਸਪਾ ਦਾ ਕੰਮ-ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਕਰਤਾਰਪੁਰ( ਚਰਨਜੀਤ ਸੱਲ੍ਹਾ )ਪਿੰਡ ਕਾਲਾਬਾਹੀਆ ਵਿਧਾਨ ਸਭਾ ਹਲਕਾ ਕਰਤਾਰਪੁਰ ਦੇ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮਦਿਨ ਤੇ ਪੰਜਾਬ ਸੰਭਾਲੋ ਰੈਲੀ ਕੀਤੀ ਗਈ ਜਿਸ ਵਿੱਚ ਸੰਗਤਾਂ ਨੂੰ ਪੰਜਾਬ ਸੰਭਾਲੋ ਰੈਲੀ ਦਾ ਹਿੱਸਾ ਬਣਨੇ ਲਈ ਪੰਜਾਬ ਸੰਭਾਲੋ ਮਹਿਮ ਨੂੰ ਆਸ਼ੀਰਵਾਦ ਦੇਣ ਲਈ ਇਸ ਮਹਿਮ ਦੀ ਸ਼ਕਤੀ ਬਣਨ ਲਈ ਸੱਦਾ ਦਿੱਤਾ ਗਿਆ ਤਾਂ ਕਿ ਪੰਜਾਬ





ਨੂੰ ਡਰੱਗ ਮਾਫੀਏ ਦੀ ਚੁੰਗਲ ਚੋਂ ਮੁਕਤ ਕਰਵਾਇਆ ਜਾ ਸਕੇ ਪੰਜਾਬ ਦੀਆਂ ਮਾਵਾਂ ਦੇ ਪੁੱਤ ਬਚਾਏ ਜਾ ਸਕਣ ਭੈਣਾਂ ਦੇ ਭਰਾ ਬਚਾਏ ਜਾ ਸਕਣ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ ਪੰਜਾਬ ਨੂੰ ਕਰਜੇ ਦੇ ਬੋਝ ਥੱਲੇ ਕੱਢਿਆ ਜਾ ਸਕੇ ਪੰਜਾਬ ਦੇ ਸਕੂਲਾਂ ਚ 100% ਅਧਿਆਪਕ ਦੇ ਕੇ ਸਹੀ ਮਾਇਨਿਆਂ ਵਿੱਚ ਸਿੱਖਿਆ ਕ੍ਰਾਂਤੀ ਕੀਤੀ ਜਾ ਸਕੇ ਮੁਫਤ ਅਤੇ ਲਾਜਮੀ ਸਿੱਖਿਆ ਦਾ ਕਾਨੂੰਨ ਲਾਗੂ ਕਰਨਾ ਕਿਰਤੀ ਕਾਮੇ ਕਿਸਾਨ ਵਪਾਰੀ ਦੁਕਾਨਦਾਰ ਕਰਮਚਾਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਣਾ ਇਸ ਕਰਕੇ ਪੰਜਾਬੀਆਂ ਨੂੰ ਪੰਜਾਬ ਦੇ ਦਰਦਮੰਦਾਂ ਨੂੰ ਬੁੱਧੀਜੀਵੀਆਂ ਨੂੰ ਸੱਦਾ ਦਿੱਤਾ ਗਿਆ ਕਿ ਇੱਕ ਮੌਕਾ ਬਹੁਜਨ ਸਮਾਜ ਪਾਰਟੀ ਨੂੰ ਦੇਣ ਲਈ ਪੰਜਾਬ ਚ ਸੰਭਾਲੋ ਮਹਿਮ ਦੀ ਸ਼ਕਤੀ ਬਣੋ ਇਹ ਸ਼ਬਦ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਦੇ ਹਨ ਇਹਨਾਂ ਦੇ ਨਾਲ ਐਡਵੋਕੇਟ ਬਲਵਿੰਦਰ ਕੁਮਾਰ ਜਨਰਲ ਸਕੱਤਰ ਬਸਪਾ ਪੰਜਾਬ ਅਤੇ ਕਰਤਾਰਪੁਰ ਦੀ ਬਸਪਾ ਦੀ ਪੂਰੀ ਦੀ ਪੂਰੀ ਟੀਮ ਹਾਜ਼ਰ ਸੀ।

# ਬਸਪਾ ਨੂੰ ਮਜ਼ਬੂਤ ਕਰਨ ਲਈ ਲੁਧਿਆਣਾ ਵਿਖੇ ਬਸਪਾ ਦੀ ਮੀਟਿੰਗ ਹੋਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਲੁਧਿਆਣਾ( ਚਰਨਜੀਤ ਸੱਲ੍ਹਾ )ਲੁਧਿਆਣਾ ਪੱਛਮੀ ਵਿਧਾਨਸਭਾ ਹਲਕਾ ਦੇ ਬਾੜੇਵਾਲ ਵਿਖੇ ਬਸਪਾ ਆਗੂ ਹਰਦਿਆਲ ਸਿੰਘ ਜੀ ਦੇ ਨਿਵਾਸ ਤੇ ਦੇਰ ਰਾਤ ਜਿਲਾ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਬਲਵਿੰਦਰ ਜੱਸੀ ਜੀ ਦੀ ਅਗਵਾਈ ਵਿੱਚ ਬਸਪਾ ਦੇ



ਜਥੇਬੰਦਕ ਢਾਂਚੇ ਨੂੰ ਮਜਬੂਤ ਕਰਨ ਲਈ ਮੀਟਿੰਗ ਦੌਰਾਨ ਵਿਚਾਰ ਵਿਟਾਂਦਰਾ ਕਰਦੇ ਹੋਏ ਬਸਪਾ ਪੰਜਾਬ ਦੇ ਸੂਬਾਈ ਆਗੂ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਬਲਵਿੰਦਰ ਬਿੱਟਾ ਜੀ ਜੋਨ ਇੰਚਾਰਜ ਲੁਧਿਆਣਾ ਨੇ ਬਸਪਾ ਪੰਜਾਬ ਵਲੋਂ ਪੰਜਾਬ ਸੰਭਾਲੋ ਮੁਹਿੰਮ ਦੇ ਉਦੇਸ਼ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਇਸ ਮੋਕੇ ਤੇ ਲੁਧਿਆਣਾ ਸ਼ਹਿਰੀ ਦੇ ਜਨਰਲ ਸਕੱਤਰ ਸੁਰੇਸ਼ ਕੁਮਾਰ ਸੋਨੂ, ਜਿਲਾ ਕੈਸ਼ੀਅਰ ਇੰਦਰੇਸ਼ ਤੋਮਰ ਜੀ ਜਿਲਾ ਮੀਡੀਆ ਇੰਚਾਰਜ ਬਿਟੂ ਸ਼ੇਰ ਪੁਰੀ ਜਿਲਾ ਕੋਆਰਡੀਨੇਟਰ ਮੀਨੂੰ ਧੀਰ ਇੰਚਾਰਜ ਲੇਡੀਜ਼ ਵਿੰਗ ਤੇ ਇਲਾਵਾ ਸਾਥੀ ਹਾਜ਼ਰ ਹਨ

# “ਇੱਕ ਸਮਾਂ ਆਵੇਗਾ ਜਦੋਂ ਸਾਡੀ ਚੁੱਪ ਸ਼ਬਦਾਂ ਨਾਲੋਂ ਜ਼ਿਆਦਾ ਬੋਲੇਗੀ!” ਨੈਸ਼ਨਲ ਲੇਬਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



1ਮਈ2025(ਬੇਅੰਤ ਸਿੰਘ ਰੋਹਟੀ ਖਾਸ) ਆਰਗੇਨਾਈਜੇਸ਼ਨ (ਐਨ ਐਲ ਓ) ਦੇ ਕਨਵੀਨਰ ਬਲਦੇਵ ਭਾਰਤੀ ਨੇ ਮਜ਼ਦੂਰ ਦਿਵਸ ਸਬੰਧੀ ਚਰਚਾ ਕਰਦਿਆਂ ਦੱਸਿਆ ਕਿ ਕਿਰਤੀ ਲੋਕਾਂ ਦੀ ਮੁਕਤੀ ਦੇ ਸੰਘਰਸ਼ ਦੇ ਸ਼ਾਨਾਮੱਤੇ ਅਤੇ ਗੌਰਵਮਈ ਵਿਰਸੇ ਦਾ ਪ੍ਰਤੀਕ ਮਈ ਦਿਵਸ (ਮਜ਼ਦੂਰ ਦਿਵਸ) ਦੁਨੀਆ ਦੇ ਕੋਨੇ ਕੋਨੇ ਵਿੱਚ ਮਨਾਇਆ ਜਾਂਦਾ ਹੈ। ਅੱਜ ਤੋਂ 139 ਸਾਲ ਪਹਿਲਾਂ 1 ਮਈ 1886 ਨੂੰ ਅਮਰੀਕਾ ਦੇ ਈਲੀਅਨਜ਼ ਪ੍ਰਾਂਤ ਦੇ ਸ਼ਹਿਰ ਸ਼ਿਕਾਗੋ ਅਤੇ ਕਈ ਹੋਰ ਹਿੱਸਿਆਂ ਵਿੱਚ ਰਜਵਾੜੇ ਸ਼ਾਹੀ ਵਲੋਂ ਮਜ਼ਦੂਰਾਂ ਦੇ ਕੀਤੇ ਜਾ ਰਹੇ ਅੰਨ੍ਹੇ ਸ਼ੋਸ਼ਣ ਦੇ ਖਿਲਾਫ ਮਜ਼ਦੂਰਾਂ ਦੀ ਅਣਖ ਦਾ ਲਾਵਾ ਤਿੱਖੇ ਸੰਘਰਸ਼ ਦੇ ਰੂਪ ਵਿੱਚ ਫੁੱਟਿਆ ਸੀ। ਇੱਥੇ ਮਜ਼ਦੂਰਾਂ ਵਲੋਂ 3 ਮਈ 1886 ਨੂੰ ਆਪਣੇ ਹੱਕਾਂ ਲਈ ਕੀਤੀ ਗਈ ਹੜਤਾਲ ਦੌਰਾਨ ਮਜ਼ਦੂਰਾਂ ਦੀ ਕਾਨਫਰੰਸ ਵਿੱਚ ਫਰਾਂਸ ਅਤੇ ਯੂਰਪ ਦੀ ਮਜ਼ਦੂਰ ਲਹਿਰ ਦੇ ਡਰ ਨਾਲ ਬੁਖਲਾਈ ਰਜਵਾੜੇਸ਼ਾਹੀ ਦਾ ਹੱਥ ਠੋਕਾ ਬਣੀ ਪੁਲਿਸ ਨੇ ਵਹਿਸ਼ੀਆਨਾ ਜ਼ੁਲਮ ਮਜ਼ਦੂਰਾਂ ਤੇ ਢਾਹਿਆ। ਪੁਲਿਸ ਦੇ ਅੰਨੇਵਾਹ ਤਸ਼ੱਦਦ ਦੇ ਕਾਰਨ 6 ਮਜ਼ਦੂਰ ਸ਼ਹੀਦ ਅਤੇ ਅਨੇਕਾਂ ਜ਼ਖਮੀ ਹੋਏ। ਅਗਲੇ ਦਿਨ 4 ਮਈ ਨੂੰ ਇਸ ਦੇ ਰੋਸ ਵਜੋਂ ਸ਼ਿਕਾਗੋ ਸ਼ਹਿਰ ਦੀ 'ਹੇਅ ਮਾਰਕਿਟ' ਵਿੱਚ ਪੁਰਅਮਨ ਰੋਸ ਪ੍ਰਦਰਸ਼ਨ ਕਰ ਰਹੇ ਮਜ਼ਦੂਰਾਂ ਨੂੰ ਖਦੇੜਨ ਲਈ ਸ਼ਰਾਰਤ ਨਾਲ ਕਿਸੇ ਨੇ ਬੰਬ ਸੁੱਟਿਆ। ਜਿਸ ਨਾਲ ਇੱਕ ਸਿਪਾਹੀ ਦੀ ਮੌਤ ਹੋ ਗਈ। ਇਸ ਮੌਤ ਦਾ ਬਹਾਨਾ ਬਣਾ ਕੇ ਪਹਿਲਾਂ ਤੋਂ ਹੀ ਤਿਆਰ ਪੁਲਿਸ ਅਤੇ ਫੌਜ ਨੇ ਮਜ਼ਦੂਰਾਂ ਦੇ ਖੂਨ ਦੀ ਹੋਲੀ ਖੇਡਦਿਆਂ 4 ਮਜ਼ਦੂਰਾਂ ਨੂੰ ਸ਼ਹੀਦ ਅਤੇ ਅਨੇਕਾਂ ਨੂੰ ਜ਼ਖਮੀ ਕਰ ਦਿੱਤਾ।

ਬਲਦੇਵ ਭਾਰਤੀ ਨੇ ਦੱਸਿਆ ਕਿ ਇਸ ਸੰਘਰਸ਼ ਦੌਰਾਨ ਮਜ਼ਦੂਰ ਸਫੈਦ ਰੰਗ ਦੇ ਝੰਡੇ ਹੇਠ ਸੰਘਰਸ਼ ਕਰ ਰਹੇ ਸਨ। ਇਸ ਸਮੇਂ ਇੱਕ ਮਜ਼ਦੂਰ ਮਾਂ ਦੀ ਗੋਦ ਵਿੱਚ ਪਿਆ ਇੱਕ ਬੱਚਾ ਪੁਲਿਸ ਦੇ ਤਸ਼ੱਦਦ ਕਾਰਨ ਜ਼ਖਮੀ ਹੋ ਗਿਆ। ਉਸਦੀ ਮਾਂ ਨੇ ਉਸਨੂੰ ਬਚਾਉਣ ਲਈ ਸਫੈਦ ਝੰਡੇ ਵਿੱਚ ਲਪੇਟ ਦਿੱਤਾ। ਉਸ ਬੱਚੇ ਦੇ ਜ਼ਖਮਾਂ ਦੇ ਖੂਨ ਦਾ ਵਹਾਅ ਇੰਨਾ ਸੀ ਕਿ ਖੂਨ ਨਾਲ ਲੱਥ ਪੱਥ ਸਫੈਦ ਝੰਡਾ ਲਾਲ ਸੂਹਾ ਹੋ ਗਿਆ। ਬੱਚੇ ਦੀ ਇਸ ਕੁਰਬਾਨੀ ਤੋਂ ਪ੍ਰਭਾਵਿਤ ਹੋ ਕੇ ਸੰਘਰਸ਼ ਦੇ ਸਫੈਦ ਝੰਡੇ ਦਾ ਰੰਗ ਲਾਲ ਸੂਹਾ ਕਰ ਦਿੱਤਾ ਗਿਆ। ਪੁਲਿਸ ਨੇ 8 ਮਜ਼ਦੂਰ ਆਗੂਆਂ ਉੱਤੇ ਮੁਕੱਦਮੇ ਦਰਜ ਕੀਤੇ ਗਏ। ਜਿਹਨਾਂ ਵਿੱਚੋਂ ਅਲਬਰਟ ਪਾਰਸਨਜ਼, ਅਗਸਤ ਸਪਾਈਜ਼, ਸੈਮੂਅਲ ਫੀਲਡਜ਼, ਮਾਈਕਲ ਸ਼ਾਅਬ, ਲੁਈਕਿੰਗ, ਐਡੋਲਫ ਫਿਸ਼ਰ ਅਤੇ ਜਾਰਜ ਏਂਗੇਲਜ਼ ਨੂੰ ਫਾਂਸੀ ਅਤੇ ਅੱਠਵੇਂ ਆਸਕਰਨੀਵ ਨੂੰ 15 ਸਾਲਾਂ ਦੀ ਉਮਰ ਕੈਦ ਸਜ਼ਾ ਸੁਣਾਈ ਗਈ। ਇਹਨਾਂ ਨਜ਼ਾਇਜ਼ ਸਜਾਵਾਂ ਦੇ ਖਿਲਾਫ ਲੋਕਾਂ ਦਾ ਰੋਹ ਵੱਧਦਾ ਦੇਖ ਕੇ ਸੈਮੂਅਲ ਫੀਲਡਜ਼ ਅਤੇ ਮਾਈਕਲ ਸ਼ਾਅਬ ਦੀਆਂ ਸਜਾਵਾਂ ਉਮਰ ਕੈਦ ਵਿੱਚ ਬਦਲੀਆਂ ਗਈਆਂ ਜਦਕਿ ਲੁਈਕਿੰਗ ਜੇਲ ਵਿੱਚ ਸ਼ਹੀਦੀ ਜਾਮ ਪੀ ਗਿਆ। ਬਾਕੀ 4 ਮਜ਼ਦੂਰ ਯੋਧਿਆਂ ਨੂੰ 11 ਨਵੰਬਰ 1887 ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਫਾਂਸੀ ਦਾ ਰੱਸਾ ਚੁੰਮਣ ਸਮੇਂ ਆਗਸਤ ਸਪਾਈਜ਼ ਨੇ ਕਿਹਾ ਸੀ ਕਿ “ਇੱਕ ਸਮਾਂ ਆਵੇਗਾ ਜਦੋਂ ਸਾਡੀ ਚੁੱਪ ਸ਼ਬਦਾਂ ਨਾਲੋਂ ਜ਼ਿਆਦਾ ਬੋਲੇਗੀ”। ਸ਼ਹੀਦਾਂ ਦੀ ਇਸ ਸ਼ਹਾਦਤ ਨੇ ਪੂਰੀ ਦੁਨੀਆ ਨੂੰ ਹਲੂਣਿਆਂ ਅਤੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ।

ਉਨ੍ਹਾਂ ਦੱਸਿਆ ਕਿ ਪੈਰਿਸ ਵਿੱਚ 14 ਜੁਲਾਈ 1889 ਨੂੰ ਹੋਈ “ਅੰਤਰਰਾਸ਼ਟਰੀ ਵਰਕਿੰਗ ਮੈਨਜ ਐਸੋਸੀਏਸ਼ਨ” ਦੀ ਕਾਂਗਰਸ ਵਿੱਚ ਅਗਲੇ ਸਾਲ 1890 ਤੋਂ ਹਰ ਸਾਲ ਪਹਿਲੀ ਮਈ ਦੇ ਦਿਨ ਨੂੰ ਮਜ਼ਦੂਰ ਸੰਘਰਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਕਿਰਤੀਆਂ ਦੇ ਇਨਕਲਾਬੀ ਦਿਹਾੜੇ ਵਜੋਂ “ਮਈ ਦਿਵਸ” ਮਨਾਉਣ ਦਾ ਫੈਸਲਾ ਕੀਤਾ ਗਿਆ। ਭਾਰਤ ਵਿੱਚ ਸਭ ਤੋਂ ਪਹਿਲਾਂ 1 ਮਈ 1923 ਨੂੰ ਮਜ਼ਦੂਰ ਦਿਵਸ ਮਨਾਉਣ ਦੀ ਸ਼ੁਰੂਆਤ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਤੋਂ ਹੋਈ ਸੀ।

ਬਲਦੇਵ ਭਾਰਤੀ ਨੇ ਦੱਸਿਆ ਕਿ ਸਾਨੂੰ ਸਤਿਗੁਰੂ ਕਬੀਰ, ਸਤਿਗੁਰੂ ਨਾਮਦੇਵ, ਸਤਿਗੁਰੂ ਰਵਿਦਾਸ ਅਤੇ ਸਤਿਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਪੈਗੰਬਰ ਹਜ਼ਰਤ ਮਹੁੰਮਦ ਦੇ ਧਾਰਮਿਕ ਫਲਸਫੇ ਵਿੱਚ ਕਿਰਤ ਅਤੇ ਕਿਰਤੀਆਂ ਦੇ ਸਤਿਕਾਰ ਅਤੇ ਹੰਕਾਰੀ ਰਜਵਾੜਿਆਂ ਦੇ ਦਰਜ ਵਿਰੋਧ ਤੋਂ ਸਿੱਖਿਅਤ ਹੋਣ ਦੀ ਬਹੁਤ ਜਰੂਰਤ ਹੈ। ਸਿੱਖ ਧਰਮ ਵਿੱਚ ਇਸ ਮਜ਼ਦੂਰ ਦਿਹਾੜੇ ਨੂੰ 'ਭਾਈ ਲਾਲੋ ਦਿਵਸ' ਵਜੋਂ ਮਾਨਤਾ ਦਿੱਤੀ ਗਈ। ਕਿਰਤੀਆਂ ਦੇ ਹੱਕਾਂ ਅਤੇ ਮਾਣ ਸਨਮਾਨ ਦੀ ਬਹਾਲੀ ਲਈ ਭਾਰਤ ਰਤਨ ਡਾ ਭੀਮ ਰਾਓ ਅੰਬੇਡਕਰ, ਦੇਸ਼ ਭਗਤ ਬਾਬੂ ਮੰਗੂ ਰਾਮ ਮੁੱਗੋਵਾਲੀਆ, ਸਿਰਮੌਰ ਆਗੂ ਬਾਬੂ ਜਗਜੀਵਨ ਰਾਮ ਹੋਰ ਅਨੇਕਾਂ ਉੱਚ ਸ਼ਖਸੀਅਤਾਂ ਅਤੇ ਮਜ਼ਦੂਰ ਜੱਥੇਬੰਦੀਆਂ ਦਾ ਮਜ਼ਦੂਰ ਹਿੱਤ ਸੰਘਰਸ਼ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਦਰਜ ਹੈ।

ਉਨ੍ਹਾਂ ਕਿਹਾ ਕਿ ਅੱਜ ਹਰ ਖੇਤਰ ਦੇ ਮਜ਼ਦੂਰਾਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਉਨ੍ਹਾਂ ਦੇ ਲਗਾਤਾਰ ਖੋਹੇ ਜਾ ਰਹੇ ਅਧਿਕਾਰ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹਨ। ਮਜ਼ਦੂਰਾਂ ਦਾ ਭਵਿੱਖ ਖਤਮ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਲਾਮਬੰਦ ਹੋ ਕੇ ਸੰਘਰਸ਼ ਕਰਨ ਦੀ ਬੇਹੱਦ ਲੋੜ ਹੈ

ਬਲਦੇਵ ਭਾਰਤੀ ਨੇ ਕਿਹਾ ਕਿ ਮਜ਼ਦੂਰ ਦਿਵਸ ਦੇ ਮੌਕੇ ਤੇ ਉਨ੍ਹਾਂ ਦੀ ਜੱਥੇਬੰਦੀ ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐਨ. ਐੱਲ.ਓ.) ਪੰਜਾਬ ਮਜ਼ਦੂਰ ਵਰਗ ਨੂੰ ਇਸ ਸ਼ਾਨਾਮੱਤੇ ਦਿਹਾੜੇ ਤੇ ਵਧਾਈਆਂ ਦਿੰਦੇ ਹੋਏ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਪ੍ਰਤੀ ਸੱਚੀ ਸ਼ਰਧਾਂਜਲੀ ਵਜੋਂ ਉਹਨਾਂ ਦੀ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਸੰਘਰਸ਼ਸ਼ੀਲ ਰਹਿਣ ਦਾ ਸੰਕਲਪ ਲੈਂਦੀ ਹੈ।

# *ਪੀਪੀਐਸ ਨਾਭਾ ਦੇ ਹਰਪ੍ਰਤਾਪ ਸਿੰਘ ਐਨਸੀਸੀ ਨੇਵਲ ਵਿੰਗ ਦੇ ਸਾਲਾਨਾ ਸਿਖਲਾਈ ਕੈਂਪ ਵਿੱਚ ਸਭ ਤੋਂ ਵਧੀਆ ਕੈਡਿਟ ਬਣੇ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਨਾਭਾ 1 ਮਈ ਬੇਅੰਤ ਸਿੰਘ ਰੋਹਟੀ ਖਾਸ ਪੰਜਾਬ ਪਬਲਿਕ ਸਕੂਲ, ਨਾਭਾ ਦੇ ਕੈਡਿਟ ਹਰਪ੍ਰਤਾਪ ਸਿੰਘ ਨੂੰ ਹਾਲ ਹੀ ਵਿੱਚ ਸਮਾਪਤ ਹੋਏ ਦਸ ਦਿਨਾਂ ਐਨਸੀਸੀ ਨੇਵਲ ਵਿੰਗ ਸਾਲਾਨਾ ਸਿਖਲਾਈ ਕੈਂਪ ਵਿੱਚ ਸਭ ਤੋਂ ਵਧੀਆ ਕੈਡਿਟ ਐਲਾਨਿਆ ਗਿਆ। ਇਸ ਕੈਂਪ ਵਿੱਚ ਵੱਖ-ਵੱਖ ਸਕੂਲਾਂ ਦੇ ਲਗਭਗ 450 ਕੈਡਿਟਾਂ ਨੇ ਭਾਗ ਲਿਆ। ਇਸ ਕੈਂਪ ਵਿੱਚ, ਕੈਡਿਟਾਂ ਨੂੰ ਉੱਚ ਆਦਰਸ਼ਾਂ ਵਾਲੇ ਨਾਗਰਿਕ ਬਣਾਉਣ ਦੇ ਨਾਲ-ਨਾਲ ਫਾਇਰਿੰਗ, ਡ੍ਰਿਲ, ਜਹਾਜ਼- ਮਾਡਲ ਬਣਾਉਣ, ਪੀਟੀ, ਬਹਿਸ ਮੁਕਾਬਲਾ, ਕੁਇਜ਼ ਆਦਿ ਗਤੀਵਿਧੀਆਂ ਵਿੱਚ ਸਿਖਲਾਈ ਦਿੱਤੀ ਜਾਣੀ ਸੀ। ਕੈਪਟਨ (ਭਾਰਤੀ ਜਲ ਸੈਨਾ) ਹਰਜੀਤ ਸਿੰਘ ਢਿੱਲੋਂ, ਕਮਾਂਡਿੰਗ ਅਫ਼ਸਰ ਨੇਵਲ ਵਿੰਗ ਸਾਲਾਨਾ ਸਿਖਲਾਈ ਕੈਂਪ ਨੇ ਕੈਡਿਟ ਹਰਪ੍ਰਤਾਪ ਸਿੰਘ ਦੇ ਕੰਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਕੈਂਪ ਦਾ ਸਭ ਤੋਂ ਵਧੀਆ ਕੈਡੇਟ ਐਲਾਨਿਆ। ਪ੍ਰਿੰਸੀਪਲ ਡਾ. ਡੀ.ਸੀ. ਸ਼ਰਮਾ ਨੇ ਕੈਡੇਟ ਹਰਪ੍ਰਤਾਪ ਸਿੰਘ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਦੇਸ਼ ਦੀ ਸੇਵਾ ਲਈ ਤਿਆਰ ਰਹਿਣ ਲਈ ਕਿਹਾ। ਤੀਜੇ ਅਫ਼ਸਰ ਦਵਿੰਦਰ ਕੁਮਾਰ ਦੱਤ ਪੂਰੇ ਕੈਂਪ ਦੌਰਾਨ ਕੈਡਿਟਾਂ ਦੇ ਨਾਲ ਰਹੇ।

# ਕੇਂਦਰ ਸਰਕਾਰ ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇ ਕੇ ਕਰ ਰਹੀ ਹੈ ਧੱਕੇਸ਼ਾਹੀ ਸੰਦੀਪ ਸ਼ਰਮਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਨਾਭਾ 1 ਮਈ ਬਾਂਗਾਂ/ ਬੇਅੰਤ ਸਿੰਘ ਰੋਹਟੀ ਖਾਸ) ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਰਿਹਾ ਹੈ, ਜਿਸ ਕਾਰਨ ਅੱਜ ਪੰਜਾਬ ਲਈ ਇੱਕ ਹੋਰ ਬੁਰੀ ਖ਼ਬਰ ਆਈ ਹੈ ਕਿ ਬੀਬੀਐਮਬੀ ਨੇ ਹਰਿਆਣਾ ਨੂੰ 8500 ਕਿਊਸਿਕ ਪਾਣੀ ਦੇਣ ਦਾ ਫੈਸਲਾ ਕੀਤਾ ਹੈ, ਇਹ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤਾ ਗਈ ਸਰਾਸਰ ਬੇਇਨਸਾਫ਼ੀ ਹੈ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਬਲਾਕ ਸ਼ਹਿਰੀ ਪ੍ਰਧਾਨ ਸੰਦੀਪ ਸ਼ਰਮਾ ਨੇ ਕੀਤਾ। ਸੰਦੀਪ ਸ਼ਰਮਾ ਨੇ ਕਿਹਾ ਕਿ ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਨਹਿਰੀ ਵਿਭਾਗ ਦਾ ਸਿਸਟਮ ਸੈਟ ਕਰ ਦਿੱਤਾ ਹੈ। ਸੰਦੀਪ ਸ਼ਰਮਾ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ, ਪੰਜਾਬ ਸਰਕਾਰ ਨੇ ਆਪਣੀ ਪੂਰੀ ਵਾਹ ਲਾਈ ਹੈ, ਇਸਨੇ ਨਹਿਰੀ ਪ੍ਰਣਾਲੀ ਨੂੰ 70 ਪ੍ਰਤੀਸ਼ਤ ਤੱਕ ਸੁਧਾਰਿਆ ਹੈ ਅਤੇ ਪਾਣੀ ਨੂੰ ਪੰਜਾਬ ਦੇ ਛੱਪੜਾਂ ਤੱਕ ਪਹੁੰਚਾਇਆ ਹੈ, ਪਰ ਕੇਂਦਰ ਸਰਕਾਰ ਨੇ ਪੰਜਾਬ ਨਾਲ ਮਤਰੇਈ ਮਾਂ ਵਰਗਾ ਸਲੂਕ ਕੀਤਾ ਹੈ ਅਤੇ ਪੰਜਾਬ ਦਾ ਪਾਣੀ ਜ਼ਬਰਦਸਤੀ ਹਰਿਆਣਾ ਨੂੰ ਦੇ ਦਿੱਤਾ ਹੈ। ਇਹ ਫੈਸਲਾ ਬਹੁਤ ਹੀ ਨਿੰਦਣਯੋਗ ਹੈ ਕਿਉਂਕਿ ਕੇਂਦਰ ਸਰਕਾਰ ਪਹਿਲਾਂ ਹੀ ਕਿਸਾਨ ਵਿਰੋਧੀ ਅਤੇ ਪੰਜਾਬ ਦੇ ਵਿਰੁੱਧ ਰਹੀ ਹੈ। ਅਤੇ ਹੁਣ ਉਸਨੇ ਪੰਜਾਬ ਨੂੰ ਤਬਾਹ ਕਰਨ ਅਤੇ ਇਸਨੂੰ ਮਾਰੂਥਲ ਵਿੱਚ ਬਦਲਣ ਦਾ ਇੱਕ ਹੋਰ ਇਤਿਹਾਸਕ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇਸ ਲਈ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਪੰਜਾਬ ਦੇ ਪਾਣੀ ਨੂੰ ਬਚਾਉਣ ਲਈ ਆਪਣੀ ਜਾਨ ਦਾਅ 'ਤੇ ਲਗਾਉਣ ਲਈ ਤਿਆਰ



ਹੈ। ਉਨ੍ਹਾਂ ਕਿਹਾ ਕਿ ਹੁਣ ਇਹ ਦੇਖਣਾ ਹੋਵੇਗਾ ਕਿ ਵਿਰੋਧੀ ਪਾਰਟੀਆਂ ਕੇਂਦਰ ਦੀ ਇਸ ਧੱਕੇਸ਼ਾਹੀ ਵਿਰੁੱਧ ਕੀ ਕਾਰਵਾਈ ਕਰਨਗੀਆਂ ਅਤੇ ਕੀ ਉਹ ਇਸ ਦੇਸ਼ ਭਗਤੀ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਦਾ ਸਮਰਥਨ ਕਰਨਗੀਆਂ ਜਾਂ ਉਹ ਸਿਰਫ ਆਪਣੀ ਮਿੱਠੇ ਬੋਲ ਬੋਲ ਕੇ ਰਾਜਨੀਤੀ ਕਰਨਗੀਆਂ, ਇਹ ਜਲਦੀ ਹੀ ਪਤਾ ਲੱਗ ਜਾਵੇਗਾ।

# ਨਵੀਆਂ ਭਰਤੀਆਂ ਦੀ ਬਜਾਏ ਪਹਿਲਾਂ ਭਰਤੀ ਅਧਿਆਪਕਾਂ ਨੂੰ ਬਾਹਰ ਕੱਢਣ ਲੱਗੀ ਸਰਕਾਰ -ਡੀ.ਟੀ.ਐੱਫ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ, 1 ਮਈ -(ਜਗਸੀਰ ਸਿੰਘ )-ਸਿੱਖਿਆ ਕ੍ਰਾਂਤੀ ਦਾ ਢਿੰਡੋਰਾ ਪਿੱਟਣ ਵਾਲੀ ਆਪ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਸਿੱਖਿਆ ਦਾ ਕੇਂਦਰੀ ਧੁਰਾ ਅਧਿਆਪਕ ਸਰਕਾਰੀ ਧੱਕੇਸ਼ਾਹੀ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਵੱਡੀ ਗਿਣਤੀ ਵਿਚ ਅਧਿਆਪਕ ਮਾਨਸਿਕ ਪ੍ਰੇਸ਼ਾਨੀ ਵਿੱਚੋਂ ਗੁਜ਼ਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਦਾਤਾ ਸਿੰਘ ਨਮੋਲ ਅਤੇ ਸਕੱਤਰ ਹਰਭਗਵਾਨ ਗੁਰਨੇ ਨੇ ਦੱਸਿਆ ਕਿ ਮਾਸਟਰ ਕਾਡਰ 899 ਦੀ ਭਰਤੀ ਵਾਲੇ ਅਧਿਆਪਕ ਜਿਹਨਾਂ ਨੇ ਆਪਣਾ ਪਰਖ਼ ਕਾਲ ਪੂਰਾ ਕਰ ਲਿਆ ਹੈ ਅਤੇ ਪਿਛਲੇ ਚਾਰ ਸਾਲਾਂ ਤੋਂ ਵਿਭਾਗ ਵਿੱਚ ਰੈਗੂਲਰ ਤੌਰ ਤੇ ਕੰਮ ਕਰ ਰਹੇ ਹਨ, ਉਹਨਾਂ ਵਿੱਚੋਂ ਇੱਕ ਸੌ ਦੇ ਲਗਭਗ ਅੰਗਰੇਜ਼ੀ ਅਧਿਆਪਕਾਂ ਦੇ ਸਿਰ ਨੌਕਰੀ ਤੋਂ ਛਾਂਟੀ ਦੀ ਤਲਵਾਰ ਲਟਕ ਰਹੀ ਹੈ ਕਿਉਂਕਿ ਵਿਭਾਗ ਵੱਲੋਂ 899 ਅਧਿਆਪਕਾਂ ਦੀ ਮੈਰਿਟ ਸੂਚੀ ਦੀਆਂ ਸੋਧੀਆਂ ਸੂਚੀਆਂ ਜਾਰੀ ਕਰਕੇ 100 ਤੋਂ ਵੱਧ ਅਧਿਆਪਕਾਂ ਨੂੰ ਮੈਰਿਟ ਸੂਚੀ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ। ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ,ਵਿੱਤ ਸਕੱਤਰ ਯਾਦਵਿੰਦਰ ਪਾਲ ਅਤੇ ਪ੍ਰੈੱਸ ਸਕੱਤਰ ਜਸਬੀਰ ਨਮੋਲ ਨੇ ਸਰਕਾਰ ਦੀਆਂ ਸਿੱਖਿਆ ਅਤੇ ਅਧਿਆਪਕ ਵਿਰੋਧੀ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸੂਬੇ ਵਿੱਚ ਪਹਿਲੀ ਵਾਰ ਹੋ ਰਿਹਾ ਹੈ ਕਿ ਸੰਘਰਸ਼ ਕਰਕੇ ਪ੍ਰਾਪਤ ਕੀਤੇ ਰੁਜ਼ਗਾਰ ਦੇ ਜਾਰੀ ਰਹਿਣ ਪ੍ਰਤੀ ਅਨਿਸ਼ਚਿਤਤਾ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਵਿਭਾਗੀ ਗਲਤੀਆਂ ਦਾ ਖਮਿਆਜ਼ਾ ਅਕਸਰ ਹੀ ਅਧਿਆਪਕਾਂ ਨੂੰ ਭੁਗਤਣਾ ਪੈਂਦਾ ਹੈ। ਅਧਿਆਪਕ ਆਗੂਆਂ ਨੇ 2392 ਅਧਿਆਪਕ ਜਥੇਬੰਦੀ ਵੱਲੋਂ ਇਸ ਸਬੰਧੀ ਲੜੇ ਜਾ ਰਹੇ ਸੰਘਰਸ਼ ਦੀ ਪੂਰਨ ਹਮਾਇਤ ਕਰਦਿਆਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਕਿਸੇ ਇੱਕ ਵੀ ਅਧਿਆਪਕ ਦੇ ਰੁਜ਼ਗਾਰ 'ਤੇ ਆਂਚ ਆਈ ਤਾਂ ਸਿੱਧੇ ਤੌਰ 'ਤੇ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੀ ਅਫ਼ਸਰਸ਼ਾਹੀ ਦੀ ਹੋਵੇਗੀ।

# ਕੈਨੇਡਾ 'ਚ ਪੰਜਾਬੀਆਂ ਦਾ ਚੋਣ ਜਿੱਤਣਾ ਮਾਣ ਵਾਲੀ ਗੱਲ : ਦੇਵਮਾਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਨਾਭਾ, 30 ਅਪ੍ਰੈਲ (ਬਾਂਗਾਂ/ਬੇਅੰਤ ਸਿੰਘ ਰੋਹਟੀ ਖਾਸ) ਪਿਛਲੇ ਦਿਨੀਂ ਕੈਨੇਡਾ ਵਿਚ ਹੋਈਆਂ ਚੋਣਾਂ ਦੌਰਾਨ ਇਸ ਵਾਰ 22 ਪੰਜਾਬੀਆਂ ਨੇ ਚੋਣ ਜਿੱਤ ਕੇ ਜਿੱਥੇ ਝੰਡੇ ਗੱਡੇ ਹਨ ਤੇ ਸਾਡੇ ਪੰਜਾਬ ਲਈ ਅਤੇ ਪੰਜਾਬ ਵਾਸੀਆਂ ਲਈ ਬੜੀ ਮਾਣ ਵਾਲੀ ਗੱਲ ਹੈ। ਇਹਨਾ ਗਲਾ ਦਾ ਪ੍ਰਗਟਾਵਾ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇਵਮਾਨ ਨੇ ਪੱਤਰਕਾਰਾਂ ਨਾਲ ਮਿਲਣੀ ਦੌਰਾਨ ਕੀਤਾ l ਦੇਵ ਮਾਨ ਨੇ ਕਿਹਾ ਕਿ ਪੰਜਾਬੀ ਹੀ ਅਜਿਹੀ ਕੌਮ ਹੈ ਜੋ ਬੜੀ ਹੀ ਹਾਰਡ ਵਰਕ ਕੌਮ ਹੈ ਇਹ ਮੈਂ ਨਹੀਂ ਕਹਿੰਦਾ ਇਹ ਇਤਿਹਾਸ ਕਹਿੰਦਾ ਹੈ ਅਤੇ ਪੰਜਾਬੀਆਂ ਵਲੋਂ ਸੰਸਾਰ ਭਰ ਵਿਚ ਜਾ ਕੇ ਹਰੇਕ ਖੇਤਰ 'ਚ ਪੰਜਾਬ ਦਾ ਨਾਂ ਚਮਕਾਇਆ ਹੈ। ਉਨਾਂ ਕਿਹਾ ਕਿ ਕੈਨੇਡਾ 'ਚ ਇਸ ਵਾਰ 2 ਦਰਜਨ ਦੇ ਕਰੀਬ ਪੰਜਾਬੀ ਭਰਾਵਾਂ ਵੱਲੋਂ ਚੋਣ ਜਿੱਤ ਕੇ ਇਕ ਵਾਰ ਫਿਰ ਆਪਣੀ ਜਨਮਭੂਮੀ ਪੰਜਾਬ ਦਾ ਨਾਂ ਦੁਨੀਆ ਭਰ ਵਿਚ ਉੱਚਾ ਕੀਤਾ ਗਿਆ ਹੈ। ਉਨ੍ਹਾਂ ਕੈਨੇਡਾ ਦੀਆਂ ਚੋਣਾਂ ਦੌਰਾਨ ਜਿੱਤ ਹਾਸਲ ਕਰਨ ਵਾਲੇ ਪੰਜਾਬੀ ਭਰਾਵਾਂ ਨੂੰ ਵਧਾਈ ਦਿੱਤੀ ਤੇ ਆਸ ਪ੍ਰਗਟ ਕੀਤੀ ਕੀ ਉਹ ਇਸ ਤਰ੍ਹਾਂ ਹੀ ਅੱਗੇ



ਵੀ ਪੰਜਾਬ ਦਾ ਨਾਮ ਰੋਸ਼ਨ ਕਰਦੇ ਰਹਿਣਗੇ l ਤਸਵੀਰ ਬਤਾਏ ਗੁਰਦੇਵ ਸਿੰਘ ਦੇ ਮਾਨ ਗੱਲਬਾਤ ਦੌਰਾਨ l

# ਨਾਰੀ ਏਕਤਾ ਜਬਰ ਵਿਰੋਧੀ ਫਰੰਟ ਨੇ ਸੰਗਰੂਰ ਵਿਖੇ ਮਜ਼ਦੂਰ ਦਿਵਸ ਮਨਾਇਆ, ਹਰਪ੍ਰੀਤ ਧੂਰੀ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਜਗਤਾਰ ਸਿੰਘ ਰੋੜੇਵਾਲ/ ਬੇਅੰਤ ਰੋਹਟੀ ਖਾਸ -- ਸੰਗਰੂਰ ਵਿਖੇ ਨਾਰੀ ਏਕਤਾ ਜਬਰ ਵਿਰੋਧੀ ਫਰੰਟ ਵੱਲੋਂ ਮਜਦੂਰ ਦਿਵਸ ਨੂੰ ਮੱਦੇ ਨਜਰ ਰੱਖਦੇ ਹੋਏ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਮਜਦੂਰ ਸਹੀਦਾਂ ਨੂੰ ਸਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਮਜਦੂਰਾ ਦੀਆਂ ਹੱਕੀ ਮੰਗਾ ਨੂੰ ਲੈਕੇ ਡੀਸੀ ਸੰਗਰੂਰ ਨੂੰ ਮੰਗ ਪੱਤਰ ਸੌਂਪਿਆ। ਮੰਗ ਪੱਤਰ ਰਾਹੀ ਮਜ਼ਦੂਰ ਵਰਗ ਦੇ ਹੱਕਾਂ ਦੀ ਮੰਗ ਕੀਤੀ ਅਤੇ ਜੋ ਬੀਬੀਆਂ ਸਿਰ ਕਿਸੇ ਵੀ ਤਰਾਂ ਦਾ ਕਰਜਾ ਚੜੀਆ ਹੋਇਆ ਹੈ। ਉਸਨੂੰ ਮਾਫ ਕਰਾਉਣ ਦੀ ਗੱਲ ਰੱਖੀ। ਇਸ ਤੋਂ ਇਲਾਵਾ ਮਜ਼ਦੂਰ ਜਮਾਤ ਦੀਆਂ ਬਾਕੀ ਮੰਗਾਂ, ਮੰਗ ਪੱਤਰ ਰਾਹੀ ਦੱਸੀਆਂ ਗਈਆ। ਇਸਦੇ ਨਾਲ ਮਜਦੂਰ ਔਰਤਾਂ ਨੂੰ ਸੂਬਾ ਪ੍ਰਧਾਨ ਹਰਪ੍ਰੀਤ ਕੋਰ ਧੂਰੀ ਨੇ ਕਿਰਤੀ ਲੋਕਾ ਦੀ ਗੱਲ ਕਰਦੇ ਹੋਏ ਕਿਹਾ ਕੇ ਇਹ ਜੋ ਅੱਜ ਆਪਾ ਮਜਦੂਰ ਦਿਵਸ ਮਨਾਂ ਰਹੇ ਹਾ ਪੂਰੀ ਦੁਨੀਆ ਵਿਚ 1886 ਵਿਚ ਲਾਗੂ ਹੋਇਆ ਅਤੇ ਬਾਬਾ ਸਾਹਿਬ ਨੇ ਭਾਰਤ ਵਿਚ 1923 ਵਿਚ ਲਾਗੂ ਕੀਤਾ ਅਤੇ ਮਜਦੂਰਾ ਨੂੰ ਐਤਵਾਰ ਦੀ ਛੁੱਟੀ ਦਾ ਐਲਾਨ ਕਰਵਾਇਆ ਅਤੇ 12 ਘੰਟੇ ਦਿਹਾੜੀ ਤੋਂ 8 ਘੰਟੇ ਦਾ ਸਮਾਂ ਨਿਸ਼ਚਿਤ ਕਰਵਾਇਆ । ਜੋ ਔਰਤਾਂ ਨੋਕਰੀ ਕਰਦੀਆਂ ਸਨ ਉਹਨਾਂ ਨੂੰ ਪਰੇਗਨੈਸੀ ਦੇ ਦੋਰਾਨ 6 ਮਹੀਨੇ ਦੀਆਂ ਛੁਟੀਆਂ ਦਾ ਪੈਸਾ ਦਵਾਇਆ ਅਤੇ ਹਰ ਇਕ ਨੂੰ ਦੋ ਮੈਡੀਕਲ ਛੁਟੀਆਂ ਦਾ ਕਨੂੰਨ ਵੀ ਲਾਗੂ ਕਰਵਾਇਆ ।ਇਸ ਲਈ ਅਸੀ ਉਸ ਪੈਗੰਬਰ ਬਾਬਾ ਸਾਹਿਬ ਅਤੇ ਸਮੂਹ ਮਜ਼ਦੂਰ ਸ਼ਹੀਦਾਂ ਦਾ ਕਦੀ ਦੇਣ ਨਹੀ ਦੇ ਸਕਦੇ। ਜਿੱਤ ਲੜਨ ਵਾਲੇ ਲੋਕਾਂ ਦੀ। ਜੈ ਭੀਮ ਜੈ ਭਾਰਤ ਦੇ ਨਾਹਰੇ ਨੂੰ ਬੁਲੰਦ ਕੀਤਾ ਗਿਆ।ਇਸ ਮੋਕੇ ਤੇ ਹਾਜਰ ਦਰਸਨ ਸਿੰਘ ਸੰਧੂ ਪੰਜਾਬ ਨੈਸਨਲ ਪਾਰਟੀ ਪੰਜਾਬ, ਸੂਬਾ ਕਵਾਡੀਨੈਟਰ ਪੰਜਾਬ, ਜੱਗੀ ਸਿੰਘ ਧੂਰੀ ਸਾਬਕਾ ਸਰਪੰਚ, ਜਗਤਾਰ ਸਿੰਘ ਖਾਲਸਾ, ਧਰਮਪਾਲ ਸਿੰਘ ਲਹਿਰਾ, ਦਲਜੀਤ ਕੋਰ ਸੁਨਾਮ, ਸਤਿੰਦਰ ਕੋਰ ਧੂਰੀ, ਸੁਨੀਤਾ ਦੇਵੀ ਧੂਰੀ, ਜਗਸੀਰ ਸਿੰਘ ਆਦੀ ਹਾਜਰ ਸਨ।

# ਪੰਜਾਬ ਪਬਲਿਕ ਸਕੂਲ ਨਾਭਾ ਦੇ ਵਿਦਿਆਰਥੀਆਂ ਨੇ ਬੋਰਡ ਨਤੀਜਿਆਂ ਵਿੱਚ ਮਾਰੀ ਬਾਜ਼ੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com




ਨਾਭਾ 1 ਮਈ ਬਾਂਗਾਂ/ ਬੇਅੰਤ ਸਿੰਘ ਰੋਹਟੀ ਖਾਸ) ਪੰਜਾਬ ਪਬਲਿਕ ਸਕੂਲ , ਨਾਭਾ ਦੇ ਵਿਦਿਆਰਥੀਆਂ ਨੇ ਆਈਸੀਐਸਈ (10ਵੀਂ) ਅਤੇ ਆਈਐਸਸੀ (12ਵੀਂ) ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਨ੍ਹਾਂ ਦਾ ਨਤੀਜਾ ਅੱਜ ਕੌਂਸਲ ਫਾਰ ਦ ਇੰਡੀਅਨ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨ ( ਸੀ ਆ ਈ ਐ ਸ ਸੀ ਈ ) , ਨਵੀਂ ਦਿੱਲੀ ਦੁਆਰਾ ਐਲਾਨਿਆ ਗਿਆ ਹੈ। ਆਈਸੀਐਸਈ (10ਵੀਂ) ਵਿੱਚ, ਸ਼੍ਰੇ ਜਿੰਦਲ ਨੇ 97.40% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਜਦੋਂ ਕਿ ਮਨਸੀਰਤ ਕੌਰ ਅਤੇ ਨੈਤਿਕ ਨੇ 96.80% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ। ਪ੍ਰੀਖਿਆ ਦੇਣ ਵਾਲੇ 98 ਵਿਦਿਆਰਥੀਆਂ ਵਿੱਚੋਂ 71 ਡਿਸਟਿੰਕਸ਼ਨ ਨਾਲ ਪਾਸ ਹੋਏ। 23 ਵਿਦਿਆਰਥੀ ਫਸਟ ਡਿਵੀਜ਼ਨ ਨਾਲ ਪਾਸ ਹੋਏ ਜਦੋਂ ਕਿ 4 ਸੈਕਿੰਡ ਡਿਵੀਜ਼ਨ ਨਾਲ ਪਾਸ ਹੋਏ। 1 ਵਿਦਿਆਰਥੀ ਨੇ ਕੰਪਿਊਟਰ ਐਪਲੀਕੇਸ਼ਨਾਂ ਵਿੱਚ 100 ਦਾ ਸੰਪੂਰਨ ਸਕੋਰ ਪ੍ਰਾਪਤ ਕੀਤਾ। ਬੈਚ ਔਸਤ 80.62% ਰਹੀ। ਆਈਐਸਸੀ (12ਵੀਂ) ਵਿੱਚ, ਹਰਮਨਜੋਤ ਸਿੰਘ (ਹਿਊਮੈਨਿਟੀਜ਼) 96.8% ਅੰਕ ਪ੍ਰਾਪਤ ਕਰਕੇ ਪਹਿਲੇ ਸਥਾਨ ‘ਤੇ ਰਿਹਾ । ਸਿਰਜਣਾ ਕੌਰ ਸੰਧੂ 96.5% ਅੰਕ ਪ੍ਰਾਪਤ ਕਰਕੇ ਦੂਜੇ ਸਥਾਨ ‘ਤੇ ਰਹੀ ਜਦੋਂ ਕਿ ਹਰਜਸਦੀਪ ਸਿੰਘ (ਕਾਮਰਸ) ਅਤੇ ਪਰੀਨਾਜ਼ ਕੌਰ(ਹਿਊਮੈਨਿਟੀਜ਼) 96% ਅੰਕ ਪ੍ਰਾਪਤ ਕਰਕੇ ਤੀਜੇ ਸਥਾਨ ‘ਤੇ ਰਹੇ। ਹਿਊਮੈਨਿਟੀਜ਼ ਸਟ੍ਰੀਮ ਵਿੱਚ, ਹਰਮਨਜੋਤ ਸਿੰਘ 96.8% ਅੰਕਾਂ ਨਾਲ ਪਹਿਲੇ ਸਥਾਨ ‘ਤੇ ਰਿਹਾ। ਸਿਰਜਣਾ ਕੌਰ ਸੰਧੂ 96.5% ਅੰਕਾਂ ਨਾਲ ਦੂਜੇ ਸਥਾਨ ‘ਤੇ ਰਹੀ ਜਦੋਂ ਕਿ ਪਰੀਨਾਜ਼ ਕੌਰ 96% ਅੰਕਾਂ ਨਾਲ ਤੀਜੇ ਸਥਾਨ ‘ਤੇ ਰਹੀ। ਕਾਮਰਸ ਸਟ੍ਰੀਮ ਵਿੱਚ, ਹਰਜਸਦੀਪ ਸਿੰਘ 96% ਅੰਕਾਂ ਨਾਲ ਪਹਿਲੇ ਸਥਾਨ ‘ਤੇ ਰਿਹਾ। ਗੁਰਮਨਪ੍ਰੀਤ ਕੌਰ 95.3% ਅੰਕਾਂ ਨਾਲ ਦੂਜੇ ਸਥਾਨ ‘ਤੇ ਰਹੀ ਜਦੋਂ ਕਿ ਪੁਲਕਿਤ ਅਤੇ ਸੂਰਜ ਕੁਮਾਰ ਕੇਟੀ 91.8% ਅੰਕਾਂ ਨਾਲ ਤੀਜੇ ਸਥਾਨ ‘ਤੇ ਰਹੇ । ਸਾਇੰਸ ਸਟ੍ਰੀਮ ਵਿੱਚ, ਖੁਸ਼ਮਨ ਕੌਰ 95.8% ਅੰਕਾਂ ਨਾਲ ਪਹਿਲੇ ਸਥਾਨ ‘ਤੇ ਰਹੀ। ਅਰਸ਼ਵੀਰ ਸਿੰਘ ਸਿੱਧੂ 94% ਅੰਕਾਂ ਨਾਲ ਦੂਜੇ ਸਥਾਨ ‘ਤੇ ਰਿਹਾ ਜਦੋਂ ਕਿ ਨਵਰੀਤ ਕੌਰ 93.3% ਅੰਕਾਂ ਨਾਲ ਤੀਜੇ ਸਥਾਨ ‘ਤੇ ਰਹੀ। ਆਈਐਸਸੀ ਵਿੱਚ, ਰਾਜਨੀਤੀ ਸ਼ਾਸਤਰ ਅਤੇ ਕਾਮਰਸ ਵਿੱਚ 6 ਵਿਦਿਆਰਥੀਆਂ ਨੇ 100 ਦਾ ਸੰਪੂਰਨ ਸਕੋਰ ਬਣਾਇਆ। ਪ੍ਰੀਖਿਆ ਦੇਣ ਵਾਲੇ ਕੁੱਲ 87 ਵਿਦਿਆਰਥੀਆਂ ਵਿੱਚੋਂ, 75 ਡਿਸਟਿੰਕਸ਼ਨ ਨਾਲ ਪਾਸ ਹੋਏ ਅਤੇ 12 ਫਸਟ ਡਿਵੀਜ਼ਨ ਵਿੱਚ ਪਾਸ ਹੋਏ। ਬੈਚ ਔਸਤ 84.68% ਰਹੀ। ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਸਕੂਲ ਮੈਨੇਜਮੈਂਟ ਵੱਲੋਂ, ਸਟਾਫ, ਵਿਦਿਆਰਥੀਆਂ, ਮਾਪਿਆਂ ਅਤੇ ਸਾਰੇ ਸਬੰਧਤਾਂ ਨੂੰ ਆਈ.ਐਸ.ਸੀ. ਅਤੇ ਆਈ.ਸੀ.ਐਸ.ਈ. ਦੋਵਾਂ ਵਿੱਚ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ।

# ਬਿਜਲੀ ਮੁਲਾਜ਼ਮਾਂ ਵੱਲੋਂ ਲਾਲ ਝੰਡਾ ਲਹਿਰਾ ਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ

## ਦੋਵੇਂ ਸਰਕਾਰਾਂ ਨੇ ਦੇਸ਼ ਅਤੇ ਸੂਬੇ ਦੇ ਹਾਲਾਤ ਤੋਂ ਵੀ ਬਦਤਰ ਕੀਤੇ : ਆਗੂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਲੁਧਿਆਣਾ 1 ਮਈ ( ) ਸੁੰਦਰ ਨਗਰ ਡਵੀਜ਼ਨ ਦੀਆਂ ਵੱਖ ਵੱਖ ਬਿਜਲੀ ਮੁਲਾਜਮ ਜਥੇਬੰਦੀਆਂ ਵੱਲੋਂ ਸਾਂਝੇ ਤੌਰ ‘ਤੇ 220 ਕੇਵੀ ਗੌਂਸਗੜ੍ਹ ਬਿਜਲੀ ਘਰ, 66 ਕੇਵੀ ਮੇਹਰਬਾਨ ਬਿਜਲੀ ਘਰ ਅਤੇ ਮੁੱਖ ਦਫਤਰ ਤੇ 66 ਕੇਵੀ ਨੂਰਵਾਲਾ ਬਿਜਲੀ ਘਰ ਵਿਖੇ ਮਜਦੂਰ ਦਿਵਸ ਮਨਾਇਆ ਗਿਆ ਜਿੱਥੇ 1 ਮਈ 1886 ਨੂੰ ਅਮਰੀਕਾ ਦੇ ਸ਼ਹਿਰ ਵਿੱਚ ਸੰਘਰਸ਼ ਕਰਦੇ ਹੋਏ ਸ਼ਹੀਦ ਹੋਏ ਮਜਦੂਰਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਲਾਲ ਝੰਡਾ ਲਹਿਰਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਵੱਖ ਵੱਖ ਥਾਵਾਂ ਉੱਤੇ ਲੱਡੂ ਵੀ ਵੰਡੇ ਗਏ। ਸੁੰਦਰ ਨਗਰ ਡਵੀਜ਼ਨ ਵਿਖੇ ਮੰਚ ਦਾ ਸੰਚਾਲਨ ਕਰਦਿਆਂ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਡਵੀਜ਼ਨ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਦੂਦਾਂ, ਮੁੱਖ ਬੁਲਾਰੇ ਐਡੀਸ਼ਨਲ ਐਸ ਡੀ ਓ ਰਘਵੀਰ ਸਿੰਘ ਰਾਮਗੜ੍ਹ ਸੂਬਾ ਜਥੇਬੰਦਕ ਸਕੱਤਰ ਟੀ ਐਸ ਯੂ ਤੇ ਕੇਵਲ ਸਿੰਘ ਬਨਵੈਤ ਸੂਬਾ ਮੀਤ ਪ੍ਰਧਾਨ ਪੈਨਸ਼ਨਰਜ਼ ਐਸੋਸੀਏਸ਼ਨ ਨੇ ਦੇ ਸ਼ਹੀਦਾਂ ਦੀ ਕੁਰਬਾਨੀ ਉੱਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਉਨ੍ਹਾਂ ਨੇ ਕੰਮ ਕਰਨ ਦਾ ਸਮਾਂ ਅੱਠ ਘੰਟੇ ਨਿਸਚਿਤ ਕਰਨ ਲਈ ਜਾਨਾਂ ਕੁਰਬਾਨ ਕਰ ਦਿੱਤੀਆਂ। ਉਨ੍ਹਾਂ ਵੇਲੇ ਦੀ ਤਾਨਸ਼ਾਹ ਸਰਕਾਰ ਤੇ ਸਰਮਾਏਦਾਰੀ ਨੂੰ ਝੁਕਾਅ ਕੇ ਕੇਵਲ ਆਪਣੇ ਲਈ ਹੀ ਨਹੀਂ ਬਲਕਿ ਸਾਨੂੰ ਵੀ ਹੱਕ ਲੈਕੇ ਦਿੱਤੇ। ਇਸ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਅਜਾਈ ਨਹੀਂ ਜਾਣ ਦਿੱਤੀਆਂ ਚਾਹੀਦੀਆਂ। ਉਨ੍ਹਾਂ ਮੌਜੂਦਾ ਕੇਂਦਰ ਅਤੇ ਸੂਬਾ ਸਰਕਾਰਾਂ ਉੱਤੇ ਵਰਦਿਆਂ ਕਿਹਾ ਕਿ ਦੋਵੇਂ ਸਰਕਾਰਾਂ ਨੇ ਦੇਸ਼ ਅਤੇ ਸੂਬੇ ਦੇ ਹਾਲਾਤ ਤੋਂ ਵੀ ਬਦਤਰ ਕੀਤੇ ਹੋਏ ਹਨ। ਸਰਮਾਏਦਾਰਾਂ ਨੂੰ ਲਾਭ ਦੇਣ ਲਈ ਹਰ ਖੇਤਰ ਦਾ ਨਿੱਜੀਕਰਨ ਕਰਦਿਆਂ ਉਨ੍ਹਾਂ ਨੂੰ ਅੰਨੀ ਲੁੱਟ ਦੀ ਖੁੱਲ ਦਿੱਤੀ ਜਾ ਰਹੀ ਹੈ ਪਰ ਮੁਲਾਜ਼ਮ ਵਰਗ ਅਜਿਹਾ ਨਹੀਂ ਹੋਣ ਦੇਵੇਗਾ। ਨਵੇਂ ਮੁਲਾਜਮਾਂ ਨੂੰ ਸੰਘਰਸ਼ ਦੀ ਗੁੜ੍ਹਤੀ ਦੇਣ ਹਿੱਤ ਸ੍ਰ ਰਾਮਗੜ੍ਹ ਤੇ ਸ੍ਰ ਬਨਵੈਤ ਨੇ ਪਹਿਲਾਂ ਸੰਬੋਧਨ ਕੀਤਾ ਤਾਂ ਜ਼ੋ ਉਸ ਤੋਂ ਸੇਧ ਲੈਕੇ ਨਵੇਂ ਆਗੂ ਵੀ ਦੋ ਸ਼ਬਦ ਦੇ ਸ਼ਹੀਦਾਂ ਬਾਰੇ ਜਰੂਰ ਕਹਿਣ। ਮੇਵਾ ਸਿੰਘ ਸਾਬਕਾ ਡਵੀਜ਼ਨ ਪ੍ਰਧਾਨ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ, ਧਰਮਿੰਦਰ ਸਰਕਲ ਪ੍ਰਧਾਨ ਟੀ ਐਸ ਯੂ, ਸਰਤਾਜ ਸਿੰਘ ਇੰਪਲਾਈਜ ਫੈਡਰੇਸ਼ਨ ਪਹਿਲਵਾਨ, ਬਹਾਦਰ ਸਿੰਘ ਲੁਹਾਰਾ ਐਸ ਸੀ ਬੀ ਸੀ ਇੰਪਲਾਈਜ ਵੈਲਫੇਅਰ ਫੈਡਰੇਸ਼ਨ, ਧਰਮਪਾਲ ਟੀ ਐਸ ਯੂ ਤੇ ਕੇਸ਼ਵ ਦਿਆਲ ਸੀਐਚਵੀ ਨੇ ਵੀ ਸੰਬੋਧਨ ਕੀਤਾ। ਮੇਹਰਬਾਨ ਗਰਿੱਡ ‘ਤੇ ਗੁਰਵਿੰਦਰ ਸਿੰਘ ਮੁੱਖ ਖਜਾਨਚੀ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਵੱਲੋਂ ਚਾਹ ਦੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਤੇ ਜਗੀਰ ਸਿੰਘ ਸਾਬਕਾ ਸੂਬਾ ਮੀਤ ਪ੍ਰਧਾਨ ਟੀ ਐਸ ਯੂ ਉਚੇਚੇ ਤੌਰ ‘ਤੇ ਪਹੁੰਚੇ। ਇਸ ਮੌਕੇ ਗੌਰਵ ਕੁਮਾਰ, ਬਲਵੀਰ ਚੰਦ, ਦੀਪਕ ਕੁਮਾਰ, ਕਰਤਾਰ ਸਿੰਘ, ਹਿਰਦੇ ਰਾਮ, ਗੁਰਦੀਪ ਸਿੰਘ, ਰਾਜੇਸ਼ ਕੁਮਾਰ, ਜਗਦੀਸ਼ ਚੰਦ, ਅਮਰਜੀਤ ਸਿੰਘ, ਤਿਲਕਰਾਜ, ਅਮਰੀਕ ਸਿੰਘ, ਰਾਮ ਅਵਧ, ਬਲਸ਼ੇਰ ਸਿੰਘ, ਕਮਲਦੀਪ ਸਿੰਘ, ਕਮਲਜੀਤ ਸਿੰਘ, ਸ਼ਿਵ ਕੁਮਾਰ, ਨਰਿੰਦਰ ਸਿੰਘ, ਰਮਨ, ਪਰਮਪਾਲ ਸਿੰਘ, ਨਿਰਭੈ ਸਿੰਘ, ਬਿੰਦਰ, ਸੋਮਨਾਥ, ਸਰਬਜੀਤ ਸਿੰਘ ਅਤੇ ਹੋਰ ਹਾਜ਼ਰ ਸਨ।

ਬਾਅਦ ਵਿੱਚ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਵੱਲੋਂ ਨਵੇਂ ਬਣੇ 66 ਕੇਵੀ ਬਿਜਲੀ ਘਰ ਟਿੱਬਾ ਥਾਣਾ ਵਿਖੇ ਵੀ ਯੂਨੀਅਨ ਦਾ ਲਾਲ ਝੰਡਾ ਲਹਿਰਾ ਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਜਿੱਥੇ ਗੁਰਪ੍ਰੀਤ ਸਿੰਘ ਮਹਿਦੂਦਾਂ, ਮੇਵਾ ਸਿੰਘ, ਸ਼ਰਨਜੀਤ ਸਿੰਘ, ਦੀਪਕ ਕੁਮਾਰ, ਬਹਾਦਰ ਸਿੰਘ ਲੁਹਾਰਾ, ਕਰਤਾਰ ਸਿੰਘ, ਹਿਰਦੇ ਰਾਮ, ਬਲਸ਼ੇਰ ਸਿੰਘ, ਰਾਮ ਅਵਧ, ਅਮਰਜੀਤ ਸਿੰਘ, ਪੰਕਜ, ਧਰਮਪਾਲ ਤੋਂ ਇਲਾਵਾ ਹੋਰ ਹਾਜ਼ਰ ਸਨ।

# ਪਸ਼ੂ ਪਾਲਣ ਵਿਭਾਗ ਫਾਰਮ ਨਾਭਾ ਦੇ ਕੱਚੇ ਦਿਹਾੜੀਦਾਰ ਕਾਮਿਆਂ ਨੇ ਮਨਾਇਆ ਮਜ਼ਦੂਰ ਦਿਵਸ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਫੋਟੋ ਕੈਪਸਨ: ਮਜਦੂਰ ਦਿਵਸ ਮੌਕੇ ਪਸ਼ੂ ਪਾਲਣ ਵਿਭਾਗ ਫਾਰਮ ਨਾਭਾ ਦੇ ਕੱਚੇ ਦਿਹਾੜੀਦਾਰ ਵਰਕਰ ਸਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ।

ਨਾਭਾ, 1 ਮਈ (ਬਾਂਗਾਂ/ ਬੇਅੰਤ ਸਿੰਘ ਰੋਹਟੀ ਖਾਸ)- ਅੱਜ ਪਸ਼ੂ ਪਾਲਣ ਵਿਭਾਗ ਫਾਰਮ ਨਾਭਾ ਦੇ ਕੱਚੇ ਦਿਹਾੜੀਦਾਰ ਵਰਕਰਾਂ ਨੇ ਫਾਰਮ ਦੇ ਮੇਨ ਗੇਟ ਤੇ ਇਕੱਠੇ ਹੋ ਕੇ ਝੰਡਾ ਚੜਾ ਕੇ ਸਿਕਾਗੋ ਦੇ ਸ਼ਹੀਦਾ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਸੰਵਿਧਾਨ ਬਚਾਓ ਅੰਦੋਲਨ ਭਾਰਤ ਦੇ ਕਨਵੀਨਰ ਗੁਰਚਰਨ ਸਿੰਘ ਰਾਮਗੜ੍ਹ ਅਤੇ ਪਸ਼ੂ ਪਾਲਣ ਫਾਰਮ ਨਾਭਾ ਦੇ ਯੂਨੀਅਨ ਦੇ ਪ੍ਰਧਾਨ ਚਮਕੌਰ ਸਿੰਘ ਧਾਰੋਂਕੀ ਨੇ ਕਿਹਾ ਕਿ ਅੱਜ ਦੇ ਦਿਨ ਅਮਰੀਕਾ ਦੇ ਸ਼ਹਿਰ ਸਿਕਾਗੋ ਵਿੱਚ ਆਪਣੇ ਹੱਕ ਮੰਗਦੇ ਮਜ਼ਦੂਰਾਂ ਉਤੇ ਉਸ ਵੇਲੇ ਦੇ ਹੁਕਮਰਾਨਾ ਨੇ ਤਸ਼ੱਦਦ ਕਰਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਸੀ ਅਤੇ ਉਦੋਂ ਤੋਂ ਹੀ ਮਜ਼ਦੂਰਾਂ ਵੱਲੋਂ ਸਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ। ਇਸ ਮੌਕੇ ਸਤਨਾਮ ਸਿੰਘ ਬਿਸ਼ਨਪੁਰਾ, ਦਰਸ਼ਨ ਸਿੰਘ ਛੰਨਾ, ਕਰਮ ਸਿੰਘ ਨਾਭਾ, ਸਮਸ਼ੇਰ ਸਿੰਘ ਥੂਹੀ, ਗੁਰਜੰਟ ਸਿੰਘ ਛੰਨਾ, ਕੇਵਲ ਸਿੰਘ ਕੋਟ ਕਲ੍ਹਾਂ ਆਦਿ ਨੇ ਬੋਲਦਿਆਂ ਕਿਹਾ ਕਿ ਸਿਕਾਗੋ ਦੇ ਸ਼ਹੀਦਾਂ ਵਾਂਗ ਅੱਜ ਦੇ ਮਜ਼ਦੂਰਾਂ ਦੀ ਹਾਲਤ ਵੀ ਉਨ੍ਹਾਂ ਵਰਗੀ ਹੈ, ਕਿਉਂਕਿ ਅੱਜ ਵੀ ਮਜ਼ਦੂਰ, ਕੱਚੇ ਮੁਲਾਜ਼ਮ ਆਦਿ ਵਰਕਰ ਜਦੋਂ ਧਰਨੇ, ਮੁਜ਼ਾਹਰੇ ਕਰਕੇ ਆਪਣਾ ਹੱਕ ਮੰਗਦੇ ਹਨ ਤਾਂ ਅੱਜ ਦੇ ਹੁਕਮਰਾਨ ਵੀ ਉਨ੍ਹਾਂ ਤੇ ਲਾਠੀ ਚਾਰਜ ਕਰ ਦਿੰਦੇ ਹਨ। ਪਸ਼ੂ ਪਾਲਣ ਫਾਰਮ ਨਾਭਾ ਦੇ ਕੱਚੇ ਵਰਕਰਾਂ ਨੇ ਬੋਲਦਿਆਂ ਕਿਹਾ ਕਿ ਅਸੀਂ ਇਸ ਸਰਕਾਰੀ ਅਦਾਰੇ ਵਿੱਚ ਪਿਛਲੇ 25-30 ਸਾਲਾਂ ਤੋਂ ਬਹੁਤ ਹੀ ਘੱਟ ਤਨਖਾਹਾਂ ਤੇ ਕੰਮ ਕਰਨ ਲਈ ਮਜਬੂਰ ਹਾਂ। ਮੁਲਾਜ਼ਮਾਂ, ਕੱਚੇ ਵਰਕਰਾਂ, ਮਜ਼ਦੂਰਾਂ ਅਤੇ ਗਰੀਬ ਲੋਕਾਂ ਦੀ ਬਦੌਲਤ ਅੱਜ ਦੀ ਆਪ ਸਰਕਾਰ ਸੱਤਾ ਵਿੱਚ ਆਈ ਸੀ, ਪਰ ਇਸ ਬੇਈਮਾਨ ਸਰਕਾਰ ਨੇ ਉਕਤ ਸਮੂਹ ਦੀ ਭੋਰਾ ਵੀ ਸਾਰ ਨਹੀਂ ਲਈ। ਅੱਜ ਕੱਚੇ ਵਰਕਰਾਂ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਹੈ, ਕਿਉਂਕਿ ਮਹਿੰਮਾਈ ਐਨੀ ਹੈ ਕਿ 10 ਹਜਾਰ ਰੁਪਏ ਪ੍ਰਤੀ ਮਹੀਨਾ ਲੈਣ ਵਾਲਾ ਵਰਕਰ ਕਿਵੇਂ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਸਹੀ ਢੰਗ ਨਾਲ ਕਰੇਗਾ। ਆਗੂਆਂ ਨੇ ਕਿਹਾ ਕਿ ਮਾਨ ਸਾਹਿਬ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਅਕਸਰ ਇਹ ਕਿਹਾ ਕਰਦੇ ਸਨ ਕਿ ਹਰੇਕ ਵਿਭਾਗ ਦੇ ਕੱਚੇ ਵਰਕਰ ਦੀ ਤਨਖਾਹ ਘੱਟ ਤੋਂ ਘੱਟ 15 ਹਜਾਰ ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਜਾਵੇਗੀ ਅਤੇ ਕੱਚੇ ਵਰਕਰਾਂ ਨੂੰ ਜਲਦ ਹੀ ਪੱਕਾ ਕਰ ਦਿੱਤਾ ਜਾਵੇਗਾ। ਪਰ ਅੱਜ ਪੰਜਾਬ ਦੇ ਸਾਰੇ ਕੱਚੇ ਵਰਕਰ ਬਹੁਤ ਦੁਖੀ ਹਨ, ਕਿਉਂਕਿ ਮੁੱਖ ਮੰਤਰੀ ਸਾਹਿਬ ਨੇ ਅੱਜ ਤੱਕ ਕਿਸੇ ਵੀ ਕੱਚੇ ਵਰਕਰ ਨੂੰ ਨਾ ਹੀ ਪੱਕਾ ਕੀਤਾ ਹੈ ਅਤੇ ਨਾ ਹੀ ਉਨ੍ਹਾਂ ਦੀ ਤਨਖਾਹ ਵਿੱਚ ਯੋਗ ਵਾਧਾ ਕੀਤਾ ਹੈ, ਸਗੋਂ ਮੁੱਖ ਮੰਤਰੀ ਨੇ ਆਪਣਾ ਸਵਾ ਤਿੰਨ ਸਾਲ ਦਾ ਕਾਰਜਕਾਲ ਫੋਕੀ ਇਸ਼ਤਿਹਾਰਬਾਜ਼ੀ ਕਰਨ ਅਤੇ ਪਿਛਲੀਆਂ ਸਰਕਾਰਾਂ ਨੂੰ ਭੰਡਣ ਤੇ ਹੀ ਲੰਘਾ ਦਿੱਤਾ ਹੈ। ਮੁੱਖ ਮੰਤਰੀ ਨੇ ਇੱਕ-ਦੋ ਵਿਭਾਗਾਂ ਵਿੱਚ ਨਿਗੁਣੀਆਂ ਤਨਖਾਹਾਂ ਤੇ ਨਵੀਂ ਭਰਤੀ ਕਰਕੇ ਫੋਕੀ ਵਾਹ- ਵਾਹ ਜ਼ਰੂਰ ਖੱਟ ਲਈ ਹੈ। ਸਰਕਾਰ ਵੱਲੋਂ ਮਿਤੀ 01-03-2025 ਤੋਂ ਡੀਸੀ ਰੇਟ ਵਿੱਚ ਮਾਮੂਲੀ ਵਾਧਾ ਕਰਕੇ ਕੱਚੇ ਵਰਕਰਾਂ ਨਾਲ ਕੋਝਾ ਮਜਾਕ ਕੀਤਾ ਹੈ। ਅੰਤ ਵਿੱਚ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਪਸ਼ੂ ਪਾਲਣ ਵਿਭਾਗ ਫਾਰਮ ਨਾਭਾ ਵਿੱਚ ਪਿਛਲੇ 25-30 ਸਾਲਾਂ ਤੋਂ ਰੈਗੂਲਰ ਕੰਮ ਕਰਦੇ ਕੱਚੇ ਵਰਕਰਾਂ ਨੂੰ ਬਿਨ੍ਹਾਂ ਸ਼ਰਤ ਪੱਕਾ ਕੀਤਾ ਜਾਵੇ, ਉਨ੍ਹਾਂ ਨੂੰ ਬਣਦੀ ਤਨਖਾਹ ਦਿੱਤੀ ਜਾਵੇ ਅਤੇ ਹੋਰ ਸਹੂਲਤਾਂ ਦੇ ਲਾਭ ਉਨ੍ਹਾਂ ਨੂੰ ਦਿੱਤੇ ਜਾਣ। ਇਸ ਮੌਕੇ ਫਾਰਮ ਦੇ ਸਮੂਹ ਕੱਚੇ, ਪੱਕੇ ਅਤੇ ਬਾਹਰੋਂ ਆਏ ਸਾਥੀਆਂ ਨੇ ਭਾਗ ਲਿਆ।

# ਪਟਿਆਲਾ ‘ਚ ਵਿਧਾਇਕਾਂ ਤੇ ਵੱਡੀ ਗਿਣਤੀ ਆਪ ਕਾਰਕੁੰਨਾਂ ਨੇ ਭਾਜਪਾ ਆਗੂਆਂ ਕੈਪਟਨ ਤੇ ਪ੍ਰਨੀਤ ਕੌਰ ਦੇ ਘਰ ਮੂਹਰੇ ਸਾੜਿਆ ਕੇਂਦਰ ਸਰਕਾਰ ਦਾ ਪੁਤਲਾ

- -ਪੰਜਾਬ ਦੇ ਪਾਣੀਆਂ ‘ਤੇ ਡਾਕਾ ਨਹੀਂ ਮਾਰਨ ਦੇਵਾਂਗੇ, ਭਾਜਪਾ ਦੀ ਕੇਂਦਰ ਸਰਕਾਰ ਪੰਜਾਬ ਨਾਲ ਧੱਕਾ ਬੰਦ ਕਰੇ-ਐਮ.ਐਲ.ਏ. ਦੇਵ ਮਾਨ
- -ਪੰਜਾਬ ਦਾ ਪਾਣੀ ਸਾਡੇ ਖ਼ੂਨ ਤੋਂ ਵੀ ਮਹਿੰਗਾ, ਸਾਡੇ ਕੋਲ ਇੱਕ ਬੂੰਦ ਵੀ ਵਾਧੂ ਪਾਣੀ ਨਹੀਂ-ਕੁਲਵੰਤ ਸਿੰਘ ਬਾਜ਼ੀਗਰ
- -ਕਿਹਾ, ਕੇਂਦਰ ਦੀ ਵਧੀਕੀ ਬਰਦਾਸ਼ਤ ਨਹੀਂ ਕਰੇਗਾ ਪੰਜਾਬ, ਭਾਜਪਾ ਆਗੂ ਸਾਜ਼ਿਸ਼ੀ ਚੁੱਪ ਤੋੜਨ
- -'ਪੰਜਾਬ ਤੇ ਪੰਜਾਬੀਆਂ ਖ਼ਿਲਾਫ਼ ਡੂੰਘੀ ਸਾਜ਼ਿਸ਼ ਦਾ ਡੱਟਕੇ ਜਵਾਬ ਦੇਵੇਗਾ ਪੰਜਾਬ'-ਹਡਾਣਾ, ਗੋਗੀਆ
- -ਦੂਜੀਆਂ ਪਾਰਟੀਆਂ ਵੀ ਪੰਜਾਬ ਦੇ ਪਾਣੀਆਂ ਦੀ ਆਵਾਜ਼ ਬੁਲੰਦ ਕਰਨ-ਮਹਿਤਾ, ਸ਼ੇਰਮਾਜਰਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਪਟਿਆਲਾ, 1 ਮਈ:(ਬੇਅੰਤ ਸਿੰਘ ਰੋਹਟੀ ਖਾਸ) ਕੇਂਦਰ ਦੀ ਭਾਜਪਾ ਸਰਕਾਰ ਦੀ ਸ਼ਹਿ ‘ਤੇ ਪੰਜਾਬ ਨਾਲ ਧੱਕਾ ਕਰਦਿਆਂ ਬੀ.ਬੀ. ਐਮ.ਬੀ. ਵੱਲੋਂ ਹਰਿਆਣਾ ਨੂੰ ਫ਼ੌਰੀ 8500 ਕਿਊਸਿਕ ਵਾਧੂ ਪਾਣੀ ਧੱਕੇ ਨਾਲ ਛੱਡੇ ਜਾਣ ਦੇ ਫ਼ੈਸਲੇ ਵਿਰੁੱਧ ਅੱਜ ਜ਼ਿਲ੍ਹੇ ਦੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਅਗਵਾਈ ਹੇਠ ਪਟਿਆਲਾ ਵਿਖੇ ਭਾਜਪਾ ਆਗੂਆਂ ਦੀ ਰਿਹਾਇਸ਼ ਮੂਹਰੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਕੇਂਦਰ ਦੀ ਭਾਜਪਾ ਸਰਕਾਰ ਦਾ ਪੁਤਲਾ ਫੂਕਦਿਆਂ ਨਾਭਾ ਤੇ ਸ਼ੁਤਰਾਣਾ ਦੇ ਵਿਧਾਇਕਾਂ ਗੁਰਦੇਵ ਸਿੰਘ ਦੇਵ ਮਾਨ ਅਤੇ ਕੁਲਵੰਤ ਸਿੰਘ ਬਾਜ਼ੀਗਰ ਨੇ ਜ਼ੋਰਦਾਰ ਮੰਗ ਕੀਤੀ ਕਿ ਭਾਜਪਾ ਵੱਲੋਂ ਪੰਜਾਬ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਬੰਦ ਕੀਤੀ ਜਾਵੇ।

ਰੋਸ ਪ੍ਰਦਰਸ਼ਨ ਮੌਕੇ ਪੀ.ਆਰ.ਟੀ.ਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਤੇਜਿੰਦਰ ਮਹਿਤਾ, ਦਿਹਾਤੀ ਪ੍ਰਧਾਨ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ ਤੇ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਸਮੇਤ ਜ਼ਿਲ੍ਹੇ ਦੇ ਸਾਰੇ ਹਲਕਿਆਂ ਦੇ ਵੱਡੀ ਗਿਣਤੀ ਆਗੂਆਂ ਤੇ ਆਪ ਕਾਰਕੁੰਨਾਂ ਨੇ ਕੇਂਦਰ ਸਰਕਾਰ, ਹਰਿਆਣਾ ਸਰਕਾਰ, ਭਾਰਤੀ ਜਨਤਾ ਪਾਰਟੀ ਤੇ ਬੀ.ਬੀ.ਐਮ.ਬੀ. ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਤੇ ਭਾਜਪਾ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਨੀਤ ਕੌਰ ਦੀ ਰਿਹਾਇਸ਼ ਤੱਕ ਰੋਸ ਮਾਰਚ ਕਰਕੇ ਭਾਜਪਾ ਦੀ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ।



ਫੋਟੋ ਕੈਪਸ਼ਨ-ਪਟਿਆਲਾ ਵਿਖੇ ਭਾਜਪਾ ਆਗੂਆਂ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਨੀਤ ਕੌਰ ਦੇ ਘਰ ਮੂਹਰੇ ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਅਤੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਤੇ ਵੱਡੀ ਗਿਣਤੀ ਕਾਰਕੁੰਨ ਕੇਂਦਰ ਸਰਕਾਰ ਦਾ ਪੁਤਲਾ ਸਾੜਕੇ ਰੋਸ ਪ੍ਰਦਰਸ਼ਨ ਕਰਦੇ ਹੋਏ।

ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਕੋਲ ਕੇਵਲ ਆਪਣੇ ਜੋਗਾ ਹੀ ਪਾਣੀ ਹੈ ਤੇ ਹਰਿਆਣਾ ਪਹਿਲਾਂ ਹੀ ਆਪਣੇ ਹਿੱਸੇ ਤੋਂ ਵਾਧੂ ਪਾਣੀ ਲੈ ਚੁੱਕਾ ਹੈ ਪਰੰਤੂ ਹੁਣ 8500 ਕਿਊਸਿਕ ਪਾਣੀ ਦਾ ਡਾਕਾ ਮਾਰਕੇ ਪੰਜਾਬ ਨਾਲ ਧੱਕਾ ਕੀਤਾ ਜਾ ਰਿਹਾ ਹੈ, ਜਿਸ ਨੂੰ ਪੰਜਾਬ ਸਰਕਾਰ ਤੇ ਆਮ ਆਦਮੀ ਪਾਰਟੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬਰਦਾਸ਼ਤ ਨਹੀਂ ਕਰੇਗੀ। ਦੇਵ ਮਾਨ ਨੇ ਕਿਹਾ ਕਿ ਕੇਂਦਰ ਤੇ ਭਾਜਪਾ ਦੀਆਂ ਹਰਿਆਣਾ, ਦਿੱਲੀ ਤੇ ਰਾਜਸਥਾਨ ਸਰਕਾਰਾਂ, ਪੰਜਾਬ ਤੇ ਪੰਜਾਬੀਆਂ ਖ਼ਿਲਾਫ਼ ਡੂੰਘੀ ਸਾਜ਼ਿਸ਼ ਕਰਕੇ ਸੂਬੇ ਨਾਲ ਵਧੀਕੀ ਕਰ ਰਹੀਆਂ ਹਨ, ਜਿਸ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਤੇ ਉਦਯੋਗ ਪਾਣੀ ਬਿਨ੍ਹਾਂ ਬਰਬਾਦ ਹੋ ਜਾਣਗੇ, ਇਸ ਲਈ ਪੰਜਾਬ ਕਦੇ ਵੀ ਆਪਣੇ ਹੱਕਾਂ ‘ਤੇ ਡਾਕਾ ਬਰਦਾਸ਼ਤ ਨਹੀਂ ਕਰੇਗਾ।

ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਭਾਜਪਾ ਜਾਣਬੁੱਝਕੇ ਪੰਜਾਬ ਦਾ ਸ਼ਾਂਤਮਈ ਮਾਹੌਲ ਖ਼ਰਾਬ ਕਰਨ ‘ਤੇ ਤੁਲੀ ਹੋਈ ਹੈ ਪਰੰਤੂ ਪੰਜਾਬ ਦੇ ਲੋਕ ਅਜਿਹਾ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਇੱਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ ਅਤੇ ਪੰਜਾਬ ਦਾ ਪਾਣੀ ਸਾਡੇ ਖ਼ੂਨ ਤੋਂ ਵੀ ਮਹਿੰਗਾ ਹੈ। ਬਾਜ਼ੀਗਰ ਨੇ ਦੋਸ਼ ਲਾਇਆ ਕਿ ਜਾਣਬੁੱਝ ਕੇ ਪੰਜਾਬ ਤੇ ਪੰਜਾਬੀਆਂ ਨੂੰ ਬਰਬਾਦ ਕਰਨ ਦੀ ਸਾਜ਼ਿਸ਼ ਤਹਿਤ ਕੇਂਦਰ ਦੀ ਭਾਜਪਾ ਸਰਕਾਰ ਤੇ ਹਰਿਆਣਾ ਸਮੇਤ ਬੀ.ਬੀ.ਐਮ.ਬੀ. ਮਿਲਕੇ ਪੰਜਾਬ ਦਾ ਪਾਣੀ ਲੁੱਟਣ ਲੱਗੇ ਹਨ, ਜਿਸ ਨੂੰ ਆਪ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਦੇ ਵੀ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ।

ਚੇਅਰਮੈਨ ਰਣਜੋਧ ਸਿੰਘ ਹਡਾਣਾ ਤੇ ਮੇਅਰ ਕੁੰਦਨ ਗੋਗੀਆਂ ਨੇ ਕਿਹਾ ਕਿ ਪੰਜਾਬ ਦੇ ਭਾਜਪਾ ਆਗੂਆਂ ਨੂੰ ਆਪਣੀ ਸਾਜ਼ਸ਼ੀ ਚੁੱਪ ਤੋੜਨੀ ਚਾਹੀਦੀ ਹੈ ਤੇ ਸੱਤਾ ਦਾ ਸੁੱਖ ਤਿਆਗ ਕੇ ਪੰਜਾਬ ਦੇ ਲੋਕਾਂ ਨਾਲ ਖੜ੍ਹਨਾ ਚਾਹੀਦਾ ਹੈ। ਆਪ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਮਹਿਤਾ ਤੇ ਮੇਘ ਚੰਦ ਸ਼ੇਰਮਾਜਰਾ ਨੇ ਕਿਹਾ ਕਿ ਕਾਂਗਰਸ ਸਮੇਤ ਦੂਜੀਆਂ ਪਾਰਟੀਆਂ ਨੂੰ ਵੀ ਪੰਜਾਬ ਦੇ ਹੱਕਾਂ ਲਈ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

ਇਸ ਮੌਕੇ ਆਪ ਆਗੂ ਇੰਦਰਜੀਤ ਸਿੰਘ ਸੰਧੂ, ਜਸਬੀਰ ਸਿੰਘ ਗਾਂਧੀ, ਗੁਰਜੀਤ ਸਿੰਘ ਸਾਹਨੀ, ਦਵਿੰਦਰਪਾਲ ਸਿੰਘ ਮਿੱਕੀ, ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਪ੍ਰਦੀਪ ਜੋਸ਼ਨ, ਸਬਜੀਤ ਸਿੰਘ ਅਬਲੋਵਾਲ, ਵੱਡੀ ਗਿਣਤੀ ਜ਼ਿਲ੍ਹੇ ਦੇ ਆਪ ਕੌਂਸਲਰ, ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ, ਰਾਜਪੁਰਾ, ਘਨੌਰ, ਨਾਭਾ, ਸਮਾਣਾ, ਸਨੌਰ ਤੇ ਸ਼ੁਤਰਾਣਾ ਹਲਕੇ ਦੇ ਆਗੂਆਂ ਤੇ ਵਰਕਰਾਂ ਨੇ ਇਸ ਰੋਸ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਕੀਤੀ।

# ਇਨਰਵ੍ਹੀਲ ਕਲੱਬ ਨੇ ਮਜ਼ਦੂਰ ਦਿਵਸ ‘ਤੇ ਚਾਰ ਪ੍ਰੋਜੈਕਟ ਲਾਗੂ ਕੀਤੇ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਫਗਵਾੜਾ, 1 ਮਈ (ਸ਼ਿਵ ਕੋੜਾ) ਸਮਾਜ ਸੇਵਾ ਲਈ ਸਮਰਪਿਤ ਇੱਕ ਪ੍ਰਮੁੱਖ ਮਹਿਲਾ ਸੰਗਠਨ, ਇਨਰਵ੍ਹੀਲ ਕਲੱਬ ਦੁਆਰਾ ਕਲੱਬ ਪ੍ਰਧਾਨ ਸੁਮਿਤਾ ਪਰਾਸ਼ਰ ਦੀ ਅਗਵਾਈ ਹੇਠ ਅੱਜ ਮਜ਼ਦੂਰ ਦਿਵਸ ਨੂੰ ਸਮਰਪਿਤ ਚਾਰ ਪ੍ਰੋਜੈਕਟ ਸਫਲਤਾਪੂਰਵਕ ਲਾਗੂ ਕੀਤੇ ਗਏ। ਇਸ ਸਬੰਧ ਵਿੱਚ, ਇਨਰਵ੍ਹੀਲ ਕਲੱਬ (ਜ਼ਿਲ੍ਹਾ 307) ਦੀ ਜ਼ਿਲ੍ਹਾ ਚੇਅਰਮੈਨ ਸ਼੍ਰੀਮਤੀ ਮਨਮੋਹਨ ਸੂਰੀ ਨੇ ਸਥਾਨਕ ਬਲੱਡ ਬੈਂਕ, ਗੁਰੂ ਹਰਗੋਬਿੰਦ ਨਗਰ, ਫਗਵਾੜਾ ਵਿਖੇ ਆਯੋਜਿਤ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦੋਂ ਕਿ ਜ਼ਿਲ੍ਹਾ ਸੰਪਾਦਕ ਡਾ. ਸੀਮਾ ਰਾਜਨ ਅਤੇ ਸਾਬਕਾ ਜ਼ਿਲ੍ਹਾ ਚੇਅਰਮੈਨ (ਪੀਡੀਸੀ) ਸ਼੍ਰੀਮਤੀ ਕੇਸ਼ਲਤਾ ਬਿਮਰਾ ਵਿਸ਼ੇਸ਼ ਮਹਿਮਾਨਾਂ ਵਜੋਂ ਮੌਜੂਦ ਸਨ। ਪ੍ਰੋਗਰਾਮ ਦੌਰਾਨ, ਪਹਿਲੇ ਪ੍ਰੋਜੈਕਟ ਦੇ ਤਹਿਤ, ਮਜ਼ਦੂਰ ਵਰਗ ਦੀਆਂ ਤਿੰਨ ਔਰਤਾਂ ਨੂੰ ਕੱਪੜੇ ਦਿੱਤੇ ਗਏ ਅਤੇ ਹਰੇਕ ਔਰਤ ਨੂੰ ਰਾਸ਼ਨ ਲਈ 3100 ਰੁਪਏ ਦੀ ਨਕਦ ਰਕਮ ਦਿੱਤੀ ਗਈ। ਦੂਜੇ ਪ੍ਰੋਜੈਕਟ ਦੇ ਤਹਿਤ, ਇੱਕ ਲੋੜਵੰਦ ਵਿਧਵਾ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਇੱਕ ਸਿਲਾਈ ਮਸ਼ੀਨ ਦਿੱਤੀ ਗਈ। ਤੀਜੇ ਪ੍ਰੋਜੈਕਟ ਵਿੱਚ ਬਲੱਡ ਬੈਂਕ ਦੁਆਰਾ ਗੂੰਜ ਸੰਸਥਾ ਨੂੰ ਭੇਜੇ ਗਏ ਪੁਰਾਣੇ ਪਰ ਪਹਿਨਣਯੋਗ ਕੱਪੜੇ ਦਾਨ ਕਰਨਾ ਸ਼ਾਮਲ ਸੀ। ਚੌਥੇ ਪ੍ਰੋਜੈਕਟ ਵਜੋਂ, ਫਗਵਾੜਾ ਦੇ ਸੁਖਚੈਨ ਰੋਡ ‘ਤੇ ਸਥਿਤ ਗਊਸ਼ਾਲਾ ਵਿੱਚ ਪਾਲੀਆਂ ਗਈਆਂ ਗਾਵਾਂ ਦੇ ਚਾਰੇ ਲਈ ਪ੍ਰਬੰਧਕਾਂ ਨੂੰ 15 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਭੇਟ ਕੀਤੀ ਗਈ।



ਮੁੱਖ ਮਹਿਮਾਨ ਮਨਮੋਹਨ ਸੂਰੀ ਨੇ ਕਲੱਬ ਦੇ ਯਤਨਾਂ ਦੀ ਬਹੁਤ ਸ਼ਲਾਘਾ ਕੀਤੀ ਅਤੇ ਕਿਹਾ ਕਿ ਜ਼ਿਲ੍ਹਾ 307 ਨੂੰ ਇਨਰਵੀਲ ਕਲੱਬ ਫਗਵਾੜਾ ‘ਤੇ ਮਾਣ ਹੈ ਜੋ ਸਮਾਜ ਸੇਵਾ ਵਿੱਚ ਮੋਹਰੀ ਹੈ। ਇਹ ਕਲੱਬ ਹਮੇਸ਼ਾ ਪੂਰੇ ਉਤਸ਼ਾਹ ਨਾਲ ਸਮਾਜ ਸੇਵਾ ਵਿੱਚ ਯੋਗਦਾਨ ਪਾ ਰਿਹਾ ਹੈ। ਅੰਤ ਵਿੱਚ, ਕਲੱਬ ਦੀ ਪ੍ਰਧਾਨ ਸੁਮਿਤਾ ਪਰਾਸ਼ਰ ਨੇ ਮੁੱਖ ਮਹਿਮਾਨ ਦਾ ਉਨ੍ਹਾਂ ਦੇ ਆਉਣ ਲਈ ਧੰਨਵਾਦ ਕੀਤਾ। ਕਲੱਬ ਵੱਲੋਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਕਲੱਬ ਦੇ ਸਕੱਤਰ ਭਾਰਤੀ ਰਾਓ, ਸਰੋਜ ਪੱਬੀ ਆਈਐਸਓ ਅਤੇ ਖਜ਼ਾਨਚੀ ਸੋਨਮ ਸਹਿਦੇਵ ਆਦਿ ਹਾਜ਼ਰ ਸਨ।

# ਲੁੱਟ ਰਹਿਤ ਸਮਾਜ ਦੀ ਸਿਰਜਣਾ ਲਈ ਕਿਰਤੀਆਂ ਦੀ ਏਕਤਾ ਤੇ ਸੰਘਰਸ਼ ਸਮੇਂ ਦੀ ਮੁੱਖ ਲੋੜ ,,,-ਚੌਹਾਨ

## ਸੀ ਪੀ ਆਈ ਪਾਰਟੀ ਦਫ਼ਤਰ ਵਿਖੇ ਚੜ੍ਹਾਇਆ ਝੰਡਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਮਾਨਸਾ 1 ਮਈ (ਆਤਮਾ ਸਿੰਘ ਪਮਾਰ ) ਮਜ਼ਦੂਰ ਦਿਵਸ ਮੌਕੇ ਸੀ ਪੀ ਆਈ ਤੇ ਹੋਰ ਵੱਖ ਵੱਖ ਜੱਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਵੱਲੋਂ ਮਾਨਸਾ ਪਾਰਟੀ ਦਫ਼ਤਰ ਵਿਖੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਵੱਲੋਂ ਸ਼ਹਿਰੀ ਸਕੱਤਰ ਰਤਨ ਭੋਲਾ ਦੀ ਅਗਵਾਈ ਹੇਠ ਝੰਡਾ ਚੜਾਇਆ ਗਿਆ।

ਇਸ ਮੌਕੇ ਜੁੜੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਸਾਥੀ ਚੌਹਾਨ ਨੇ ਕਿਹਾ ਕਿ ਦੇਸ਼ ਵਿੱਚ ਫਾਸ਼ੀਵਾਦੀ ਤਾਕਤਾਂ ਤੇ ਪੂੰਜੀਪਤੀਆਂ ਕਾਰਪੋਰੇਟ ਘਰਾਣਿਆਂ ਦੀ ਜਕੜ ਬਣ ਚੁੱਕੀ ਹੈ। ਜਿਸ ਕਾਰਨ ਕਿਰਤ ਵਿਰੋਧੀ ਸੱਤਾਧਾਰੀ ਧਿਰ ਕਿਰਤ ਵਿਰੋਧੀ ਕਾਨੂੰਨਾਂ ਨੂੰ ਲਾਗੂ ਕਰ ਰਹੀ ਹੈ।ਪਹਿਲੇ ਚੱਲ ਰਹੇ ਕਿਰਤ ਕਾਨੂੰਨਾਂ ਨੂੰ ਤੋੜ ਕੇ ਨਵੇਂ ਲੇਬਰ ਕੋਡ ਜੋ ਮਜ਼ਦੂਰ ਵਿਰੋਧੀ ਤੇ ਕਾਰਪੋਰੇਟ ਪੱਖੀ ਹਨ ਨੂੰ ਲਾਗੂ ਕੀਤਾ ਜਾ ਰਿਹਾ ਹੈ। ਇਹਨਾਂ ਵਿਰੁੱਧ ਲੁੱਟ ਰਹਿਤ ਸਮਾਜ ਸਿਰਜਣ ਲਈ ਕਿਰਤੀਆਂ ਦੀ ਏਕਤਾ ਅਤੇ ਸੰਘਰਸ਼ ਸਮੇਂ ਦੀ ਮੁੱਖ ਲੋੜ ਹੈ।



ਕਮਿਊਨਿਸਟ ਆਗੂ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਸਰਕਾਰ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਦੀ ਬਜਾਏ ਜਾਤੀ ਤੇ ਧਾਰਮਿਕ ਮਸਲੇ ਪੈਦਾ ਕਰਕੇ ਭਾਈਚਾਰਕ ਸਾਂਝ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਆਗੂਆਂ ਨੇ ਵਧ ਰਹੀ ਬੇਰੁਜ਼ਗਾਰੀ ਤੇ ਚਿੰਤਾਂ ਪ੍ਰਗਟ ਕਰਦਿਆਂ ਕਿਹਾ ਕਿ ਹਰ ਕਿਰਤੀ ਕਿਸਾਨ ਮਜ਼ਦੂਰ ਨੌਜਵਾਨ ਦੁਕਾਨਦਾਰਾ ਤੇ ਮੁਲਾਜ਼ਮਾਂ ਰੁਜ਼ਗਾਰ ਦੇ ਬਚਾ ਲਈ ਸਾਂਝੇ ਸੰਘਰਸ਼ ਲਈ ਤਿਆਰ ਰਹਿਣ ਦੀ ਅਪੀਲ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬੂਟਾ ਸਿੰਘ ਬਰਨਾਲਾ ਐਫ਼ ਸੀ ਆਈ,ਮੱਖਣ ਮਾਨਸਾ ਮੁਲਾਜ਼ਮ ਆਗੂ, ਸੁਖਦੇਵ ਸਿੰਘ ਪੰਧੇਰ ਖੇਤ ਮਜ਼ਦੂਰ ਸਭਾ, ਸੁਖਦੇਵ ਸਿੰਘ ਮਾਨਸਾ ਉਸਾਰੀ ਯੂਨੀਅਨ,ਜੀਤ ਰਾਮ ਪ੍ਰਧਾਨ ਪੇਂਟਰ ਯੂਨੀਅਨ, ਨਿਰਮਲ ਮਾਨਸਾ, ਗੁਰਦਾਸ ਸਿੰਘ ਐਫ਼ ਸੀ ਪੀ ਸਕਿਊਰਟੀ ਗਾਰਡ ਵਰਕਰ ਯੂਨੀਅਨ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਰਾਜਿੰਦਰ ਸਿੰਘ ਝੁਨੀਰ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਪੰਜਾਬ ਪੁਲਿਸ ਵੱਲੋ ਐਨ.ਡੀ.ਪੀ.ਐਸ.ਐਕਟ ਤਹਿਤ ਇੱਕ ਮੁਲਜਮ ਗ੍ਰਿਫਤਾਰ!

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 1 ਮਈ ( ਤਰਸੇਮ ਦੀਵਾਨਾ ) ਸੰਦੀਪ ਕੁਮਾਰ ਮਲਿਕ ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ.ਪੀ ਇੰਨਵੈਸਟੀਗੇਸ਼ਨ ਹੁਸ਼ਿਆਰਪੁਰ ਅਤੇ ਬਲਵਿੰਦਰ ਸਿੰਘ ਡੀ. ਐਸ. ਪੀ. ਦਸੂਹਾ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਅਤੇ ਪੀਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ “ਯੁੱਧ ਨਸ਼ਿਆ ਵਿਰੁੱਧ” ਤਹਿਤ ਏ. ਐਸ. ਆਈ ਗੁਰਬਚਨ ਸਿੰਘ ਸਮੇਤ ਸਾਥੀ ਕਰਮਚਾਰੀਆ ਦੇ ਮੁਲਜਮ ਸੁਰਿੰਦਰ ਪਾਲ ਪੁੱਤਰ ਮਹਿੰਦਰ ਪਾਲ ਵਾਸੀ ਉਸਮਾਨ ਸ਼ਹੀਦ ਹਾਲ ਵਾਸੀ ਦਸ਼ਮੇਸ਼ ਨਗਰ ਦਸੂਹਾ ਥਾਣਾ ਦਸੂਹਾ ਨੂੰ ਸਮੇਤ 55 ਖੁੱਲੀਆ ਨਸ਼ੀਲੀਆ ਗੋਲੀਆਂ ਬਰਾਮਦ ਕਰਕੇ ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।ਜਿਸਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਕੇ ਉਸ ਪਾਸੋ ਡੂੰਘਾਈ ਨਾਲ ਪੁੱਛਗਿੱਛ ਕਰਕੇ ਇਸਦੇ ਬੈਕਵਾਰਡ ਅਤੇ ਫਾਰਵਾਰਡ ਲਿੰਕਸ ਵਾਰੇ ਪਤਾ ਲਗਾਇਆ ਜਾਵੇਗਾ ।



# ਹਰਿਆਣਾ ਨੂੰ ਵਾਧੂ ਪਾਣੀ ਦਿੱਤੇ ਜਾਣ ਦਾ ਫੈਸਲਾ ਚਿੰਤਾਜਨਕ ਹੈ - ਬਾਬੂ ਗਰਗ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਭਵਾਨੀਗੜ 1 ਮਈ (ਕ੍ਰਿਸ਼ਨ ਚੌਹਾਨ)- ਭਾਖੜਾ ਮੈਨੇਜਮੈਂਟ ਬੋਰਡ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦਿੱਤੇ ਜਾਣ ਦੇ ਫੈਸਲੇ ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪ੍ਰਕਾਸ਼ ਚੰਦ ਗਰਗ ਸਾਬਕਾ ਮੁੱਖ ਸੰਸਦੀ ਸਕੱਤਰ ਨੇ ਕਿਹਾ ਭਗਵੰਤ ਮਾਨ ਸਰਕਾਰ ਪੰਜਾਬ ਦੇ ਪਾਣੀ ਨੂੰ ਬਚਾਉਣ ਲਈ ਸੰਜੀਦਾ ਹੋਣ ਦੀ ਬਜਾਏ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਦੇ ਆਗੂਆਂ ਦੀ ਮਹਿਮਾਨ ਨਿਵਾਜ਼ੀ ਵਿੱਚ ਗੁਲਤਾਨ ਹੋਈ ਪਈ ਐ ਉਨ੍ਹਾਂ ਉਪਰ ਕਰੋੜਾਂ ਰੁਪਏ ਬਰਬਾਦ ਕਰਕੇ ਲੋਕਾਂ ਦੇ ਟੈਕਸ ਦੇ ਪੈਸੇ ਨੂੰ ਪਾਣੀ ਦੀ ਤਰ੍ਹਾਂ ਵਹਾ ਰਹੀ ਹੈ ਅਤੇ ਸੂਬੇ ਦੀ ਅਗਵਾਈ ਕਰਨ ਵਿੱਚ ਅਸਫਲ ਸਾਬਤ ਹੋਈ ਹੈ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਪਾਣੀ ਸਾਡੀ ਜਿੰਦ ਜਾਨ ਹੈ ਮੁੱਖ ਮੰਤਰੀ ਕੇਵਲ ਬਿਆਨ ਬਾਜੀ ਤੱਕ ਸੀਮਤ ਹੋ ਕੇ ਰਾਜਸੀ ਪੈਂਤੜਿਆਂ ਨਾਲ ਸਮਾਂ ਲੰਘਾ ਰਹੇ ਨੇ ਇਸ ਮਸਲੇ ਨਾਲ ਪੰਜਾਬ ਦਾ ਭਵਿੱਖ ਜੁੜਿਆ ਹੋਇਆ ਹੈ ਇਸ ਸੰਵੇਦਨਸ਼ੀਲ ਮੁੱਦੇ ਨੂੰ ਗੰਭੀਰਤਾ ਨਾਲ ਲੈਣ ਦੀ ਬਜਾਏ ਪੰਜਾਬ ਦਾ ਪੱਖ ਰੱਖਣ ਲਈ ਭੇਜੇ ਅਧਿਕਾਰੀਆਂ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਮੀਟਿੰਗ ਵਿੱਚ ਆਪਣੇ ਜਾਇਜ਼ ਕੇਸ ਨੂੰ ਠੋਸ ਢੰਗ ਨਾਲ ਨਹੀਂ ਰੱਖ ਸਕੇ ਜਿਸ ਕਾਰਨ ਸੂਬੇ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਪੈਦਾ ਹੋ ਸਕਦੀ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਇਸ ਮੁੱਦੇ ਉੱਤੇ



ਸਰਬ- ਪਾਰਟੀ ਮੀਟਿੰਗ ਸੱਦਨ ਅਤੇ ਸਖ਼ਤ ਕਾਰਵਾਈ ਕਰਨ ਕੇਂਦਰ ਸਰਕਾਰ ਵੱਲੋਂ ਕੀਤੀ ਜਾ ਰਹੀ ਘੋਰ ਬੇਇਨਸਾਫੀ ਖਿਲਾਫ ਸਾਰਾ ਪੰਜਾਬ ਹਰ ਕੁਰਬਾਨੀ ਦੇਣ ਲਈ ਤਿਆਰ ਹੈ।

# ਮਾਨਸਾ ਵਿਖੇ ਸਾਂਝੇ ਤੌਰ 'ਤੇ ਮਨਾਇਆ ਗਿਆ ਕੌਮਾਂਤਰੀ ਮਈ ਦਿਵਸ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਮਾਨਸਾ,1 ਮਈ (ਆਤਮਾ ਸਿੰਘ ਪਮਾਰ)

ਮਾਨਸਾ ਵਿਖੇ ਸਮੂਹ ਟਰੇਡ ਯੂਨੀਅਨਾਂ, ਕਿਸਾਨ ਜੱਥੇਬੰਦੀਆਂ ਅਤੇ ਮਜ਼ਦੂਰ ਕਿਸਾਨ ਦੁਕਾਨਦਾਰ ਤੇ ਮੁਲਾਜ਼ਮ ਸੰਘਰਸ਼ ਕਮੇਟੀ ਮਾਨਸਾ ਵਲੋਂ ਮਈ ਦਿਵਸ ਦੇ ਸ਼ਹੀਦਾਂ ਨੂੰ - ਲਾਲ ਸਲਾਮ, ਫਾਸ਼ੀਵਾਦੀ ਮੋਦੀ ਸਰਕਾਰ - ਮੁਰਦਾਬਾਦ ਅਤੇ ਧਰਮਾਂ ਦੀ ਆੜ ਵਿੱਚ ਮਨੁੱਖਤਾ ਦਾ ਕਤਲੇਆਮ - ਬੰਦ ਕਰੋ ਦੇ ਆਕਾਸ਼ ਗੁੰਜਾਊ ਨਾਹਰਿਆਂ ਤਹਿਤ ਸਾਂਝੇ ਤੌਰ 'ਤੇ ਕੌਮਾਂਤਰੀ ਮਈ ਦਿਹਾੜਾ ਸਥਾਨਕ ਰੇਲਵੇ ਗੁਦਾਮਾਂ ਵਿਖੇ ਮਨਾਇਆ ਗਿਆ।

ਇਸ ਮੌਕੇ ਵੱਖ ਵੱਖ ਜਥੇਬੰਦੀਆਂ ਵੱਲੋਂ ਕਾ. ਰਾਜਵਿੰਦਰ ਰਾਣਾ, ਕ੍ਰਿਸ਼ਨ ਚੌਹਾਨ, ਡਾ. ਧੰਨਾ ਮੱਲ ਗੋਇਲ, ਸੁਖਦਰਸ਼ਨ ਸਿੰਘ





ਨੱਤ, ਨਿਰਮਲ ਸਿੰਘ ਝੰਡੂਕੇ, ਜਸਬੀਰ ਕੌਰ ਨੱਤ, ਸੱਤਪਾਲ ਭੈਣੀਬਾਘਾ, ਰਵੀ ਖਾਨ, ਸੁਖਜੀਤ ਸਿੰਘ ਰਾਮਾਨੰਦੀ, ਅਮਰੀਕ ਸਿੰਘ ਫਫੜੇ, ਰਤਨ ਭੋਲਾ, ਸਿਕੰਦਰ ਸਿੰਘ ਘਰਾਂਗਣਾਂ, ਆਤਮਾ ਸਿੰਘ ਪਮਾਰ, ਗਗਨਦੀਪ ਸਿਰਸੀਵਾਲਾ, ਪਰਵਿੰਦਰ ਸਿੰਘ ਝੋਟਾ, ਰਾਜ ਸਿੰਘ ਅਕਲੀਆ ਅਤੇ ਲੱਖਾ ਸਿੰਘ ਸਹਾਰਨਾ ਨੇ ਇਕੱਠ ਨੂੰ ਸੰਬੋਧਨ ਕੀਤਾ।

ਬੁਲਾਰਿਆਂ ਨੇ ਇੱਕ ਸੁਰ ਹੁੰਦਿਆਂ ਕੇਂਦਰ ਤੇ ਸੂਬਾਈ ਸਰਕਾਰਾਂ ਵਲੋਂ ਕਿਰਤ ਕਾਨੂੰਨਾਂ ਵਿੱਚ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਬਣਾਉਣ, ਉਸੇ ਉਜਰਤ ਉਤੇ ਕੰਮ ਦੇ ਘੰਟੇ ਵਧਾਉਣ ਵਰਗੇ ਮਜ਼ਦੂਰ ਮਾਰੂ ਹਮਲਿਆਂ ਨੂੰ ਰੱਦ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਪਹਿਲਗਾਮ ਵਿੱਚ ਸੈਲਾਨੀਆਂ ਦੇ ਘਿਨਾਉਣੇ ਕਤਲ ਕਾਂਡ 'ਚ ਗੰਭੀਰ ਸੁਰੱਖਿਆ ਖਾਮੀਆਂ ਲਈ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਲੈਫਟੀਨੈਂਟ ਗਵਰਨਰ ਵਲੋਂ ਅਹੁਦਿਆਂ ਤੋਂ ਅਸਤੀਫੇ ਦੇਣ ਦੀ ਬਜਾਏ ਉਲਟਾ ਦੇਸ਼ ਨੂੰ ਪਾਕਿਸਤਾਨ ਨਾਲ ਇਕ ਬੇਲੋੜੀ ਤੇ ਤਬਾਹਕੁੰਨ ਜੰਗ ਵਿੱਚ ਝੋਕਿਆ ਜਾ ਰਿਹਾ ਹੈ, ਜਿਸ ਦਾ ਅਸੀਂ ਸਮੁੱਚੇ ਤੌਰ 'ਤੇ ਸਖ਼ਤ ਵਿਰੋਧ ਕਰਦੇ ਹਾਂ। ਇੱਕਠ ਵਲੋਂ ਪਾਸ ਕੀਤੇ ਮਤਿਆਂ ਵਿੱਚ ਮਜ਼ਦੂਰਾਂ ਕਿਸਾਨਾਂ ਤੇ ਹੋਰ ਮਿਹਨਤਕਸ਼ ਤਬਕਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ 20 ਮਈ ਦੀ ਦੇਸ਼ ਵਿਆਪੀ ਆਮ ਹੜਤਾਲ ਨੂੰ ਪੂਰੀ ਤਰ੍ਹਾਂ ਸਫ਼ਲ ਬਣਾਉਣ। ਦੂਜੇ ਮਤੇ ਵਿੱਚ ਕਿਹਾ ਗਿਆ ਹੈ ਕਿ ਜਿੱਥੇ ਕਸ਼ਮੀਰੀ ਲੋਕਾਂ ਵਲੋਂ ਪਹਿਲਗਾਮ ਕਾਂਡ ਖ਼ਿਲਾਫ ਵਿਆਪਕ ਤੇ ਡੱਟਵਾਂ ਵਿਰੋਧ ਪ੍ਰਗਟ ਕੀਤਾ, ਉੱਥੇ ਬੀਜੇਪੀ ਦੇ ਫਿਰਕੂ ਗੁੰਡਾ ਗਿਰੋਹਾਂ ਵੱਲੋਂ ਇਸ ਕਾਂਡ ਦੀ ਆੜ ਵਿੱਚ ਪੰਜਾਬ ਸਮੇਤ ਦੇਸ਼ ਭਰ ਦੇ ਮੁਸਲਿਮ ਭਾਈਚਾਰੇ ਖ਼ਿਲਾਫ਼ ਜੋ ਨਫ਼ਰਤੀ ਪ੍ਰਚਾਰ ਤੇ ਹਮਲੇ ਕੀਤੇ ਜਾ ਰਹੇ ਹਨ, ਉਨ੍ਹਾਂ ਦਾ ਵੀ ਡੱਟ ਕੇ ਵਿਰੋਧ ਕਰਦੇ ਹਾਂ। ਪ੍ਰੋਗਰਾਮ ਦੇ ਅਖੀਰ ਵਿਚ ਸਟੇਜ ਵੱਲੋਂ ਅਪੀਲ ਕੀਤੀ ਗਈ ਕਿ ਭਵਿੱਖ 'ਚ ਵੀ ਜਨਤਕ ਮਸਲਿਆਂ ਨੂੰ ਹੱਲ ਕਰਵਾਉਣ ਲਈ ਸਾਰੇ ਸੰਗਠਨਾਂ ਵੱਲੋਂ ਇੱਕ ਮੱਤ ਹੋ ਕੇ ਸਾਂਝੀਆਂ ਸਰਗਮੀਆਂ ਜਾਰੀ ਰੱਖੀਆਂ ਜਾਣ।

# ਸਰਕਾਰੀ ਪ੍ਰਾਇਮਰੀ ਸਕੂਲ ਬਖੋਪੀਰ ਵਿਖੇ ਦਿਲਸ਼ਾਦ ਅਲੀ ਅਤੇ ਹਰਮਨਪ੍ਰੀਤ ਸਿੰਘ ਦੀ ਯਾਦ ਵਿੱਚ ਕਰਾਇਆ ਗਿਆ ਸਲਾਨਾ ਇਨਾਮ ਵੰਡ ਸਮਾਰੋਹ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਭਵਾਨੀਗੜ੍ਹ 01ਮਈ (ਕਿਸਨ ਚੌਹਾਨ)- ਸਥਾਨਕ ਨੇੜਲੇ ਪਿੰਡ ਬਖੋਪੀਰ ਵਿਖੇ ਸੀ.ਐਚ.ਟੀ ਟੀਚਰ ਗੁਰਜੀਤ ਸਿੰਘ ਦੀ ਯੋਗ ਅਗਵਾਈ ਸਦਕਾ ਸਰਕਾਰੀ ਪ੍ਰਾਇਮਰੀ ਸਕੂਲ ਬਖੋਪੀਰ ਵਿਖੇ ਸਕੂਲ ਦੇ ਦੋ, ਵਿਦਿਆਰਥੀ ਦਿਲਸ਼ਾਦ ਅਲੀ ਅਤੇ ਹਰਮਨਪ੍ਰੀਤ ਸਿੰਘ ਨੂੰ ਬੀਤੇ ਦਿਨਾਂ ਵਿੱਚ ਦੋ ਵੱਖ-ਵੱਖ ਰੋਡ ਹਾਦਸਿਆਂ ਵਿੱਚ ਸਦੀਵੀ ਵਿਛੋੜਾ ਦੇ ਜਾਣ ਤੇ ਸਰਧਾਂਜਲੀ ਅਰਪਣ ਕਰਦਿਆਂ ਸਕੂਲ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ,ਤੇ ਭੋਗ ਪਾਏ ਗਏ,ਇਸ ਸਨਮਾਨ ਸਮਾਗਮ ਦੇ ਮੁੱਖ ਮਹਿਮਾਨ ਜ਼ਿਲ੍ਹਾ ਸੰਗਰੂਰ ਦੇ ਉਪ ਸਿੱਖਿਆ ਅਫ਼ਸਰ ਮੈਡਮ ਰਵਿੰਦਰ ਕੌਰ ਛਤਬਾਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਉਹਨਾਂ ਨਾਲ ਬਲਾਕ ਸਿੱਖਿਆ ਅਫਸਰ ਗੋਪਾਲ ਕ੍ਰਿਸ਼ਨ ਸ਼ਰਮਾ ਵੀ



ਉਚੇਚੇ ਤੌਰ ਤੇ ਪੁੱਜੇ ,ਜ਼ਿਲ੍ਹੇ ਦੇ ਉਪ ਸਿੱਖਿਆ ਅਫ਼ਸਰ ਅਤੇ ਬੀ.ਪੀ.ਓ ਵੱਲੋਂ ਦਿਲਸ਼ਾਦ ਅਲੀ ਅਤੇ ਹਰਮਨ ਪ੍ਰੀਤ ਨੂੰ ਨਿੱਘੀ ਸ਼ਰਧਾਂਜਲੀ ਅਰਪਣ ਕੀਤੀ, ਇਸ ਉਪਰੰਤ ਗੁਰੂ ਕੇ ਲੰਗਰ ਵਰਤਾਏ ਗਏ ਅਤੇ ਫਿਰ ਬਲਾਕ ਭਵਾਨੀਗੜ੍ਹ -2 ਦੇ ਕਲੱਸਟਰ ਅਧੀਨ ਆਉਂਦੇ ਪੰਜਵੀਂ ਜਮਾਤ ਵਿੱਚੋਂ ਚੰਗੀ ਕਾਰਜ਼ ਗੁਜਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਦਾ ਹਰ ਸਾਲ ਦੀ ਤਰ੍ਹਾਂ ਸਨਮਾਨ ਕੀਤਾ ਗਿਆ, ਇਸ ਦੌਰਾਨ ਨਗਰ ਪੰਚਾਇਤ ਬਖੋਪੀਰ ਦੀ ਮੌਜੂਦਗੀ ਵਿੱਚ ਸੜ੍ਹਕ ਹਾਦਸੇ ਵਿੱਚ ਵਿਛੜੇ ਦਿਲਸ਼ਾਦ ਅਲੀ ਦੇ ਇਸ ਸਾਲ ਪੰਜਵੀਂ ਜਮਾਤ ਵਿੱਚੋਂ ਫਸਟ ਆਉਣ ਤੇ ਉਹਨਾਂ ਦੇ ਮਾਪਿਆਂ ਨੂੰ ਸਨਮਾਨਿਤ ਕੀਤਾ, ਅਤੇ ਕਲੱਸਟਰ ਦੇ ਅਧੀਨ ਆਉਂਦੇ ਹੋਰ ਵਿਦਿਆਰਥੀਆਂ ,ਅਧਿਆਪਕਾਂ ਅਤੇ ਮਾਪਿਆਂ ਦਾ ਵਿਸ਼ੇਸ਼ ਸਨਮਾਨ ਕੀਤਾ, ਇਸ ਬੀਕੇ ਬੀਂਬੜ ਤੋਂ ਸਰਪੰਚ ਗੁਰਪ੍ਰੀਤ ਸਿੰਘ ਨੂੰ ਪਿੰਡ ਦੇ ਦੋ ਸ਼ਮਸ਼ਾਨਘਾਟਾਂ ਨੂੰ ਇੱਕ ਕਰਨ ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ, ਸਿੱਖਿਆ ਕ੍ਰਾਂਤੀ ਪ੍ਰੋਜੈਕਟ ਦੇ ਤਹਿਤ ਕੰਮ ਕਰ ਰਹੇ ਸਾਰੇ ਹੀ ਮੱਲਾਂ ਮਾਰਨ ਵਾਲੇ ਅਧਿਆਪਕਾਂ ਦਾ ਵੀ ਸਨਮਾਨ ਕੀਤਾ ਗਿਆ, ਇਸ ਸਨਮਾਨ ਸਮਾਗਮ ਵਿੱਚ ਪਿੰਡ ਦੇ ਹੀ ਪੰਜਾਬੀ ਅਧਿਆਪਕ ਸੰਦੀਪ ਸਿੰਘ ਬਖੋਪੀਰ, ਸੁਖਵਿੰਦਰ ਸਿੰਘ ਬਿਜਲੀ ਬੋਰਡ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਇਸ ਦੌਰਾਨ ਸਿੱਖਿਆ ਅਫ਼ਸਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੀਆਂ ਪ੍ਰਾਪਤੀਆਂ ਮਾਪਿਆਂ ਨਾਲ ਸਾਂਝੀਆਂ ਕੀਤੀਆਂ ਗਈਆਂ ਅਤੇ ਸਰਕਾਰੀ ਸਕੂਲ ਵਿੱਚ ਆਪੋ ਆਪਣੇ ਬੱਚਿਆਂ ਦੇ ਉਜਲੇ ਭਵਿੱਖ ਲਈ ਦਾਖ਼ਲ ਕਰਵਾਉਣ ਲਈ ਬੇਨਤੀ ਕੀਤੀ ਗਈ, ਇਸ ਸਨਮਾਨ ਸਮਾਗਮ ਵਿੱਚ ਮੰਚ ਸੰਚਾਲਨ ਕੁਲਵੰਤ ਸਿੰਘ ਖਨੌਰੀ ਵੱਲੋਂ ਕੀਤਾ ਗਿਆ, ਇਸ ਮੌਕੇ ਸੀ.ਐਚ.ਟੀ ਗੁਰਜੀਤ ਸਿੰਘ, ਜਗਦੇਵ ਸਿੰਘ, ਕੁਲਵੰਤ ਸਿੰਘ, ਐਚ.ਟੀ, ਸਤਪਾਲ ਸਿੰਘ ਸਵਿੰਦਰ ਕੌਰ, ਅਮਨਦੀਪ, ਕਰਮਜੀਤ ਸਿੰਘ ਸਵਰਨ ਸਿੰਘ ਪਿੰਡ ਬਖੋਪੀਰ ਦੇ ਮੌਜੂਦਾ ਸਰਪੰਚ ਜਗਤਾਰ ਸਿੰਘ ਸਾਬਕਾ ਸਰਪੰਚ ਕੁਲਵੰਤ ਸਿੰਘ ਅਮਰਜੀਤ ਸਿੰਘ, ਹਰਵਿੰਦਰ ਸਿੰਘ ਮੈਡਮ ਪ੍ਰਦੀਪ ਕੌਰ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਮੈਡਮ ਮਹਿੰਦਰ ਪਾਲ ਕੌਰ ਮੌਜੂਦ ਸਨ।

# ਬੀਬੀਐੱਮਬੀ ਵੱਲੋਂ ਹਰਿਆਣਾ ਨੂੰ ਫੌਰੀ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਨਾਲ ਧੱਕੇਸ਼ਾਹੀ: ਕਿਰਤੀ ਕਿਸਾਨ ਯੂਨੀਅਨ

## ਭਾਜਪਾ ਦੀ ਕੇਂਦਰ ਸਰਕਾਰ ਪੰਜਾਬ ਨਾਲ ਕਿੜ ਕੱਢਣ ਲਈ ਕਰ ਰਹੀ ਹੈ ਧੱਕੇਸ਼ਾਹੀ: ਕੇਕੇਯੂ, ਦਰਿਆਈ ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ ਦੀ ਮੰਗ, ਸ਼ਾਰਧਾ ਯਮੁਨਾ ਲਿੰਕ ਨਹਿਰ ਬਣਾ ਕੇ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਪਾਣੀ ਦੀ ਘਾਟ ਪੂਰੀ ਕੀਤੀ ਜਾਵੇ: ਕਿਰਤੀ ਕਿਸਾਨ ਯੂਨੀਅਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਚੰਡੀਗੜ੍ਹ, 1 ਮਈ, 2025: ਕਿਰਤੀ ਕਿਸਾਨ ਯੂਨੀਅਨ ਨੇ ਬੀਬੀਐੱਮਬੀ ਵਲੋਂ ਹਰਿਆਣਾ ਨੂੰ ਫੌਰੀ ਵਾਧੂ ਪਾਣੀ ਛੱਡਣ ਦੇ ਫੈਸਲੇ ਨੂੰ ਪੰਜਾਬ ਨਾਲ ਧੱਕੇਸ਼ਾਹੀ ਕਰਾਰ ਦਿੰਦਿਆਂ ਕੇਂਦਰ ਦੀ ਭਾਜਪਾ ਸਰਕਾਰ ਤੇ ਕਿਸਾਨ ਅੰਦੋਲਨ ਕਾਰਨ ਪੰਜਾਬ ਨਾਲ ਕਿੜ ਕੱਢਣ ਦਾ ਦੋਸ਼ ਲਾਇਆ ਹੈ। ਜੱਥੇਬੰਦੀ ਨੇ ਦਰਿਆਈ ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ ਦੀ ਲੋੜ ਉੱਪਰ ਜ਼ੋਰ ਦਿੰਦਿਆਂ ਮੰਗ ਕੀਤੀ ਕਿ ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਸਥਾਈ ਹੱਲ ਕੱਢਣ ਲਈ ਕੇਂਦਰ ਸਰਕਾਰ ਨੂੰ ਸ਼ਾਰਧਾ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ ਲਈ ਸਬੰਧਤ ਸੂਬਿਆਂ ਨਾਲ ਗੱਲਬਾਤ ਕਰਨ ਦੀ ਪਹਿਲਕਦਮੀ ਹੱਥ ਲੈਣ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ।

ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਅਤੇ ਪ੍ਰੈੱਸ ਸਕੱਤਰ ਰਾਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਭਾਜਪਾ ਦੀਆਂ ਸਰਕਾਰਾਂ ਪੰਜਾਬ ਨਾਲ ਧੱਕੇਸ਼ਾਹੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਤੱਥ ਸਪੱਸ਼ਟ ਕਰ ਰਹੇ ਹਨ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਵਰਤ ਚੁੱਕਾ ਹੈ। ਮਾਨਵੀ ਅਧਾਰ ਤੇ ਵੀ 4000 ਕਿਊਸਕ ਪਾਣੀ ਦਿੱਤਾ ਜਾ ਰਿਹਾ ਹੈ ਪਰ ਹੁਣ ਹੋਰ ਵਾਧੂ ਪਾਣੀ ਦੀ ਮੰਗ ਕਰਨਾ ਅਤੇ ਬੀਬੀਐੱਮਬੀ ਵਲੋਂ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਦੀਆਂ ਪਾਣੀ ਲੋੜਾਂ ਨੂੰ ਅਣਡਿੱਠ ਕਰਨ ਦੇ ਬਰਾਬਰ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਸੂਬੇ ਵਿੱਚ ਫਸਲਾਂ ਦੀ ਬਿਜਾਈ ਦਾ ਸਮਾਂ ਹੈ ਤੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਸਖਤ ਲੋੜ ਹੈ ਅਜਿਹੇ ਵਿੱਚ ਬੀਬੀਐੱਮਬੀ ਦਾ ਮਨੁੱਖਤਾ ਦੇ ਨਾਂ ਹੇਠ ਕੀਤਾ ਫੈਸਲਾ ਇੱਕ ਸੂਬੇ ਦੇ ਲੋਕਾਂ ਦੇ ਮਾਨਵੀ ਪੱਖ ਨੂੰ ਅਣਗੌਲਿਆਂ ਕਰਨ ਦੇ ਬਰਾਬਰ ਹੈ।ਇਸ ਫੈਸਲੇ ਨੂੰ ਕਦਾਚਿੱਤ ਵੀ ਤਰਕਸੰਗਤ ਨਹੀਂ ਕਿਹਾ ਜਾ ਸਕਦਾ।

ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਕਾਰਨ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਨਾਲ ਲਗਾਤਾਰ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ ਜਿਸ ਕਾਰਨ ਇਹ ਧੱਕੇਸ਼ਾਹੀ ਕੀਤੀ ਜਾ ਰਹੀ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਮੇਤ ਪੂਰੇ ਉੱਤਰ ਪੱਛਮੀ ਭਾਰਤ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿਗਦਾ ਜਾ ਰਿਹਾ ਹੈ। ਜਿਸ ਕਾਰਨ ਖੇਤੀ ਸਮੇਤ ਹੋਰ ਖੇਤਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਹਿਰੀ ਪਾਣੀ ਤੇ ਨਿਰਭਰਤਾ ਅਣਸਰਦੀ ਲੋੜ ਹੈ।ਇਸ ਲੋੜ ਨੂੰ ਪੂਰਾ ਕਰਨ ਲਈ ਜਿੱਥੇ ਇਕ ਪਾਸੇ ਦਰਿਆਈ ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ ਦੀ ਲੋੜ ਹੈ ਉਥੇ ਦੂਜੇ ਪਾਸੇ ਦਰਿਆਵਾਂ ਦੇ ਅਜਾਈ ਜਾ ਰਹੇ ਪਾਣੀ ਦੀ ਢੁੱਕਵੀਂ ਸੰਭਾਲ ਅਤੇ ਵਰਤੋਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੰਗਾ ਦੀ ਸਹਾਇਕ ਨਦੀ ਸ਼ਾਰਧਾ ਦੇ ਅਜਾਈ ਜਾ ਰਿਹਾ ਪਾਣੀ ਜੋ ਕਿ ਬਰਸਾਤਾਂ ਸਮੇਂ ਹੜਾਂ ਦਾ ਕਾਰਨ ਵੀ ਬੱਣਦਾ ਹੈ ਨੂੰ ਸੰਭਾਲ ਕੇ ਵਰਤਣ ਦੀ ਲੋੜ ਹੈ।ਇਸ ਪਾਣੀ ਨੂੰ ਵਰਤਣ ਲਈ ਸ਼ਾਰਧਾ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਕੇ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੀਆਂ ਪਾਣੀ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਪੰਜਾਬ ਨਾਲ ਕਿੜ ਕੱਢਣ ਦੀ ਬਜਾਏ ਫ਼ਸਲੀ ਵਿਭਿੰਨਤਾ ਅਤੇ ਰਾਵੀ ਦਰਿਆ ਦੇ ਪਾਕਿਸਤਾਨ ਨੂੰ ਅਜਾਈ ਜਾ ਰਹੇ ਪਾਣੀ ਦੀ ਸੰਭਾਲ ਅਤੇ ਵਰਤੋਂ ਲਈ ਪੰਜਾਬ ਸਰਕਾਰ ਨੂੰ ਵੱਡਾ ਵਿੱਤੀ ਪੈਕੇਜ ਦੇਣਾ ਚਾਹੀਦਾ ਹੈ ਤਾਂ ਜੋ ਪੰਜਾਬ ਸਰਕਾਰ ਹਰ ਖੇਤ ਤੱਕ ਅਤੇ ਹਰ ਘਰ ਨੂੰ ਪੀਣ ਵਾਲਾ ਸਾਫ ਨਹਿਰੀ ਪਾਣੀ ਮਹੁੱਈਆ ਕਰਵਾ ਸਕੇ।

# ਮਜ਼ਦੂਰਾਂ ਤੇ ਮੁਲਾਜ਼ਮਾਂ ਨੇ ਨਗਰ ਕੌਂਸਲ ਵਿਖੇ ਮਨਾਇਆ ਮਈ ਦਿਹਾੜਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਲਹਿਰਾਗਾਗਾ, 1 ਮਈ, 2025: ਅੱਜ ਇੱਥੇ ਨਗਰ ਕੌਂਸਲ ਦਫ਼ਤਰ ਵਿਖੇ ਸਫਾਈ ਮਜ਼ਦੂਰ ਯੂਨੀਅਨ ਦੇ ਸੱਦੇ 'ਤੇ ਪਹਿਲੀ ਮਈ ਦਾ ਦਿਹਾੜਾ ਸਾਂਝੇ ਰੂਪ ਵਿੱਚ ਮਨਾਇਆ ਗਿਆ। ਇਹ ਦਿਹਾੜਾ ਦੁਨੀਆਂ ਭਰ ਦੇ ਮਜ਼ਦੂਰ ਤੇ ਮਿਹਨਤਕਸ਼ਾਂ ਲਈ ਏਕਤਾ ਤੇ ਸੰਘਰਸ਼ ਦਾ ਪ੍ਰੇਰਨਾ ਸਰੋਤ ਹੈ। ਇਸ ਦਿਨ ਦੁਨੀਆਂ ਭਰ ਵਿੱਚ ਕਿਰਤੀ-ਕਾਮੇ 8 ਘੰਟਿਆਂ ਦੀ ਕੰਮ ਦਿਹਾੜੀ ਲਈ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਖੇ



ਸ਼ਹੀਦ ਹੋਏ ਮਜ਼ਦੂਰਾਂ ਨੂੰ ਯਾਦ ਕਰਦੇ ਹੋਏ ਆਪਣੀ ਲੁੱਟ-ਖਸੁੱਟ ਖਿਲਾਫ਼ ਸੰਘਰਸ਼ ਜਾਰੀ ਰੱਖਣ ਦਾ ਪ੍ਰਣ ਕਰਦੇ ਹਨ।

ਪਹਿਲੀ ਮਈ ਦੇ ਸ਼ਹੀਦਾਂ ਵੱਲੋਂ ਆਪਣੇ ਖੂਨ ਨਾਲ ਰੰਗੇ ਲਾਲ ਝੰਡੇ ਨੂੰ ਝੁਲਾਉਣ ਦੀ ਰਸਮ ਮਹਿੰਦਰ ਬਾਗ਼ੀ, ਸੁਖਵਿੰਦਰ ਮੰਗੂ ਅਤੇ ਰਣਜੀਤ ਲਹਿਰਾ ਨੇ ਆਪਣੇ ਸਾਥੀਆਂ ਸਮੇਤ ਨਿਭਾਈ ਅਤੇ ਸ਼ਹੀਦਾਂ ਨੂੰ ਸੂਹੀ ਸ਼ਰਧਾਂਜਲੀ ਭੇਜ ਕੀਤੀ। ਇਸ ਤੋਂ ਇੱਕ ਭਰਵੀਂ ਰੈਲੀ ਕੀਤੀ ਗਈ ਜਿਸ ਨੂੰ ਏਟਕ ਆਗੂ ਮਹਿੰਦਰ ਬਾਗ਼ੀ, ਲੋਕ ਚੇਤਨਾ ਮੰਚ ਦੇ ਆਗੂ ਰਣਜੀਤ ਲਹਿਰਾ, ਫੀਲਡ ਵਰਕਰਜ਼ ਯੂਨੀਅਨ ਦੇ ਆਗੂ ਕਰਨੈਲ ਸਿੰਘ, ਮੇਜਰ ਸਿੰਘ, ਪੈਨਸ਼ਨਰਜ਼ ਐਸੋਸੀਏਸ਼ਨ ਦੇ ਆਗੂ ਡਾਕਟਰ ਬਿਹਾਰੀ ਮੰਡੇਰ, ਸੁਖਜਿੰਦਰ ਲਾਲੀ, ਸਫਾਈ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਮੰਗੂ, ਬਾਬੂ ਸਿੰਘ, ਰਿਸ਼ੀ ਕੁਮਾਰ ਨੇ ਸੰਬੋਧਨ ਕਰਦੇ ਹੋਏ ਤਾਨਾਸ਼ਾਹ ਮੋਦੀ ਹਕੂਮਤ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਜਾਬਰ ਕਦਮਾਂ ਵਿਰੁੱਧ ਸਾਂਝੇ ਸੰਘਰਸ਼ ਦਾ ਸੱਦਾ ਦਿੱਤਾ ਅਤੇ 20 ਮਈ ਦੇ ਭਾਰਤ ਬੰਦ ਦੀ ਹਮਾਇਤ ਕਰਨ ਦਾ ਐਲਾਨ ਕੀਤਾ।

ਉਨ੍ਹਾਂ ਪਹਿਲਗਾਮ ਵਿੱਚ ਅੱਤਵਾਦੀ ਹਮਲੇ ਦੇ ਬਹਾਨੇ ਮੁਸਲਿਮ ਅਤੇ ਕਸ਼ਮੀਰੀ ਭਾਈਚਾਰੇ ਪ੍ਰਤੀ ਭਾਜਪਾ ਦੀ ਨਫਰਤ ਮੁਹਿੰਮ ਅਤੇ ਜੰਗੀ ਮਾਹੌਲ ਸਿਰਜਣ ਦੀ ਸਖ਼ਤ ਨਿੰਦਾ ਕੀਤੀ ਗਈ।

# ਪੰਜਾਬ ਦੇ ਕਈ ਜ਼ਿਲ੍ਹਿਆ 'ਚ ਤੇਜ਼ ਹਨੇਰੀ ਤੋਂ ਬਾਅਦ ਪਿਆ ਮੀਂਹ, ਪਟਿਆਲਾ ਵਿਖੇ ਹੋਈ ਗੜ੍ਹੇਮਾਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੇਜ਼ ਹਨੇਰੀ ਤੋਂ ਬਾਅਦ ਮੀਂਹ ਪੈਣ ਦੀਆਂ ਖ਼ਬਰਾਂ ਸਾਹਮਣੇ ਆਈਆ ਹਨ।



ਮੋਹਾਲੀ ਜ਼ਿਲ੍ਹੇ ਵਿੱਚ ਤੇਜ਼ ਹਵਾਵਾਂ ਤੋਂ ਬਾਅਦ ਮੀਂਹ ਪੈਣ ਕਰਕੇ ਗਰਮੀ ਤੋਂ ਰਾਹਤ ਮਿਲੀ ਹੈ। ਉਥੇ ਹੀ ਪਟਿਆਲਾ ਤੋਂ ਮੀਂਹ ਦੇ ਨਾਲ-ਨਾਲ ਗੜ੍ਹੇਮਾਰੀ ਹੋਣ ਦੀ ਸੂਚਨਾ ਮਿਲੀ ਹੈ।

ਅੰਮ੍ਰਿਤਸਰ ਸ਼ਹਿਰ ਵਿੱਚ ਤੇਜ਼ ਹਨੇਰੀ ਦੇ ਕਾਰਨ ਕਈ ਦਰਖੱਤ ਅਤੇ ਖੰਭੇ ਟੁੱਟਣ ਬਾਰੇ ਪਤਾ ਲੱਗਿਆ ਹੈ। ਸ਼ਹਿਰ ਦੇ ਕਈ ਥਾਵਾਂ ਉੱਤੇ ਬਿਜਲੀ ਬੰਦ ਹੋਣ ਦੀ ਵੀ ਜਾਣਕਾਰੀ ਮਿਲੀ ਹੈ।

# ਵਪਾਰ ਦੇ ਵਿਕਾਸ ਲਈ ਤਕਨੀਕ ਦੀ ਵਰਤੋਂ ਜ਼ਰੂਰੀ - ਗੋਗੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਫਗਵਾੜਾ 1 ਮਈ (ਸ਼ਿਵ ਕੌੜਾ) ਸਰਬ ਨੌਜਵਾਨ ਸਭਾ ਵੱਲੋਂ ਸੇਸਵਾ ਪੰਜਾਬ ਦੇ ਸਹਿਯੋਗ ਨਾਲ ਸਥਾਨਕ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ ਵਿਖੇ ਸੰਚਾਲਿਤ ਵੋਕੇਸ਼ਨਲ ਸੈਂਟਰ ਵਿਖੇ ਅੱਜ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ.) ਦੇ ਮਿੱਤਲ ਸਕੂਲ ਆਫ ਬਿਜਨੇਸ ਵੱਲੋਂ ਵਰਲਡ ਇਨਵੈਸਟਰ ਵੀਕ 2025 ਅਧੀਨ ‘ਡਿਜ਼ੀਟਲ ਤਕਨੀਕ ਰਾਹੀਂ ਵਪਾਰਕ ਵਾਧਾ’ ਵਿਸ਼ੇ ’ਤੇ ਸੈਮੀਨਾਰ ਕਰਵਾਇਆ ਗਿਆ। ਇਸ ਦੌਰਾਨ ਮੁੱਖ ਬੁਲਾਰਿਆਂ ਵਜੋਂ ਪਹੁੰਚੇ ਪ੍ਰੋਫੈਸਰ ਅਨੂਪ ਮੋਹੰਤੀ ਨੇ ਵੋਕੇਸ਼ਨਲ ਸੈਂਟਰ ਦੀਆਂ 60 ਸਿੱਖਿਆਰਥਣਾਂ ਨੂੰ ਮਹੱਤਵਪੂਰਣ ਜਾਣਕਾਰੀ ਦਿੱਤੀ ਅਤੇ ਨਾਰੀ ਸਸ਼ਕਤੀਕਰਨ ਥੀਮ ਹੇਠ ਯੋਜਨਾ ਬੱਧ ਕੰਮ ਕਰਨ ਲਈ ਪ੍ਰੇਰਿਆ। ਉਹਨਾਂ ਦੱਸਿਆ ਕਿ ਕਿਵੇਂ ਘੱਟ ਨਿਵੇਸ਼ ਨਾਲ ਵਪਾਰ ਸ਼ੁਰੂ ਕੀਤਾ ਜਾ ਸਕਦਾ ਹੈ। ਉਹਨਾ ਭਾਗੀਦਾਰਾਂ ਨੂੰ ਏ.ਆਈ. ਟੂਲਜ਼ ਰਾਹੀਂ ਬ੍ਰਾਂਡਿੰਗ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਬਤੌਰ ਮੁੱਖ ਮਹਿਮਾਨ ਹਾਜਰ ਆਏ ਨਗਰ ਸੁਧਾਰ ਟਰੱਸਟ ਦੇ ਟਰਸਟੀ ਮੈਂਬਰ ਸੰਤੋਸ਼ ਕੁਮਾਰ ਗੋਗੀ ਨੇ ਕਿਹਾ ਕਿ ਵਪਾਰ ਦੇ ਵਿਕਾਸ ਲਈ ਤਕਨੀਕ ਦਾ ਗਿਆਨ ਅਤੇ ਵਰਤੋਂ ਜ਼ਰੂਰੀ ਹੈ। ਉਹਨਾਂ ਕਿਹਾ ਕਿ ਡਿਜੀਟਲ ਤਕਨੀਕਾਂ, ਜਿਵੇਂ ਕਿ ਸੋਸ਼ਲ ਮੀਡੀਆ ਮਾਰਕੀਟਿੰਗ, ਈਮੇਲ ਮਾਰਕੀਟਿੰਗ ਆਦਿ ਦੀ ਵਰਤੋਂ ਕਰਕੇ ਆਪਣੇ ਕਾਰੋਬਾਰ ਦਾ ਪ੍ਰਚਾਰ ਅੱਜਕਲ ਬਹੁਤ ਆਸਾਨ ਹੋ ਗਿਆ ਹੈ, ਜਿਸਦਾ ਫਾਇਦਾ ਲੈਣਾ ਚਾਹੀਦਾ ਹੈ। ਸੈਂਟਰ ਦੀਆਂ ਸਿੱਖਿਆਰਥਣਾਂ ਨੇ ਦੱਸਿਆ ਕਿ ਅੱਜ ਦਾ ਇਹ ਸੈਮੀਨਾਰ ਉਹਨਾਂ ਲਈ ਬਹੁਤ ਲਾਹੇਵੰਦ ਸੀ। ਉਹਨਾਂ ਸਰਬ ਨੌਜਵਾਨ ਸਭਾ ਦਾ ਇਸ ਲਾਹੇਵੰਦ ਉਪਰਾਲੇ ਲਈ ਧੰਨਵਾਦ ਵੀ ਕੀਤਾ। ਸਟੇਜ ਦੀ ਸੇਵਾ ਲੈਕਚਰਾਰ ਹਰਜਿੰਦਰ ਗੋਗਨਾ ਨੇ ਨਿਭਾਈ। ਅਖੀਰ ਵਿਚ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਇਸ ਜਾਗਰੂਕਤਾ ਪ੍ਰੋਗਰਾਮ ‘ਚ ਸਹਿਯੋਗ ਲਈ ਮਿੱਤਲ ਸਕੂਲ ਆਫ ਬਿਜਨੇਸ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਸੈਂਟਰ ਦੀਆਂ ਸਿੱਖਿਆਰਥਣਾਂ ਲਈ ਅਜਿਹੇ ਲਾਹੇਵੰਦ ਪ੍ਰੋਗਰਾਮਾਂ ਅੱਗੇ ਵੀ ਜਾਰੀ ਰੱਖੇ ਜਾਣਗੇ। ਸਭਾ ਵਲੋਂ ਮਿੱਤਲ ਸਕੂਲ ਆਫ ਬਿਜਨਸ ਦੀ ਟੀਮ ਅਤੇ ਸੈਂਟਰ ਪਹੁੰਚੇ ਵਿਦਿਆਰਥੀਆਂ ਅੰਜਲੀ ਯਾਦਵ, ਸੁਨੀਸ਼ਪਾ ਗੋਰੰਗ, ਮਨਵਿੰਦਰ ਬਾਸਦਾ, ਸ਼ਿਵਾਲਿਕਾ ਨਾਗਪਾਲ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾ. ਵਿਜੇ ਕੁਮਾਰ, ਵਿੱਕੀ ਸਿੰਘ, ਡਾ. ਗੁਰਦੀਪ ਸਿੰਘ, ਗੁਲਸ਼ਨ ਕਪੂਰ, ਗੁਰਦੀਪ ਸਿੰਘ ਤੁਲੀ, ਨਰਿੰਦਰ ਸਿੰਘ ਸੈਣੀ, ਪਰਮਜੀਤ ਰਾਏ, ਮੈਡਮ ਤਨੂੰ, ਮੈਡਮ ਗੁਰਜੀਤ ਕੌਰ, ਮੈਡਮ ਨਵਜੋਤ ਕੌਰ, ਮੈਡਮ ਆਸ਼ੂ ਬੱਗਾ, ਮੈਡਮ ਸਪਨਾ ਸ਼ਾਰਦਾ, ਗੁਰਸ਼ਰਨ ਬਾਸੀ ਅਤੇ ਸਿੱਖਿਆਰਥਣਾਂ ਅਕੰਸ਼ਾ, ਗੁਰਲੀਨ, ਸਪਨਾ ਦੇਵੀ, ਕਾਜਲ, ਕੋਮਲ, ਕੋਮਲਪ੍ਰੀਤ, ਸੰਜਨਾ ਸ਼ਰਮਾ, ਗੁਰਜੀਤ ਕੌਰ, ਤਰਸੇਮ ਕੌਰ, ਹਰਮਨ, ਨੰਦਨੀ, ਪ੍ਰਿਆ, ਰਮਨਦੀਪ, ਅੰਜਲੀ, ਨਿਕਿਤਾ, ਨਵਦੀਪ, ਨੀਲਮ, ਸੁਰਿੰਦਰ ਕੌਰ, ਮੋਨਿਕਾ ਦੀਪ, ਨਿੱਕੀ ਕੁਮਾਰੀ, ਭਾਵਨਾ, ਜਾਨ੍ਹਵੀ, ਨੇਹਾ ਕੁਮਾਰੀ, ਮੋਨਿਕਾ, ਗੀਤਿਕਾ, ਨਵਨੀਤ ਕੌਰ, ਜਸਪ੍ਰੀਤ ਕੌਰ, ਆਸ਼ਾ ਰਾਣੀ, ਪੂਜਾ ਦੇਵੀ, ਆਂਚਲ, ਕਿਰਨਦੀਪ, ਤਰਨਪ੍ਰੀਤ, ਚਰਨਜੀਤ, ਅਨੂੰ, ਅਰਸ਼ਦੀਪ, ਰੰਜਨਾ, ਆਰਤੀ ਕੁਮਾਰੀ, ਸਨੇਹਾ, ਅਮਨਦੀਪ ਕੌਰ, ਸਿਮਰਨ ਕੌਰ ਆਦਿ ਹਾਜ਼ਰ ਸਨ।

# ਭਾਖੜਾ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਦੇਣਾ ਪੰਜਾਬ ਦੇ ਹੱਕਾਂ ਤੇ ਡਾਕਾ- ਚੇਅਰਮੈਨ ਢਿੱਲੋਂ

- - ਕਿਹਾ ! ਪਾਣੀਆਂ ਦੇ ਮੁੱਦੇ ਉੱਤੇ ਜਿੱਥੋਂ ਤੱਕ ਵੀ ਲੜਾਈ ਲੜਨੀ ਪਈ, ਲੜਾਂਗੇ
- - ਸੰਗਰੂਰ ਵਿਖੇ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਅੱਗੇ ਇਲਾਕੇ ਦੇ ਲੋਕਾਂ ਵੱਲੋਂ ਭਰਵਾਂ ਰੋਸ ਮੁਜਾਹਰਾ, ਪੁਤਲਾ ਫੂਕਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਸੰਗਰੂਰ, 1 ਮਈ (ਜਗਸੀਰ ਲੌਂਗੋਵਾਲ) -

“ ਬੀਤੀ ਰਾਤ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਨਾਲ ਇੱਕ ਹੋਰ ਧੱਕਾ ਕਰਦਿਆਂ ਭਾਖੜਾ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਛੱਡ ਦਿੱਤਾ ਗਿਆ ਹੈ, ਜੋ ਕਿ ਸਰਾਸਰ ਪੰਜਾਬ ਦੇ ਹੱਕਾਂ ਉੱਤੇ ਡਾਕਾ ਹੈ। ਅਸੀਂ ਇਹ ਡਾਕਾ ਬਰਦਾਸ਼ਤ ਨਹੀਂ ਕਰਾਂਗੇ।” ਉਕਤ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਦੇ ਚੇਅਰਮੈਨ ਸ੍ਰ ਦਲਵੀਰ ਸਿੰਘ ਢਿੱਲੋਂ ਨੇ ਸੰਗਰੂਰ ਵਿਖੇ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਅੱਗੇ ਇਸ ਬੇਇਨਸਾਫ਼ੀ ਵਿਰੁੱਧ ਦਿੱਤੇ ਗਏ ਧਰਨੇ ਅਤੇ ਰੋਸ ਪ੍ਰਦਰਸ਼ਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਇਸ ਤੋਂ ਪਹਿਲਾਂ ਬੜੇ ਸਪਸ਼ਟ ਲਫਜ਼ਾਂ ਵਿੱਚ ਭਾਖੜਾ ਡੈਮ ਪ੍ਰਬੰਧਕਾਂ ਅਤੇ ਕੇਂਦਰ ਸਰਕਾਰ ਨੂੰ ਸਪਸ਼ਟ ਕਰ ਚੁੱਕੇ ਹਨ ਕਿ ਪੰਜਾਬ ਕੋਲ ਦੇਣ ਲਈ ਇੱਕ ਬੂੰਦ ਵੀ ਪਾਣੀ ਵਾਧੂ ਨਹੀਂ ਹੈ। ਉਹਨਾਂ ਕਿਹਾ ਕਿ ਅਸੀਂ ਤਾਂ ਇਹ ਮੰਗ ਕਰ ਰਹੇ ਸੀ ਕਿ ਪਹਿਲਾਂ ਸਾਡੇ ਹਿੱਸੇ ਦਾ ਪਾਣੀ ਪੂਰਾ ਕੀਤਾ ਜਾਵੇ, ਪਰ ਭਾਜਪਾ ਸਰਕਾਰ ਨੇ ਪੰਜਾਬ ਨਾਲ ਧੱਕਾ ਕਰਦੇ ਹੋਏ ਇਸ ਵਿੱਚੋਂ ਵੀ 8500 ਕਿਊਸਿਕ ਪਾਣੀ ਹਰਿਆਣੇ ਨੂੰ ਛੱਡ ਦਿੱਤਾ

ਸ ਢਿੱਲੋਂ ਨੇ ਕਿਹਾ ਕਿ ਪੰਜਾਬ ਜੋ ਕਿ ਖੇਤੀ ਪ੍ਰਧਾਨ ਸੂਬਾ ਹੈ, ਪਹਿਲਾਂ ਹੀ ਜਲ ਸੰਕਟ ਦੀ ਮਾਰ ਹੇਠ ਹੈ। ਉਹਨਾਂ ਕਿਹਾ ਕਿ ਸਾਡਾ ਧਰਤੀ ਹੇਠਲਾ ਪਾਣੀ ਲਗਾਤਾਰ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਅਤੇ ਸਾਡੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿੱਚ ਮੁੜ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਾ ਕੇ ਧਰਤੀ ਹੇਠਲੇ ਪਾਣੀ ਤੋਂ ਥੋੜ੍ਹਾ ਪ੍ਰੈਸ਼ਰ ਘਟਾਇਆ ਹੈ ਪਰ ਕੇਂਦਰ ਸਰਕਾਰ ਨੇ ਪੰਜਾਬ ਦੇ ਪਾਣੀ ਉੱਤੇ ਡਾਕਾ ਮਾਰ ਕੇ ਪੰਜਾਬੀਆਂ ਨਾਲ ਸਿੱਧਾ ਧੱਕਾ ਕੀਤਾ ਹੈ, ਜਿਸ ਨੂੰ ਬਰਦਾਸ਼ਤ ਨੇ ਕੀਤਾ ਜਾ ਸਕਦਾ।

ਇਸ ਮੌਕੇ ਸੰਬੋਧਨ ਕਰਦੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਅਸ਼ੋਕ ਕੁਮਾਰ ਸਿੰਗਲਾ (ਲੱਖਾ) ਅਤੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਸ੍ਰ ਰਾਜਵੰਤ ਸਿੰਘ ਘੁਲੀ ਨੇ ਕਿਹਾ ਕਿ ਭਾਜਪਾ ਲਗਾਤਾਰ ਪੰਜਾਬ ਨਾਲ ਬੇਇਨਸਾਫ਼ੀ ਕਰ ਰਹੀ ਹੈ ਪਰ ਪੰਜਾਬ ਦੇ ਭਾਜਪਾ ਨੇਤਾ ਮੂਕ ਦਰਸ਼ਕ ਬਣ ਕੇ ਇਹ ਸਭ ਤਮਾਸ਼ਾ ਵੇਖ ਰਹੇ ਹਨ। ਉਹਨਾਂ ਕਿਹਾ ਕਿ ਭਾਜਪਾ ਆਗੂਆਂ ਨੂੰ ਹੁਣ ਇਹ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਉਹ ਪੰਜਾਬ ਨਾਲ ਨਹੀਂ ਬਲਕਿ ਦਿੱਲੀ ਅਤੇ ਹਰਿਆਣੇ ਨਾਲ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਪਾਣੀਆਂ ਉੱਤੇ ਡਾਕਾ ਪੰਜਾਬੀ ਅਤੇ ਪੰਜਾਬ ਦੀ ਸਰਕਾਰ ਬਰਦਾਸ਼ਤ ਨਹੀਂ ਕਰੇਗੀ ਅਤੇ ਇਸ ਲਈ ਸਾਨੂੰ ਜਿੱਥੋਂ ਤੱਕ ਵੀ ਲੜਾਈ ਲੜਨੀ ਪਈ ਅਸੀਂ ਲੜਾਂਗੇ। ਇਸ ਮੌਕੇ ਵੱਡੀ ਗਿਣਤੀ ਵਿੱਚ ਆਮ ਲੋਕ ਅਤੇ ਆਮ ਆਦਮੀ ਪਾਰਟੀ ਦੇ ਹੋਰ ਸੀਨੀਅਰ ਆਗੂ ਵੱਡੀ ਗਿਣਤੀ ਵਿੱਚ ਇਸ ਪ੍ਰਦਰਸ਼ਨ ਵਿੱਚ ਸ਼ਾਮਿਲ ਹੋਏ।

# ਜਾਤੀ ਜਨਗਣਨਾ: ਸਮਾਵੇਸ਼ੀ ਨੀਤੀ-ਨਿਰਮਾਣ ਵੱਲ ਇੱਕ ਕਦਮ ਜਾਂ ਇੱਕ ਵਿਵਾਦਪੂਰਨ ਕਦਮ?

ਜਸਵਿੰਦਰ ਪਾਲ ਸ਼ਰਮਾ
ਸਸ ਮਾਸਟਰ
ਸਸਸਸ ਹਾਕੂਵਾਲਾ
ਸ੍ਰੀ ਮੁਕਤਸਰ ਸਾਹਿਬ
79860-27454

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਇੱਕ ਮਹੱਤਵਪੂਰਨ ਵਿਕਾਸ ਵਿੱਚ, ਸਰਕਾਰ ਨੇ ਆਉਣ ਵਾਲੀ ਰਾਸ਼ਟਰੀ ਜਨਗਣਨਾ ਦੇ ਨਾਲ-ਨਾਲ ਜਾਤੀ-ਅਧਾਰਤ ਜਨਗਣਨਾ ਕਰਨ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਹੈ। ਇਹ ਕਦਮ ਭਾਰਤ ਦੇ ਸਮਾਜਿਕ ਤਾਣੇ-ਬਾਣੇ ਨੂੰ ਸਮਝਣ ਵੱਲ ਇੱਕ ਮਹੱਤਵਪੂਰਨ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ, ਜਿਸਦਾ ਉਦੇਸ਼ ਦੇਸ਼ ਭਰ ਦੇ ਵੱਖ-ਵੱਖ ਜਾਤੀ ਸਮੂਹਾਂ ਬਾਰੇ ਵਿਸਤ੍ਰਿਤ ਡੇਟਾ ਇਕੱਠਾ ਕਰਨਾ ਹੈ।

### ਜਾਤੀ ਜਨਗਣਨਾ ਦੇ ਪਿੱਛੇ ਤਰਕ

ਇਤਿਹਾਸਕ ਤੌਰ ‘ਤੇ, ਭਾਰਤ ਦੀ ਜਨਗਣਨਾ ਨੇ ਧਰਮ, ਭਾਸ਼ਾ ਅਤੇ ਹੋਰ ਜਨਸੰਖਿਆ ਮਾਪਦੰਡਾਂ ‘ਤੇ ਡੇਟਾ ਇਕੱਠਾ ਕੀਤਾ ਹੈ, ਪਰ ਹਾਲ ਹੀ ਦੇ ਦਹਾਕਿਆਂ ਵਿੱਚ ਜਾਤੀ ਡੇਟਾ ਵੱਡੇ ਪੱਧਰ ‘ਤੇ ਸੀਮਤ ਜਾਂ ਉਪਲਬਧ ਨਹੀਂ ਰਿਹਾ ਹੈ। ਪ੍ਰਸਤਾਵਿਤ ਜਾਤੀ ਜਨਗਣਨਾ ਵੱਖ-ਵੱਖ ਜਾਤੀ ਸਮੂਹਾਂ ਦੇ ਸਮਾਜਿਕ-ਆਰਥਿਕ ਪ੍ਰੋਫਾਈਲ ਦੀ ਇੱਕ ਵਿਆਪਕ ਸੰਖੇਪ ਜਾਣਕਾਰੀ ਪ੍ਰਦਾਨ ਕਰਕੇ ਇਸ ਪਾੜੇ ਨੂੰ ਭਰਨ ਦੀ ਕੋਸ਼ਿਸ਼ ਕਰਦੀ ਹੈ। ਸਮਰਥਕਾਂ ਦਾ ਤਰਕ ਹੈ ਕਿ ਅਜਿਹਾ ਡੇਟਾ ਸਮਾਜਿਕ ਨਿਆਂ, ਹਾਸ਼ੀਏ ‘ਤੇ ਧੱਕੇ ਭਾਈਚਾਰਿਆਂ ਦੇ ਉੱਨਤੀ ਅਤੇ ਬਰਾਬਰ ਵਿਕਾਸ ਦੇ ਉਦੇਸ਼ ਨਾਲ ਨਿਸ਼ਾਨਾਬੱਧ ਨੀਤੀਆਂ ਤਿਆਰ ਕਰਨ ਲਈ ਬਹੁਤ ਮਹੱਤਵਪੂਰਨ ਹੈ।

### ਰਾਜਨੀਤਿਕ ਅਤੇ ਪ੍ਰਸ਼ਾਸਕੀ ਸੀਮਾਵਾਂ ਲਈ ਪ੍ਰਭਾਵ

ਜਾਤੀ ਜਨਗਣਨਾ ਕਰਵਾਉਣ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਚੋਣ ਸੀਮਾਵਾਂ ਅਤੇ ਰਿਜ਼ਰਵੇਸ਼ਨ ਨੀਤੀਆਂ ‘ਤੇ ਇਸਦਾ ਸੰਭਾਵੀ ਪ੍ਰਭਾਵ ਹੈ। ਜਾਤੀ ਆਬਾਦੀ ਬਾਰੇ ਸਹੀ ਅੰਕੜੇ ਵੱਖ-ਵੱਖ ਭਾਈਚਾਰਿਆਂ ਲਈ ਨਿਰਪੱਖ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਣ, ਹਲਕਿਆਂ ਨੂੰ ਵਧੇਰੇ ਸਹੀ ਢੰਗ ਨਾਲ ਦਰਸਾਉਣ ਵਿੱਚ ਮਦਦ ਕਰ ਸਕਦੇ ਹਨ। ਇਹ ਵਿਧਾਨ ਸਭਾਵਾਂ ਵਿੱਚ ਸੀਟਾਂ ਦੀ ਵੰਡ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ, ਖਾਸ ਕਰਕੇ ਉਨ੍ਹਾਂ ਰਾਜਾਂ ਵਿੱਚ ਜਿੱਥੇ ਜਾਤੀ ਜਨਸੰਖਿਆ ਚੋਣ ਰਾਜਨੀਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

### ਰਾਖਵਾਂਕਰਨ ਅਤੇ ਕੋਟਾ: ਇੱਕ ਗਰਮਾ-ਗਰਮ ਬਹਿਸ ਵਾਲਾ ਵਿਸ਼ਾ

ਜਾਤੀ ਜਨਗਣਨਾ ਤੋਂ ਕੋਟੇ ਵਧਾਉਣ ਅਤੇ ਮੌਜੂਦਾ ਰਾਖਵੇਂਕਰਨ ਦੇ ਅੰਦਰ ਉਪ-ਸ਼੍ਰੇਣੀਆਂ ਦੀ ਸਿਰਜਣਾ ਦੀਆਂ ਮੰਗਾਂ ਨੂੰ ਮਜ਼ਬੂਤ ਕਰਨ ਦੀ ਉਮੀਦ ਹੈ। ਜਿਨ੍ਹਾਂ ਭਾਈਚਾਰਿਆਂ ਨੂੰ ਇਤਿਹਾਸਕ ਤੌਰ ‘ਤੇ ਘੱਟ ਪ੍ਰਤੀਨਿਧਤਾ ਜਾਂ ਹਾਸ਼ੀਏ ‘ਤੇ ਧੱਕਿਆ ਗਿਆ ਹੈ, ਉਹ ਵਧੇਰੇ ਖਾਸ ਰਾਖਵਾਂਕਰਨ ਲਾਭਾਂ ਦੀ ਮੰਗ ਕਰ ਸਕਦੇ ਹਨ, ਜਿਸ ਨਾਲ ਅਜਿਹੇ ਉਪਾਵਾਂ ਦੀ ਨਿਰਪੱਖਤਾ ਅਤੇ ਸਥਿਰਤਾ ‘ਤੇ ਬਹਿਸ ਹੋ ਸਕਦੀ ਹੈ। ਆਲੋਚਕਾਂ ਦਾ ਤਰਕ ਹੈ ਕਿ ਜਾਤੀ-ਅਧਾਰਤ ਰਾਖਵਾਂਕਰਨ ਵੰਡ ਨੂੰ ਕਾਇਮ ਰੱਖ ਸਕਦਾ ਹੈ, ਜਦੋਂ ਕਿ ਸਮਰਥਕ ਸਮਾਜਿਕ ਨਿਆਂ ਪ੍ਰਾਪਤ ਕਰਨ ਵਿੱਚ ਆਪਣੀ ਮਹੱਤਤਾ ‘ਤੇ ਜ਼ੋਰ ਦਿੰਦੇ ਹਨ।

### ਵਿਵਾਦ ਅਤੇ ਚੁਣੌਤੀਆਂ

ਇਸ ਕਦਮ ਨੇ ਰਾਜਨੀਤਿਕ, ਸਮਾਜਿਕ ਅਤੇ ਕਾਨੂੰਨੀ ਖੇਤਰਾਂ ਵਿੱਚ ਬਹਿਸਾਂ ਦੀ ਇੱਕ ਲਹਿਰ ਛੇੜ ਦਿੱਤੀ ਹੈ। ਜਾਤੀ ਡੇਟਾ ਦੀ ਸੰਭਾਵੀ ਦੁਰਵਰਤੋਂ, ਸਮਾਜਿਕ ਸਦਭਾਵਨਾ ‘ਤੇ ਪ੍ਰਭਾਵ ਅਤੇ ਅਜਿਹੀ ਵਿਸਤ੍ਰਿਤ ਜਨਗਣਨਾ ਕਰਵਾਉਣ ਦੀਆਂ ਪ੍ਰਬੰਧਕੀ ਚੁਣੌਤੀਆਂ ਬਾਰੇ ਚਿੰਤਾਵਾਂ ਉਠਾਈਆਂ ਗਈਆਂ ਹਨ। ਕੁਝ ਰਾਜਾਂ ਨੇ ਡੇਟਾ ਗੋਪਨੀਯਤਾ ਅਤੇ ਜਾਤੀ ਪਛਾਣਾਂ ਦੇ ਰਾਜਨੀਤੀਕਰਨ ਬਾਰੇ ਖਦਸ਼ਿਆਂ ਦਾ ਹਵਾਲਾ ਦਿੰਦੇ ਹੋਏ ਇਸ ਕਦਮ ਦਾ ਵਿਰੋਧ ਕੀਤਾ ਹੈ।

### ਡੇਟਾ-ਅਧਾਰਿਤ ਨੀਤੀ-ਨਿਰਮਾਣ ਵੱਲ ਇੱਕ ਕਦਮ

ਵਿਵਾਦਾਂ ਦੇ ਬਾਵਜੂਦ, ਬਹੁਤ ਸਾਰੇ ਲੋਕ ਜਾਤੀ ਜਨਗਣਨਾ ਨੂੰ ਵਧੇਰੇ ਸਮਾਵੇਸ਼ੀ ਅਤੇ ਡੇਟਾ-ਅਧਾਰਿਤ ਨੀਤੀ-ਨਿਰਮਾਣ ਵੱਲ ਇੱਕ ਜ਼ਰੂਰੀ ਕਦਮ ਵਜੋਂ ਦੇਖਦੇ ਹਨ। ਸਹੀ ਜਾਤੀ ਡੇਟਾ ਸਰੋਤਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਵੰਡਣ, ਇਤਿਹਾਸਕ ਅਸਮਾਨਤਾਵਾਂ ਨੂੰ ਹੱਲ ਕਰਨ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਸਕਾਰਾਤਮਕ ਕਾਰਵਾਈਆਂ ਨੂੰ ਨਿਸ਼ਾਨਾ ਬਣਾਇਆ ਜਾਵੇ ਅਤੇ ਬਰਾਬਰੀ ਦਿੱਤੀ ਜਾਵੇ।

ਜਾਤੀ ਜਨਗਣਨਾ ਕਰਨ ਦਾ ਫੈਸਲਾ ਸਮਾਜਿਕ ਨਿਆਂ ਨੂੰ ਰਾਸ਼ਟਰੀ ਏਕਤਾ ਨਾਲ ਸੰਤੁਲਿਤ ਕਰਨ ਲਈ ਭਾਰਤ ਦੇ ਚੱਲ ਰਹੇ ਸੰਘਰਸ਼ ਨੂੰ ਦਰਸਾਉਂਦਾ ਹੈ। ਜਦੋਂ ਕਿ ਇਹ ਵਧੇਰੇ ਸੂਖਮ ਅਤੇ ਪ੍ਰਭਾਵਸ਼ਾਲੀ ਨੀਤੀਆਂ ਲਈ ਵਾਅਦਾ ਕਰਦਾ ਹੈ, ਇਹ ਹੋਰ ਵੰਡਾਂ ਨੂੰ ਰੋਕਣ ਲਈ ਸਾਵਧਾਨੀ ਨਾਲ ਸੰਭਾਲਣ ਦੀ ਵੀ ਮੰਗ ਕਰਦਾ ਹੈ। ਜਿਵੇਂ ਕਿ ਭਾਰਤ ਇਸ ਮਹੱਤਵਾਕਾਂਖੀ ਯਤਨ ਲਈ ਤਿਆਰੀ ਕਰ ਰਿਹਾ ਹੈ, ਰਾਸ਼ਟਰ ਦੀਆਂ ਨਜ਼ਰਾਂ ਇਸ ਗੱਲ ‘ਤੇ ਹੋਣਗੀਆਂ ਕਿ ਡੇਟਾ ਨੂੰ ਕਿਵੇਂ ਇਕੱਠਾ ਕੀਤਾ ਜਾਂਦਾ ਹੈ, ਵਿਆਖਿਆ ਕੀਤੀ ਜਾਂਦੀ ਹੈ ਅਤੇ ਇੱਕ ਹੋਰ ਬਰਾਬਰੀ ਵਾਲੇ ਭਵਿੱਖ ਨੂੰ ਆਕਾਰ ਦੇਣ ਲਈ ਕਿਵੇਂ ਵਰਤਿਆ ਜਾਂਦਾ ਹੈ।

# ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ (ਸੀਟੂ) ਨੇ ਮਈ ਦਿਹਾੜਾ ਧੂਮਧਾਮ ਨਾਲ ਮਨਾਇਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਸੰਗਰੂਰ,1 ਮਈ( ਜਗਸੀਰ ਲੌਂਗੋਵਾਲ)-

ਸੈਂਟਰ ਟ੍ਰੇਡ ਯੂਨੀਅਨ ਆਫ ਇੰਡੀਆ ਇਕਾਈ ਰਾਏਕੋਟ ਨੇ ਮਈ ਦਿਹਾੜਾ ਧੂਮ ਧਾਮ ਨਾਲ ਮਨਾਇਆ 1 ਸੀਟੂ ਨਾਲ ਸਬੰਧਤ ਜਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਨੇ ਸਵੇਰੇ ਆਪੋ ਆਪਣੇ ਮਕਾਨਾਂ ਦੀਆਂ ਛੱਤਾਂ ਤੇ ਸੀਟੂ ਦੀ ਝੰਡੇ ਲਹਿਰਾਏ 1 ਬਾਅਦ ਵਿੱਚ ਰਾਏਕੋਟ ਵਿੱਚ ਇਕੱਠੇ ਹੋ ਕੇ 15 ਥਾਵਾਂ ਤੇ ਸੀਟੂ ਨਾਲ ਸੰਬੰਧਿਤ ਜਥੇਬੰਦੀਆਂ ਤੇ ਦਫਤਰਾਂ ਤੇ ਝੰਡੇ ਲਹਿਰਾਏ ਗਏ 1 ਸੀਟੂ ਦੇ ਸੂਬਾ ਸਕੱਤਰ ਦਲਜੀਤ ਕੁਮਾਰ ਗੋਰਾ ਅਤੇ ਮਨਰੇਗਾ ਦੇ ਸੂਬਾ ਮੀਤ ਪ੍ਰਧਾਨ ਡਾਕਟਰ ਪ੍ਰਕਾਸ਼ ਸਿੰਘ ਬਰਮੀ ਰਾਜ ਜਸਵੰਤ ਜੋਗਾ ਦੀ ਅਗਵਾਈ ਵਿੱਚ ਸਾਰੇ ਰਾਏਕੋਟ ਵਿੱਚ ਨਾਲ ਝੰਡੇ ਹੱਥਾਂ ਚ ਫੜ ਕੇ ਮਾਰਚ ਕੀਤਾ 1 ਵੱਖ ਵੱਖ ਥਾਵਾਂ ਤੇ ਉਪਰੋਕਤ ਆਗੂਆਂ ਨੇ ਮਈ ਦਿਵਸ ਦੀ ਮਹੱਤਤਾ ਬਾਰੇ ਦੱਸਿਆ ਅਤੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਜ਼ਦੂਰਾਂ ਵੱਲੋਂ ਲਹੂ ਬੀਟਮੇ ਸੰਘਰਸ਼ਾਂ ਨਾਲ ਪ੍ਰਾਪਤ ਕੀਤੇ ਕਾਨੂੰਨਾਂ ਨੂੰ ਤੋੜ ਕੇ ਲੋਕ ਵਿਰੋਧੀ ਚਾਰ ਕੋਡ ਬਣਾ ਰਹੀ ਹੈ ਕੇਂਦਰ ਦੀ ਮੋਦੀ ਸਰਕਾਰ ਦੀਆਂ ਕਿਸਾਨ ਵਿਰੋਧੀ ਮਜ਼ਦੂਰ ਵਿਰੋਧੀ ਨੌਜਵਾਨ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਖਿਲਾਫ ਕੇਂਦਰ ਦੀਆਂ 10 ਟਰੇਡ ਯੂਨੀਅਨ ਫੈਡਰੇਸ਼ਨਾ ਅਤੇ ਸੰਯੁਕਤ ਮੋਰਚੇ ਵੱਲੋਂ 20 ਮਈ ਨੂੰ ਕੌਮੀ ਪੱਧਰ ਦੀ ਹੜਤਾਲ ਵਿੱਚ ਹਰ ਵਰਗ ਦੇ ਲੋਕਾਂ ਨੂੰ ਵੱਧ ਤੋਂ ਵੱਧ ਸਾਮਲ ਹੋਣ ਲਈ ਅਪੀਲ ਕੀਤੀ ।ਇਸ ਮੌਕੇ ਸਨੀ ਰਾਏਕੋਟ, ਪ੍ਰਿਤਪਾਲ ਸਿੰਘ ਬਿੱਟਾ, ਗੋਲੂ ਸਿਵੀਆ, ਗੁਰਮੁਖ ਸਿੰਘ ਬਸੀਆਂ, ਕਰਨੈਲ ਸਿੰਘ ਬੱਸੀਆਂ, ਗਿਆਨ ਸਿੰਘ ਜੌਲਾ, ਗੁਰਦੀਪ ਸਿੰਘ, ਕਰਮ ਚੰਦ ਬੁਰਜ ਹਕੀਮਾਂ ਆਦਿ ਹਾਜ਼ਰ ਸਨ।

# *ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਆਰ ਪਾਰ ਦੀ ਲੜਾਈ ਲੜੇਗਾ ਨਸ਼ਾ ਮੁਕਤੀ ਮੋਰਚਾ-ਚੁਸ਼ਪਿੰਦਰ ਚਹਿਲ*

## *03 ਮਈ ਨੂੰ ਵਿਲੇਜ ਡਿਫੈਂਸ ਕਮੇਟੀਆਂ ਦੀ ਹੋਵੇਗੀ ਜ਼ਿਲ੍ਹਾ ਪੱਧਰੀ ਅਹਿਮ ਮੀਟਿੰਗ*, *ਸੂਬੇ 'ਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸਭ ਨੂੰ ਮੁਹਿੰਮ ਵਿੱਚ ਸਹਿਯੋਗ ਦੇਣ ਸੱਦਾ*

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com




ਭੀਖੀ, 01 ਮਈ: ( ਕਮਲ ਜਿੰਦਲ )

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਨਸ਼ਿਆਂ ਦੇ ਖਾਤਮੇ ਲਈ ''ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਵਿੱਢੀ ਗਈ ਹੈ। ਇਸ ਮੁਹਿੰਮ ਤਹਿਤ ਸਾਡਾ ਸੰਗਠਨ ਨਸ਼ਾ ਮੁਕਤੀ ਮੋਰਚਾ ਆਰ ਪਾਰ ਦੀ ਲੜਾਈ ਲੜਨ ਲਈ ਤਿਆਰ ਹੈ ਤਾਂ ਜੋ ਨਸ਼ਿਆਂ ਦਾ ਲੱਕ ਤੋੜਿਆ ਜਾ ਸਕੇ। ਇਸ ਮੰਤਵ ਨੂੰ ਪੂਰਾ ਕਰਨ ਲਈ ਸਿਰਤੋੜ ਯਤਨ ਕੀਤੇ ਜਾਣਗੇ ਅਤੇ ਪਿੰਡ-ਪਿੰਡ, ਸ਼ਹਿਰ - ਸ਼ਹਿਰ ਪਹੁੰਚ ਕੀਤੀ ਜਾਵੇਗੀ।

ਇੰਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚਾ ਲਈ ਮਾਲਵਾ (ਵੈਸਟ) ਦੇ ਕੋਆਰਡੀਨੇਟਰ ਚੁਸ਼ਪਿੰਦਰ ਚਹਿਲ ਨੇ ਕੀਤਾ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਮੁਹਿੰਮ ਭਖਾਉਣ ਲਈ ਨਸ਼ਾ ਮੁਕਤੀ ਮੋਰਚਾ ਬਣਾਇਆ ਗਿਆ ਹੈ, ਜਿਸ ਵਲੋਂ ਹਰ ਪਿੰਡ, ਹਰ ਗਲੀ, ਹਰ ਮੁਹੱਲੇ ਤਕ ਪਹੁੰਚ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਇਹ ਸੰਗਠਨ ਸ਼ੁਰੂ ਕੀਤਾ ਗਿਆ ਹੈ। ਇਸ ਤਹਿਤ ਉਨ੍ਹਾਂ ਲੋਕਾਂ ਤੱਕ ਪਹੁੰਚ ਕੀਤੀ ਜਾਵੇਗੀ, ਜਿੰਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੈ। ਹਰ ਸਕੂਲੀ ਬੱਚੇ, ਹਰ ਨੌਜਵਾਨ ਨੂੰ ਪ੍ਰੇਰਿਤ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਖੇਡਾਂ ਨਾਲ ਜੋੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮਕਸਦ ਲੋਕਾਂ ਨੂੰ, ਖਾਸ ਕਰਕੇ ਨੌਜਵਾਨਾਂ ਨੂੰ ਜਾਗਰੂਕ ਕਰਨਾ ਹੈ।

ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਹਰ ਪਿੰਡ - ਸ਼ਹਿਰ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਬਣਾਈਆਂ ਗਈਆਂ ਹਨ ਜੋ ਕਿ ਇਸ ਮਕਸਦ ਨਾਲ ਕੰਮ ਕਰਨਗੀਆਂ। ਉਨ੍ਹਾਂ ਕਿਹਾ ਕਿ 03 ਮਈ ਨੂੰ ਜ਼ਿਲ੍ਹੇ ਦੀਆਂ ਵਿਲੇਜ ਡਿਫੈਂਸ ਕਮੇਟੀਆਂ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੋਈ ਵੀ ਮੁਹਿੰਮ ਇੱਕਲਿਆਂ ਜਿੱਤੀ ਨਹੀਂ ਜਾ ਸਕਦੀ, ਇਸ ਲਈ ਹਰ ਪੰਜਾਬ ਵਾਸੀ ਇਸ ਵਿਚ ਆਪਣਾ ਯੋਗਦਾਨ ਪਾਵੇ ਤਾਂ ਜੋ ਕਿ ਰਲ ਕੇ ਇਹ ਜੰਗ ਜਿੱਤੀ ਜਾ ਸਕੇ।

ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਰਜਿੰਦਰ ਜ਼ਫਰੀ, ਹਲਕਾ ਕੋਆਰਡੀਨੇਟਰ ਮਾਨਸਾ ਸ਼ਮਿੰਦਰ ਖੀਵਾ, ਹਲਕਾ ਕੋਆਰਡੀਨੇਟਰ ਬੁਢਲਾਡਾ ਰਾਮ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਮੌਜੂਦ ਸਨ।

# ਸੰਤ ਬਾਬਾ ਇਕਬਾਲ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਦੋ-ਰੋਜ਼ਾ ਗੁਰਮਤਿ ਸਮਾਗਮ ਆਯੋਜਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਸੰਗਰੂਰ,1 ਮਈ (ਜਗਸੀਰ ਲੌਂਗੋਵਾਲ)-

20ਵੀਂ ਸਦੀ ਦੇ ਮਹਾਨ ਤਪੱਸਵੀ, ਰਾਜਯੋਗੀ, ਪੂਰਨ ਬ੍ਰਹਮਗਿਆਨੀ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਅਤੇ ਸੰਤ ਤੇਜਾ ਸਿੰਘ ਜੀ, ਐੱਮ.ਏ., ਐੱਲ.ਐੱਲ.ਬੀ. (ਪੰਜਾਬ), ਏ.ਐੱਮ. (ਹਾਰਵਰਡ) ਦੇ ਅਨਿਨ ਸੇਵਕ, ਕਲਗੀਧਰ ਟਰੱਸਟ ਬੜੂ ਸਾਹਿਬ ਦੇ ਸਾਬਕਾ ਪ੍ਰਧਾਨ ਅਤੇ ਪਦਮ ਸ਼੍ਰੀ, ਵਿੱਦਿਆ ਮਾਰਤੰਡ, ਸ਼੍ਰੋਮਣੀ ਪੰਥ ਰਤਨ ਸੰਤ ਬਾਬਾ ਇਕਬਾਲ ਸਿੰਘ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਦੂਸਰਾ ਸਾਲਾਨਾ ਦੋ-ਰੋਜ਼ਾ ਗੁਰਮਤਿ ਸਮਾਗਮ 30 ਅਪ੍ਰੈਲ ਤੋਂ 1 ਮਈ 2025 ਤੱਕ ਤਪੋਭੂਮੀ ਗੁਰਦੁਆਰਾ ਬੜੂ ਸਾਹਿਬ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ 30 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਪ੍ਰਕਾਸ਼ ਨਾਲ ਹੋਈ, ਜਿਸ ਦੇ ਭੋਗ 1 ਮਈ ਨੂੰ ਗੁਰਦੁਆਰਾ ਅੰਗੀਠਾ ਸਾਹਿਬ, ਗੁਰਦੁਆਰਾ ਸਾਹਿਬ ਅਤੇ ਸੰਤ ਬਾਬਾ ਇਕਬਾਲ ਸਿੰਘ ਜੀ ਦੀ ਕੁਟੀਆ ਵਿਖੇ ਪਾਏ ਗਏ। ਮੁੱਖ ਦਰਬਾਰ ਸਾਹਿਬ ਵਿੱਚ 30 ਅਪ੍ਰੈਲ ਨੂੰ ਅਖੰਡ ਪਾਠ ਤੇ ਸਹਿਜ ਪਾਠ ਦੇ ਭੋਗ ਪਾਏ ਗਏ। ਧਾਰਮਿਕ ਦੀਵਾਨ 30 ਅਪ੍ਰੈਲ ਨੂੰ ਦੁਪਹਿਰ 3 ਵਜੇ ਤੋਂ ਰਾਤ 9:30 ਵਜੇ ਤੱਕ ਸਜਾਇਆ ਗਿਆ। ਇਸ ਮੌਕੇ ਭਾਈ ਅਰਵਿੰਦਰ ਸਿੰਘ ਜੀ ਨੂਰ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਅਨਾਹਦ ਬਾਣੀ ਤੰਤੀ ਸਾਜ ਜਥਾ ਅਤੇ ਅਕਾਲ ਅਕੈਡਮੀ ਦੇ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿੱਚ ਅਕਾਲ ਯੂਨੀਵਰਸਿਟੀ ਦੇ ਧਰਮ ਅਧਿਐਨ ਵਿਭਾਗ ਦੇ ਵਿਦਿਆਰਥੀਆਂ ਅਤੇ ਵੱਖ-ਵੱਖ ਸਿੱਖ ਸੰਸਥਾਵਾਂ ਦੇ ਪ੍ਰਤਿਨਿਧੀਆਂ ਨੇ ਹਾਜ਼ਰੀ ਭਰੀ। ਇਸ ਸਮੇਂ ਬਾਬਾ ਇਕਬਾਲ ਸਿੰਘ ਜੀ ਦੇ ਬਚਨਾਂ ਨੂੰ ਯਾਦ ਕੀਤਾ ਗਿਆ। ਉਨ੍ਹਾਂ ਦਾ ਸੰਕਲਪ ਸੀ ਕਿ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜ ਕੇ ਉਨ੍ਹਾਂ ਨੂੰ ਦੁਨਿਆਵੀ ਵਿੱਦਿਆ ਦੇ ਨਾਲ ਗੁਰਮਤਿ ਅਧਾਰਤ ਜੀਵਨ ਵੀ ਦਿਤਾ ਜਾਵੇ। ਅੱਜ ਪੰਜਾਬ ਨੂੰ ਐਸੇ ਗੁਰਸਿੱਖ ਆਗੂਆਂ ਅਤੇ ਅਫਸਰਾਂ ਦੀ ਬਹੁਤ ਲੋੜ ਹੈ। ਕਲਗੀਧਰ ਟਰੱਸਟ ਇਸ ਵਿੱਚ ਮਹੱਤਵਪੂਰਣ ਯੋਗਦਾਨ ਪਾ ਰਿਹਾ ਹੈ। ਕਲਗੀਧਰ ਟਰੱਸਟ ਦੇ ਪ੍ਰਧਾਨ ਡਾ. ਦਵਿੰਦਰ ਸਿੰਘ ਜੀ ਅਤੇ ਉੱਪ-ਪ੍ਰਧਾਨ ਭਾਈ ਜਗਜੀਤ ਸਿੰਘ ਜੀ ਨੇ ਸਭ ਸੰਗਤਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਸੰਤ ਬਾਬਾ ਇਕਬਾਲ ਸਿੰਘ ਜੀ ਦੇ ਸੰਸਕਾਰਾਂ ਤੇ ਸੰਕਲਪਾਂ ਨੂੰ ਅੱਗੇ ਵਧਾਉਣ ਲਈ ਟਰੱਸਟ ਪੂਰੇ ਉਤਸ਼ਾਹ ਨਾਲ ਜੁਟਿਆ ਹੋਇਆ ਹੈ। ਅੰਤ ਵਿੱਚ ਸਮੂਹ ਸੰਗਤ ਵੱਲੋਂ ਸੰਤ ਬਾਬਾ ਇਕਬਾਲ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਮਿਸ਼ਨ ਤੇ ਅਦੁੱਤੀ ਸੇਵਾ ਨੂੰ ਯਾਦ ਕੀਤਾ ਗਿਆ।

# ਓਮ ਬਿਰਲਾ ਵਲੋਂ ਸੰਜੇ ਜੈਸਵਾਲ ਸੰਸਦੀ ਕਮੇਟੀ ਦੇ ਚੇਅਰਮੈਨ ਨਿਯੁਕਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ: ਸੰਸਦੀ ਅਨੁਮਾਨ ਕਮੇਟੀ ਦਾ ਚੇਅਰਮੈਨ ਕੀਤਾ ਨਿਯੁਕਤ ਕੀਤਾ

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਭਾਜਪਾ ਸੰਸਦ ਮੈਂਬਰ ਸੰਜੇ ਜੈਸਵਾਲ ਨੂੰ ਅਨੁਮਾਨਾਂ ਬਾਰੇ ਸੰਸਦੀ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਹੈ।

# ਪੰਜਾਬ ਸੰਭਾਲੋ ਰੈਲੀ ਮੌਕੇ 'ਬਸਪਾ' ਦੇ ਸ਼ਹੀਦੀ ਸਮਾਰਕ ਦਾ ਸੂਬਾ ਪ੍ਰਧਾਨ ਡਾ. ਕਰੀਮਪੁਰੀ ਨੇ ਰੱਖਿਆ ਨੀਂਹ ਪੱਥਰ

## ਲੋਕਤੰਤਰ ਦੀ ਰੱਖਿਆ ਕਰਦੇ 1992 'ਚ ਸ਼ਹੀਦ ਹੋਏ ਵਰਕਰਾਂ ਦੀ ਕੁਰਬਾਨੀ ਅਜਾਈ ਨਹੀਂ ਜਾਏਗੀ : ਕਰੀਮਪੁਰ 'ਭਾਜਪਾ' ਦੇ ਜਾਤੀ ਜਨਗਣਨਾ ਦਾ ਸਵਾਗਤ ਕਰਦਿਆਂ ਬੋਲੇ ਅਜੇ ਵੀ ਸ਼ੰਕਾ ਈ ਹੈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com





ਲੁਧਿਆਣਾ, 1 ਮਈ () ਬਹੁਜਨ ਸਮਾਜ ਪਾਰਟੀ ਵੱਲੋਂ ਅੱਜ ਜਸਪਾਲ ਬਾਂਗਰ ਵਿਖੇ ਸ਼ਹੀਦੀ ਸਮਾਰਕ ਵਾਲੀ ਜਗ੍ਹਾ ਉੱਤੇ ਪੰਜਾਬ ਸੰਭਾਲੋ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਸ਼ਹੀਦੀ ਸਮਾਰਕ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਉਨ੍ਹਾਂ ਸ਼ਹੀਦ ਹੋਏ ਪਾਰਟੀ ਵਰਕਰਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਲੋਕਤੰਤਰ ਦੀ ਰੱਖਿਆ ਕਰਦੇ 1992 'ਚ ਸ਼ਹੀਦ ਹੋਏ ਪੰਜ ਵਰਕਰਾਂ ਸ਼ਹੀਦ ਨਛੱਤਰ ਸਿੰਘ, ਸ਼ਹੀਦ ਨਾਜਰ ਸਿੰਘ, ਸ਼ਹੀਦ ਅਮਰ ਸਿੰਘ, ਸ਼ਹੀਦ ਸ਼ਰਨਜੀਤ ਸਿੰਘ ਅਤੇ ਸ਼ਹੀਦ ਰਜਿੰਦਰ ਸਿੰਘ ਦੀ ਕੁਰਬਾਨੀ ਅਜਾਈ ਨਹੀਂ ਜਾਏਗੀ। ਉਨ੍ਹਾਂ ਕਿਹਾ ਕਿ ਵਰਕਰਾਂ ਦੇ ਸਹਿਯੋਗ ਨਾਲ ਬਸਪਾ ਆਪਣੇ ਦੰਮ 'ਤੇ ਇਸ ਸ਼ਹੀਦੀ ਸਮਾਰਕ ਨੂੰ ਮੁਕੰਮਲ ਕਰਵਾਏਗੀ ਅਤੇ 2027 ਵਿੱਚ ਸਰਕਾਰ ਬਣਨ 'ਤੇ ਸ਼ਹੀਦਾਂ ਦੀ ਕੁਰਬਾਨੀ ਦਾ ਮੁੱਲ ਮੋੜਦਿਆਂ ਸ਼ਹੀਦ ਪਰਿਵਾਰਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਪੱਤਰਕਾਰ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਰੋਧੀ ਤਾਕਤਾਂ ਵੱਲੋਂ 1992 'ਚ "ਚੋਣਾਂ ਦਾ ਬਾਈਕਾਟ ਕਰੋ, ਜੋ ਵੋਟ ਪਾਉਣਗੇ ਉਨ੍ਹਾਂ ਦੇ ਗੋਲੀ ਮਾਰੋ," ਦੀ ਧਮਕੀ ਦਿੱਤੀ ਗਈ ਸੀ। ਲੋਕਤੰਤਰ ਦੀ ਰੱਖਿਆ ਲਈ ਉਸ ਧਮਕੀ ਦੇ ਵਿਰੋਧ ਵਿੱਚ ਜਸਪਾਲ ਬਾਂਗਰ ਦੇ ਬਹੁਜਨ ਸਮਾਜ ਪਾਰਟੀ ਦੇ ਪੰਜ ਸਮਰਥਕਾਂ ਨੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਵੋਟ ਪਾਈ ਸੀ ਤੇ ਇਸਦਾ ਨਤੀਜਾ ਉਹਨਾਂ ਨੂੰ ਸ਼ਹੀਦੀ ਦੇ ਰੂਪ ਵਿੱਚ ਭੁਗਤਣਾ ਪਿਆ ਸੀ। ਪੰਜਾਬ ਵਿੱਚ ਕਈ ਹੋਰ ਥਾਈ ਵੀ ਬਸਪਾ ਵਰਕਰਾਂ ਨੂੰ ਏਸੇ ਪ੍ਰਕਾਰ ਸ਼ਹੀਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸੇ ਕਰਕੇ ਸਾਹਿਬ ਕਾਂਸ਼ੀ ਰਾਮ ਜੀ ਨੇ ਇਥੋਂ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇੱਕ ਸਮਾਰਕ ਨੂੰ ਬਣਾਉਣ ਲਈ ਜ਼ਮੀਨ ਖ਼ਰੀਦੀ ਸੀ। ਉਨ੍ਹਾਂ ਕਿਹਾ ਕਿ ਅੱਜ ਅਸੀਂ ਇਸ ਸਮਾਰਕ ਨੂੰ ਬਣਾਉਣ ਲਈ ਚਾਰ ਦਿਵਾਰੀ ਬਣਾਉਣ ਦਾ ਕੰਮ ਆਰੰਭ ਦਿੱਤਾ ਹੈ ਜਿਸਦਾ ਖ਼ਰਚਾ ਪਾਰਟੀ ਦੇ ਵਰਕਰਾਂ, ਆਗੂਆਂ ਦੀ ਪੂੰਜੀ ਚੋਂ ਕੱਢਿਆ ਜਾਵੇਗਾ। ਉਹਨਾਂ ਭਾਜਪਾ ਵੱਲੋਂ ਜਨਗਣਨਾ ਸਬੰਧੀ ਲਏ ਫੈਸਲੇ ਬਾਰੇ ਕਿਹਾ ਕਿ ਜਨਗਣਨਾ ਹੋਣੀ ਹਰ ਦੇਸ਼ ਵਿੱਚ ਲਾਜ਼ਮੀ ਹੁੰਦੀ ਹੈ, ਜਨਗਣਨਾ ਕਰਨ ਦਾ ਮਕਸਦ ਉਸ ਵਰਗ ਨੂੰ ਉੱਚਾ ਚੁੱਕਣਾ ਹੁੰਦਾ ਹੈ ਜੋ ਹੁਕਮਰਾਨਾਂ ਦੀਆਂ ਨੀਤੀਆਂ ਕਾਰਨ ਉੱਪਰ ਨਹੀਂ ਉੱਠ ਪਾਉਂਦਾ, ਜਿਸਨੂੰ ਲਾਗੂ ਕਰਨ ਲਈ ਭਵਿੱਖ ਲਈ ਰਣਨੀਤੀ ਤੈਅ ਕਰਨੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਜਨਗਣਨਾ ਕਰਨ ਦਾ ਫ਼ੈਸਲਾ ਕਾਫ਼ੀ ਦੇਰੀ ਨਾਲ ਲਿਆ ਹੈ ਜਿਸ 'ਤੇ ਅਜੇ ਵੀ ਸ਼ੰਕਾ ਹੈ, ਪਰ ਜੇਕਰ ਉਹ ਜਨਗਣਨਾ ਤੋਂ ਬਾਅਦ ਭਵਿੱਖ ਲਈ ਸਕਾਰਾਤਮਕ ਰਣਨੀਤੀ ਬਣਾਉਂਦੀ ਹੈ ਤਾਂ ਬਹੁਜਨ ਸਮਾਜ ਪਾਰਟੀ ਇਸ ਫ਼ੈਸਲੇ ਦਾ ਸਵਾਗਤ ਕਰਦੀ ਹੈ। ਉਹਨਾਂ ਪਹਿਲਗਾਮ 'ਚ ਹੋਏ ਹਮਲੇ ਅਤੇ ਭਾਜਪਾ ਦੀ ਅੱਤਵਾਦੀਆਂ ਨੂੰ ਫੜ੍ਹਨ 'ਚ ਨਾਕਾਮੀ ਬਾਰੇ ਕਿਹਾ ਕਿ ਪਾਰਟੀ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਦਾ ਇਹ ਕਹਿਣਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਦੇਸ਼ ਦੀ ਸੁਰੱਖਿਆ ਲਈ ਜੋ ਵੀ ਕਦਮ ਚੁੱਕੇਗੀ, ਪਾਰਟੀ ਵੱਲੋਂ ਉਸਦਾ ਸਮਰਥਨ ਹੋਵੇਗਾ। ਉਹਨਾਂ ਕਿਹਾ ਕਿ ਜਦੋਂ ਵੀ ਦੇਸ਼ ਉੱਤੇ ਹਮਲਾ ਹੋਇਆ ਹੈ ਤਾਂ ਭਾਜਪਾ ਦੀ ਸਰਕਾਰ ਹੀ ਕੇਂਦਰ ਵਿੱਚ ਹੁਕਮਰਾਨ ਹੁੰਦੀ ਹੈ, ਜਿਸ ਤੋਂ ਸਾਫ਼ ਹੁੰਦਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਸੁਰੱਖਿਆ ਨੀਤੀ ਅਸਫ਼ਲ ਸਾਬਿਤ ਹੋਈ ਹੈ ਜਿਸ 'ਚ ਸੁਧਾਰ ਦੀ ਬਹੁਤ ਲੋੜ ਹੈ। ਇਸ ਮੌਕੇ ਲੁਧਿਆਣਾ ਜ਼ੋਨ ਇੰਚਾਰਜ ਪ੍ਰਵੀਨ ਬੰਗਾ, ਜ਼ੋਨ ਇੰਚਾਰਜ ਬਲਵਿੰਦਰ ਬਿੱਟਾ, ਦਿਹਾਤੀ ਇੰਚਾਰਜ ਪਰਗਣ ਬਿਲਗਾ, ਦਿਹਾਤੀ ਪ੍ਰਧਾਨ ਬੂਟਾ ਸਿੰਘ ਸੰਗੋਵਾਲ, ਇੰਚਾਰਜ ਨਿਰਮਲ ਸਿੰਘ, ਲੁਧਿਆਣਾ ਇੰਚਾਰਜ ਜੀਤਰਾਮ ਬਸਰਾ, ਸ਼ਹਿਰੀ ਪ੍ਰਧਾਨ ਬਲਵਿੰਦਰ ਜੱਸੀ, ਜਨਰਲ ਸਕੱਤਰ ਸੋਨੂ ਅੰਬੇਦਕਰ, ਮਹਿਲਾ ਵਿੰਗ ਪ੍ਰਧਾਨ ਮੀਨੂ ਧੀਰ, ਮੀਡੀਆ ਇੰਚਾਰਜ ਬਿੱਟੂ ਸ਼ੇਰਪੁਰੀਆ, ਅਮਰੀਕ ਸਿੰਘ ਘੁਲਾਲ, ਗੁਰਮੀਤ ਸਿੰਘ ਰੇਲਵੇ, ਸਤਵਿੰਦਰ ਸਿੰਘ ਲੁਹਾਰਾ, ਹਰਫੂਲ ਸੈਨ, ਦੁਰਜਨ ਕੁਮਾਰ, ਅਮਰੀਕ ਸਿੰਘ ਪੁਹੀੜ, ਬਹਾਦਰ ਸਿੰਘ, ਸੂਬੇਦਾਰ ਬਲਵੀਰ ਸਿੰਘ ਖਟੜਾ, ਨਿਰਮਲ ਸਿੰਘ, ਚਰਨਜੀਤ ਸਿੰਘ ਸੰਗੋਵਾਲ, ਜਗਦੀਪ ਸਿੰਘ ਸਿਰਥਲਾ, ਜਸਵਿੰਦਰ ਸਿੰਘ ਸੰਗੋਵਾਲ, ਜਸਪਾਲ ਸਿੰਘ ਦੀਵਾ, ਰਜਿੰਦਰ ਨਿੱਕਾ, ਜਸਪਾਲ ਭੌਰਾ, ਸੁਖਦੇਵ ਚੱਡਾ, ਬਲਦੇਵ ਮੱਲ, ਸੁਖਦੇਵ ਭਟੋਏ, ਜਸਵੰਤ ਰਾਏ, ਮਨਜੀਤ ਸਿੰਘ ਬਾੜੇਵਾਲ ਅਤੇ ਹਰਦਿਆਲ ਸਿੰਘ ਬਾੜੇਵਾਲ ਆਦਿ ਵੀ ਹਾਜ਼ਰ ਸਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬੰਗਾ ਦੀ ਮੀਟਿੰਗ ਹੋਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com



ਬੰਗਾ( ਚਰਨਜੀਤ ਸੱਲ੍ਹਾ )ਮੈਡੀਕਲ ਪ੍ਰੈਕਟੀਸਨਰ ਬਲਾਕ ਬੰਗਾ ਦੀ ਮੀਟਿੰਗ ਬੰਗਾ ਵਿਖੇ ਪ੍ਰਧਾਨ ਡਾ ਅਮ੍ਰਿਤ ਲਾਲ ਰਾਣਾ ਜੀ ਪ੍ਰਧਾਨਗੀ ਵਿੱਚ ਬੰਗਾ ਵਿਖੇ ਹੋਈ ਜਿਸ ਵਿੱਚ ਵੱਖ ਵੱਖ ਵਿਚਾਰ ਵਿਟਾਦਰਾ ਕੀਤਾ ਗਿਆ ਅੱਜ ਦੀ ਮੀਟਿੰਗ ਮਜਦੂਰ ਦਿਵਸ ਨੂੰ ਸਮਰਪਿਤ ਕੀਤੀ ਤੇ ਕਿਰਤੀ ਭਾਈਚਾਰੇ ਨੂੰ ਅੱਜ ਦੇ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ ਦਿੱਤੀਆ ਤੇ ਸਰਕਾਰ ਤੇ ਮਜਦੂਰ ਭਾਈਚਾਰੇ ਦੀਆਂ ਮੁਸਕਲਾਂ ਨੂੰ ਹੱਲ ਕਰਨ ਦੀ ਅਪੀਲ ਕੀਤੀ ਤੇ ਨਾਲ ਆਪਣੀਆ ਮੰਗਾ ਨੂੰ ਵੀ ਪੂਰੀਆਂ ਕਰਨ ਦੀ ਅਪੀਲ ਕੀਤੀ ਤੇ ਨਾਲ ਹੀ ਜੰਮੂ ਕਸਮੀਰ ਦੇ ਪਹਿਲਗਾਮ ਵਿਖੇ ਅੱਤਵਾਦੀਆ ਵਲੋਂ ਨਿਰਦੋਸ਼ ਸੈਲਾਨੀਆ ਦੀ ਕੀਤੀ ਗਈ ਹੱਤਿਆ ਦੀ ਨਿਖੇਧੀ ਕੀਤੀ ਗਈ ਤੇ ਕੇਦਰ ਸਰਕਾਰ ਨੂੰ ਅੱਤਵਾਦੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਅਪੀਲ ਕੀਤੀ ਅੱਜ ਦੀ ਮੀਟਿੰਗ ਵਿੱਚ ਪ੍ਰਧਾਨ ਡਾ ਅ੍ਮਿਤ ਲਾਲ ਰਾਣਾ, ਡਾ ਸੀਤਾ ਰਾਮ ਡਾ ਚਰਨਜੀਤ ਸਿੰਘ ਡਾ ਅਨੁਪਿੰਦਰ ਸਿੰਘ ਡਾ ਧਰਮ ਪਾਲ ਬੱਗਾ ਡਾ ਗੁਰਮੇਲ ਸਿੰਘ ਡਾ ਕੁਲਵਿੰਦਰ ਸਿੰਘ ਡਾ ਮਹਿੰਗਾ ਸਿੰਘ ਡਾ ਮੱਖਣ ਲਾਲ ਡਾ ਅਸੋਕ ਕੁਮਾਰ ਗਾਬਾ ਡਾ ਸੁਧੀਰ ਕੁਮਾਰ ਡਾ ਰਣਜੀਤ ਸਿੰਘ ਡਾ ਨਰਿੰਦਰ ਸਿੰਘ ਡਾ ਗੁਰਨਾਮ ਸਿੰਘ ਡਾ ਰਤਨ ਸਿੰਘ ਡਾ ਸਿੰਦਰ ਪਾਲ ਹੀਰਾ ਡਾ ਜਸਵੀਰ ਸਿੰਘ ਡਾ ਗੀਤਾ ਡਾ ਜਸਪਾਲ ਕੋਰ ਆਦਿ ਸਾਥੀ ਹੋਏ

# ਇਫਟੂ ਵਲੋਂ ਮਜਦੂਰ ਦਿਹਾੜੇ 'ਤੇ ਵਿਸ਼ਾਲ ਕਾਨਫਰੰਸ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com





ਨਵਾਂਸ਼ਹਿਰ 1 ਮਈ (ਚਰਨਜੀਤ ਸੱਲ੍ਹਾ) (ਸਤਨਾਮ ਸਿੰਘ ਸਹੂੰਗੜਾ) ਅੱਜ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਵਲੋਂ ਕੌਮਾਂਤਰੀ ਮਜਦੂਰ ਦਿਵਸ ਮੌਕੇ ਮਜਦੂਰ ਸੰਮੇਲਨ ਕੀਤਾ ਗਿਆ।ਸ਼ਹਿਰ ਵਿਚ ਮੁਜਾਹਰਾ ਕਰਨ ਉਪਰੰਤ ਵਿਸ਼ਵਕਰਮਾ ਮੰਦਰ ਰਾਹੋਂ ਰੋਡ ਨਵਾਂਸ਼ਹਿਰ ਵਿਖੇ ਵਿਸ਼ਾਲ ਮਜਦੂਰ ਸੰਮੇਲਨ ਕੀਤਾ ਗਿਆ।ਜਥੇਬੰਦੀ ਦੇ ਲਾਲ ਝੰਡਿਆਂ ਨਾਲ ਸਜੇ ਪੰਡਾਲ ਵਿਚ ਮਜਦੂਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮਈ ਦਿਵਸ ਦੇ ਸ਼ਹੀਦ ਪੂੰਜੀਵਾਦ ਨੂੰ ਨਫ਼ਰਤ ਕਰਦੇ ਸਨ ਕਿਉਂਕਿ ਇਹ ਕੁਝ ਲੋਕਾਂ ਦੁਆਰਾ ਬਹੁਤ ਸਾਰੇ ਲੋਕਾਂ ਦੇ ਸ਼ੋਸ਼ਣ 'ਤੇ ਅਧਾਰਤ ਹੈ ਅਤੇ ਸਮਾਜਵਾਦ ਦੀ ਵਕਾਲਤ ਕਰਦੇ ਸਨ ਕਿਉਂਕਿ ਇਹ ਹਰੇਕ ਮਨੁੱਖ ਦੀ ਭਲਾਈ ਨੂੰ ਸੁਰੱਖਿਅਤ ਕਰ ਸਕਦਾ ਹੈ। ਇਹਨਾਂ ਸ਼ਹੀਦਾਂ ਵੱਲੋਂ ਪੂੰਜੀਵਾਦ ਦੇ ਬਦਲ ਵਜੋਂ ਸਮਾਜਵਾਦ ਲਈ ਦਿੱਤਾ ਗਿਆ ਸੱਦਾ ਅਜੋਕੇ ਪੂੰਜੀਵਾਦ ਦੇ ਸੰਸਾਰ ਵਿੱਚ ਬਹੁਤ ਸਾਰਥਕ ਹੈ, ਜਿੱਥੇ ਪੂੰਜੀਵਾਦ ਵਿਸ਼ਾਲ ਲੋਕਾਂ ਦੀ ਗਰੀਬੀ, ਵੱਧ ਰਹੀ ਬੇਰੁਜ਼ਗਾਰੀ ਅਤੇ ਸਮਾਜ ਵਿੱਚ ਅਸਮਾਨਤਾਵਾਂ ਦਾ ਕਾਰਨ ਬਣ ਰਿਹਾ ਹੈ।

ਆਗੂਆਂ ਨੇ ਕਿਹਾ ਕਿ ਚੋਟੀ ਦੇ ਦਸ ਪ੍ਰਤੀਸ਼ਤ ਅਮੀਰਾਂ ਕੋਲ 80% ਦੇ ਕਰੀਬ ਦੌਲਤ ਹੈ ਦੌਲਤ ਹੈ, ਜਦੋਂ ਕਿ 60% ਲੋਕ ਸਿਰਫ 4% ਦੌਲਤ ਦੇ ਮਾਲਕ ਹਨ।

ਦੇਖਿਆ ਜਾਵੇ ਤਾਂ, ਚਾਰ ਲੇਬਰ ਕੋਡ, ਜੇਕਰ ਲਾਗੂ ਕੀਤੇ ਜਾਂਦੇ ਹਨ, ਤਾਂ ਬੇਰੁਜ਼ਗਾਰੀ ਵਧੇਗੀ ਅਤੇ ਨੌਕਰੀਆਂ ਦੇ ਨੁਕਸਾਨ ਵਿੱਚ ਹੋਰ ਵਾਧਾ ਕਰਨਗੇ ਕਿਉਂਕਿ ਪ੍ਰਬੰਧਕਾਂ ਨੂੰ ਭਰਤੀ ਅਤੇ ਛਾਂਟੀ ਦੀ ਆਗਿਆ ਦੇ ਕੇ ਛਾਂਟੀ ਅਤੇ ਤਾਲਾਬੰਦੀ ਵਿੱਚ ਢਿੱਲ ਦਿੱਤੀ ਗਈ ਹੈ ਇਸ ਨਾਲ ਮਜ਼ਦੂਰਾਂ ਦੀ ਖਰੀਦ ਸ਼ਕਤੀ 'ਚ ਹੋਰ ਗਿਰਾਵਟ ਆਉਣ ਨਾਲ ਬਾਜ਼ਾਰ 'ਚ ਮੰਗ ਹੋਰ ਵੀ ਘੱਟ ਜਾਵੇਗੀ, ਜਿਸ ਦਾ ਅਰਥਚਾਰੇ 'ਤੇ ਹੋਰ ਮਾੜਾ ਅਸਰ ਪਵੇਗਾ।

ਆਰ ਐਸ ਐਸ - ਭਾਜਪਾ ਸਰਕਾਰ ਜਨਤਕ ਜਾਇਦਾਦ ਨੂੰ ਨਿੱਜੀ ਹੱਥਾਂ ਵਿੱਚ ਵੇਚਣ ਦੀ ਆਪਣੀ ਵਚਨਬੱਧਤਾ ਦਾ ਐਲਾਨ ਕਰਦੀ ਰਹੀ ਹੈ। ਜਨਤਕ ਖੇਤਰ ਦੇ ਉਦਯੋਗ ਅਤੇ ਜਨਤਕ ਖੇਤਰ ਦੇ ਬੈਂਕ ਪਹਿਲਾਂ ਹੀ ਨਿੱਜੀਕਰਨ ਦੀ ਤਲਵਾਰ ਹੇਠ ਹਨ। ਐਲ ਆਈ ਸੀ ਵਿਨਿਵੇਸ਼ ਲਈ ਤਿਆਰ ਹੈ। ਸਰਕਾਰ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਈ ਜਨਤਕ ਖੇਤਰ ਮੁਨਾਫਾ ਕਮਾ ਰਹੇ ਹਨ ਅਤੇ ਸਰਕਾਰ ਨੂੰ ਟੈਕਸ ਅਤੇ ਲਾਭਅੰਸ਼ ਦੀ ਵੱਡੀ ਰਕਮ ਅਦਾ ਕਰ ਰਹੇ ਹਨ। ਸਰਕਾਰ ਨਿੱਜੀਕਰਨ ਨੂੰ ਉਸੇ ਤਰ੍ਹਾਂ ਪਿਆਰ ਕਰਦੀ ਹੈ ਜਿਵੇਂ ਉਹ ਅਡਾਨੀਆਂ ਅਤੇ ਅੰਬਾਨੀਆਂ ਨੂੰ ਪਿਆਰ ਕਰਦੀ ਹੈ।

ਨਵਾਂਸ਼ਹਿਰ ਇਹ ਮਈ ਦਿਵਸ ਅਜਿਹੇ ਸਮੇਂ ਆਇਆ ਹੈ ਜਦੋਂ ਕਿਰਤੀ ਵਰਗ ਅਤੇ ਆਮ ਲੋਕ ਡੀਜ਼ਲ, ਗੈਸ ਵਰਗੀਆਂ ਤੇਲ ਦੀਆਂ ਕੀਮਤਾਂ ਸਮੇਤ ਹੋਰ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਹੇਠ ਦੱਬੇ ਜਾ ਰਹੇ ਹਨ। ਇਨ੍ਹਾਂ ਵਸਤਾਂ ਦੀ ਕੀਮਤ ਦਾ ਵੱਡਾ ਹਿੱਸਾ ਟੈਕਸਾਂ ਦਾ ਹੈ ਜੋ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਜੇਬਾਂ ਵਿੱਚ ਜਾਂਦਾ ਹੈ। ਟਰਾਂਸਪੋਰਟ ਕਾਮਿਆਂ, ਆਟੋ ਵਰਕਰਾਂ ਨੂੰ ਭਾਰੀ ਤਣਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਫਟੂ ਦੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ,ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਆਟੋ ਵਰਕਰ ਯੂਨੀਅਨ ਦੇ ਜਿਲਾ ਪ੍ਰਧਾਨ ਪੁਨੀਤ ਬਛੌੜੀ, ਆਸ਼ਾ ਵਰਕਰ ਅਤੇ ਫੈਸਲੀਟੇਟਰ ਯੂਨੀਅਨ ਦੀ ਜਿਲਾ ਪ੍ਰਧਾਨ ਸ਼ਕੁੰਤਲਾ ਸਰੋਏ ਨੇ ਕਿਹਾ ਕਿ ਅੱਜ ਕੌਮੀ ਪੱਧਰ ਅਤੇ ਕੌਮਾਂਤਰੀ ਪੱਧਰ ਉੱਤੇ ਕਿਰਤੀ ਵਰਗ ਅੱਗੇ ਬੜੀਆਂ ਵੱਡੀਆਂ ਚਣੌਤੀਆਂ ਹਨ।ਮੋਦੀ ਸਰਕਾਰ ਨੇ ਪਹਿਲੇ ਮਜਦੂਰ ਪੱਖੀ ਕਿਰਤ ਕਾਨੂੰਨ ਰੱਦ ਕਰਕੇ ਮਜਦੂਰ ਵਿਰੋਧੀ ਅਤੇ ਪੂੰਜੀਪਤੀ ਪੱਖੀ ਚਾਰ ਕਿਰਤ ਕੋਡ ਲਿਆਂਦੇ ਹਨ ਜੋ ਕਿਰਤੀ ਵਰਗ ਉੱਤੇ ਮੋਦੀ ਸਰਕਾਰ ਦਾ ਬਹੁਤ ਵੱਡਾ ਹਮਲਾ ਹੈ।ਦੇਸ਼ ਵਿਚ ਕੰਮ ਸਥਾਨਾਂ ਦੀ ਅਸੁਰੱਖਿਆ ਠਿੰਤ ਮਜਦੂਰਾਂ ਦੀਆਂ ਜਾਨਾਂ ਲੈ ਰਹੀ ਹੈ।ਮਾਲਕਾਂ ਖਿਲਾਫ ਕੋਈ ਕਾਰਵਾਈ ਕਰਨ ਦੀ ਥਾਂ ਕੇਂਦਰ ਦੀ ਮੋਦੀ ਸਰਕਾਰ ਅਤੇ ਸੂਬਾ ਸਰਕਾਰਾਂ ਮਾਲਕਾਂ ਦੀ ਪਿੱਠ ਥਾਪੜ ਰਹੀਆਂ ਹਨ।ਇਹ ਸਰਕਾਰਾਂ ਕਿਰਤੀਆਂ, ਕਿਸਾਨਾਂ, ਮੁਲਾਜਮਾ ਦੇ ਪੁਰਅਮਨ ਰੈਲੀਆਂ, ਧਰਨਿਆਂ ਅਤੇ ਮੁਜਾਹਰਿਆਂ ਉੱਤੇ ਫਾਸ਼ੀਵਾਦੀ ਹੱਲੇ ਬੋਲ ਰਹੀਆਂ ਹਨ।ਸਰਕਾਰਾਂ ਲੋਕਾਂ ਵਿਚ ਧਾਰਮਿਕ ਜਨੂੰਨ ਭੜਕਾ ਕੇ ਉਹਨਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕਾ ਕੇ ਪੂੰਜੀਪਤੀਆਂ ਦੀ ਸੇਵਾ ਕਰ ਰਹੀਆਂ ਹਨ।ਮਹਿੰਗਾਈ ,ਬੇਰੁਜ਼ਗਾਰੀ ,ਭ੍ਰਿਸ਼ਟਾਚਾਰ ਤੋਂ ਦੁਖੀ ਆਮ ਜਨਤਾ ਕਰਾਹ ਰਹੀ ਹੈ।ਹਾਕਮ ਜਮਾਤੀ ਪਾਰਟੀਆਂ ਦੀਆਂ ਸਰਕਾਰਾਂ ਜਮਹੂਰੀ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਨੂੰ ਖੁਦ ਹੀ ਪੈਰਾਂ ਹੇਠ ਦਰੜ ਰਹੀਆਂ ਹਨ।

ਇਸ ਮੌਕੇ ਡੀ.ਟੀ.ਐਫ ਦੇ ਜਿਲਾ ਪ੍ਰਧਾਨ ਜਸਵਿੰਦਰ ਔਜਲਾ, ਪੇਂਡੂ ਮਜਦੂਰ ਯੂਨੀਅਨ ਦੇ ਆਗੂ ਕਮਲਜੀਤ ਸਨਾਵਾ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਔੜ ਦੇ ਪ੍ਰਧਾਨ ਡਾਕਟਰ ਅਸ਼ੋਕ ਸ਼ਰਮਾ,ਰੇਹੜੀ ਵਰਕਰ ਯੂਨੀਅਨ ਦੇ ਆਗੂ ਗੋਪਾਲ ਅਤੇ ਕਿਸ਼ੋਰ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਨਵਾਂਸ਼ਹਿਰ ਦੇ ਪ੍ਰਧਾਨ ਸ਼ਿਵ ਨੰਦਨ ਨੇ ਵੀ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਮਾਨ ਸਰਕਾਰ ਲੋਕਾਂ ਨਾਲ ਚੋਣਾਂ ਵਿਚ ਕੀਤੇ ਵਾਅਦੇ ਪੂਰੇ ਕਰਨ ਤੋਂ ਭੱਜ ਰਹੀ ਹੈ ਅਤੇ ਇਸਦੇ ਲਈ ਨਵੇਂ ਨਵੇਂ ਬਹਾਨੇ ਤਲਾਸ਼ ਰਹੀ ਹੈ।

ਉਹਨਾਂ ਕਿਹਾ ਕਿ ਮਈ ਦਿਵਸ 'ਤੇ ਮਜ਼ਦੂਰ ਜਮਾਤ 'ਤੇ ਹੋ ਰਹੇ ਹਮਲਿਆਂ ਦਾ ਟਾਕਰਾ ਕਰਨ ਅਤੇ ਹੱਕਾਂ ਦੀ ਰਾਖੀ ਅਤੇ ਨੌਕਰੀਆਂ ਦੀ ਰਾਖੀ ਲਈ ਜਨਤਕ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ।ਇਸ ਮੌਕੇ ਆਜ਼ਾਦ ਕਲਾ ਮੰਚ ਫਗਵਾੜਾ ਵਲੋਂ ਬੀਬਾ ਕੁਲਵੰਤ ਕੌਰ ਦੀ ਨਿਰਦੇਸ਼ਨਾ ਹੇਠ ' ਦ ਗ੍ਰੇਟ ਅੰਬੇਡਕਰ' ਨਾਟਕ ਖੇਡਿਆ ਗਿਆ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ।

# ਚਲਾਨ ਅਤੇ ਚਿਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com



ਕੇਵਲ ਸਿੰਘ ਕਾਲਝਰਾਣੀ 9915614777

ਰਮੇਸ਼ ਅਤੇ ਉਸ ਦੀ ਪਤਨੀ ਸੀਤਾ ਇੱਕ ਮਿਹਨਤ ਮਜ਼ਦੂਰੀ ਕਰਨ ਵਾਲੇ ਗ਼ਰੀਬ ਲੋਕ ਹਨ। ਪਰ,ਅੱਜ ਰਮੇਸ਼ ਅਤੇ ਸੀਤਾ ਬਹੁਤ ਹੀ ਨਿਰਾਸ਼ ਅਤੇ ਦੁੱਖੀ ਅਵਸਥਾ ਵਿਚ ਸਨ ।ਕਿਉਂਕਿ ਅੱਜ ਸੀਤਾ ਦੇ ਲੰਬੇ ਸਮੇਂ ਤੋਂ ਹੋ ਰਹੇ ਛਾਤੀ ਦੇ ਦਰਦ ਦੀ ਜਾਂਚ ਲਈ ਰਮੇਸ਼ ਉਸ ਨੂੰ ਨਜ਼ਦੀਕੀ ਸਰਕਾਰੀ ਹਸਪਤਾਲ ਵਿੱਚ ਲੈ ਗਏ ਸਨ ਅਤੇ ਡਾਕਟਰ ਸਾਬ੍ਹ ਨੇ ਉਹਨਾਂ ਨੂੰ ਆਖਰੀ ਸਟੇਜ ਦਾ ਕੈਂਸਰ ਦੱਸਿਆ ਹੈ।ਘਰ ਦੀ ਬੇਹਥਾ ਗ਼ਰੀਬੀ,ਮਹਿੰਗਾ ਇਲਾਜ ਅਤੇ ਬੇਔਲਾਦ ਇਸ ਜੋੜੇ ਦੀਆਂ ਅੱਖਾਂ ਚੋਂ ਸਾਇਦ ਹੀ ਕਿਤੇ ਸਿਲ ਗਈ ਹੋਵੇ।

ਹੁਣ ਰਮੇਸ਼ ਦੀ ਮਜ਼ਦੂਰੀ ਉਸ ਦੇ ਘਰ ਅਤੇ ਦਵਾਈ ਦੇ ਖ਼ਰਚੇ ਚੁੱਕਣ ਵਿੱਚ ਲਾਚਾਰ ਸੀ।ਉਸ ਨੇ ਨਜ਼ਦੀਕੀ ਰਿਸ਼ਤੇਦਾਰਾਂ ਤੋਂ ਮਦੱਦ ਦੀ ਗੁਹਾਰ ਲਗਾਈ ਪਰ,ਸਭ ਨੇ ਉਸ ਨਾਲੋਂ ਨਾਤੇ ਤੋੜ ਲਏ।ਅੰਤ ਨੂੰ ਰਮੇਸ਼ ਆਪਣੇ ਪੁਰਾਣੇ ਜਿਗਰੀ ਯਾਰ ਕਮਲ ਕੋਲ ਗਿਆ ਜੋਂ ਕੀ ਇੱਕ ਬੈਂਕ ਵਿੱਚ ਚਪੜਾਸੀ ਦੀ ਨੌਕਰੀ ਕਰਦਾ ਸੀ। ਪਰ,ਉਸ ਨੇ ਵੀ ਆਪਣੀਆਂ ਮਜਬੂਰੀਆ ਦਾ ਪੁਲੰਦਾ ਰਮੇਸ਼ ਦੇ ਸਾਹਮਣੇ ਖੋਲ ਰੱਖ ਦਿੱਤਾ।

ਕਮਲ ਇੱਕ ਚੰਗਾ ਇਨਸਾਨ ਸੀ ਉਹ ਉਸ ਦੀ ਮਦੱਦ ਕਰਨਾ ਵੀ ਚਾਹੁੰਦਾ ਸੀ । ਪਰ,ਹਾਲਾਤਾਂ ਤੋਂ ਮਜ਼ਬੂਰ ਸੀ।ਰਮੇਸ਼ ਨੇ ਬੈਂਕ ਦੀ ਦਹਲੀਜ਼ ਤੋਂ ਪੈਰ ਥੱਲੇ ਲਾਹਿਆ ਹੀ ਸੀ ਕਿ ਕਮਲ ਨੇ ਆਵਾਜ਼ ਮਾਰੀ,ਰਮੇਸ਼, "ਵਾਪਸ ਆਓ ,ਮੈਂ ਤੁਹਾਡੇ ਬਾਰੇ ਮੈਨੇਜਰ ਸਾਹਿਬ ਨਾਲ ਗੱਲ ਕੀਤੀ ਹੈ।ਉਹ ਤੁਹਾਨੂੰ ਆਟੋ ਰਿਕਸ਼ਾ ਖਰੀਦਣ ਲਈ ਕਰਜ਼ ਦੇਣ ਲਈ ਤਿਆਰ ਹੋ ਜਾਣਗੇ , ਪਰ ਤੁਹਾਨੂੰ ਕੋਈ ਜਾਇਦਾਦ ਦੇ ਕਾਗ਼ਜ਼ ਦੇਣੇ ਪੈਣੇ ਨੇ ਤੇ ਗਵਾਹ ਦੇ ਦਸਤਖ਼ਤ ਮੈਂ ਆਪ ਕਰ ਦੇਵਾਂਗਾ"। ਇੱਕ ਵਾਰ ਤਾਂ ਗੱਲ ਸੁਣ ਕੇ ਰਮੇਸ਼ ਦੇ ਚਿਹਰੇ 'ਤੇ ਰੌਣਕ ਆ ਗਈ ਸੀ। "ਪਰ,ਮੇਰੇ ਕੋਲ ਤੇ ਕੋਈ ਜਾਇਦਾਦ ਦੇ ਹੀ ਨਹੀਂ",ਰਮੇਸ਼ ਨੇ ਕਿਹਾ।ਕਮਲ,"ਕੋਈ ਗੱਲ ਨਹੀਂ ਤੇਰੇ ਕੋਲ ਤੇਰਾ ਘਰ ਤਾਂ ਹੈ "।

ਕਮਲ ਨੇ ਰਮੇਸ਼ ਨੂੰ ਉਸ ਦਾ ਘਰ ਬੈਂਕ ਨੂੰ ਗਿਰਵੀ ਰੱਖ ਕੇ ਆਟੋ ਰਿਕਸ਼ਾ ਦਿਵਾ ਦਿੱਤਾ।ਹੁਣ ਉਹ ਆਪਣੀ ਰੋਜ਼ਾਨਾ ਦੀ ਮਜ਼ਦੂਰੀ ਤੋਂ ਕਿਤੇ ਜ਼ਿਆਦਾ ਪੈਸੇ ਕਮਾ ਸਕਦਾ ਸੀ।ਭਾਵੇਂ ਬੈਂਕ ਦੀ ਕਿਸ਼ਤ ਅਤੇ ਸੀਤਾ ਦੀ ਦਵਾਈ ਸਹੀ ਚੱਲ ਰਹੇ ਸਨ ,ਫਿਰ ਵੀ ਰੋਟੀ ਰੋਜਨਾਂ ਦੋਹੀਂ ਸਮੇਂ ਕਦੇ ਕਦਾਈਂ ਹੀ ਮਿਲਦੀ ਸੀ ਪਰ,ਫਿਰ ਵੀ ਦੋਵੇਂ ਜੀਅ ਖੁੱਸ਼ ਸਨ।

ਇੱਕ ਦਿਨ ਰਮੇਸ਼ ਰੋਜ਼ਾਨਾਂ ਦੀ ਤਰ੍ਹਾਂ ਰੇਲਵੇ ਸਟੇਸ਼ਨ ਤੇ ਆਪਣੇ ਸਟੈਂਡ ਉੱਤੇ ਆਉਣ ਵਾਲੀ ਸਵਾਰੀ ਨੂੰ ਲਿਜਾਣ ਲਈ ਖੜ੍ਹਾ ਸੀ ਕਿ ਅਚਾਨਕ ਉਸ ਦੇ ਗੁਆਂਢੀ ਰਾਜੂ ਦਾ ਫੋਨ ਆ ਜਾਂਦਾ ਹੈ ।ਰਮੇਸ਼,"ਮੈਂ ਰਾਜੂ ਆ ਭਾਬੀ ਸੀਤਾ ਦੀ ਹਾਲਤ ਅਚਾਨਕ ਬਿਗੜ ਗਈ ਹੈ।ਉਹ ਦਰਦ ਨਾਲ ਤੜਫ਼ ਰਹੀ ਹੈ ਅਤੇ ਉੱਚੀ ਉੱਚੀ ਚੀਕਾਂ ਮਾਰ ਰਹੀ ਹੈ।ਮੇਰੀ ਪਤਨੀ ਰਾਣੀ ਅਤੇ ਮੈਂ ਉਸ ਨੂੰ ਹਸਪਤਾਲ ਲਿਜਾਣ ਲਈ ਕਿਹਾ ਸੀ । ਪਰ,ਉਸ ਨੇ ਮਨਾ ਕਰ ਦਿੱਤਾ ਅਤੇ ਕਿਹਾ ਜਲਦੀ ਰਮੇਸ਼ ਨੂੰ ਬੁਲਾ ਦਿਓ ਜਦੋਂ ਰਮੇਸ਼ ਆ ਜਾਵੇਗਾ ਮੈਂ ਆਪੇ ਹੀ ਠੀਕ ਹੋ ਜਾਵਾਂਗੀ "।ਰਮੇਸ਼ ਦਾ ਗਲਾ ਭਾਰੀ ਹੋ ਗਿਆ ,ਪਲਕਾ ਨੇ ਇੱਕ ਪਲ ਲਈ ਝਪਕਣਾ ਬੰਦ ਕਰ ਦਿੱਤਾ , ਹੰਝੂ ਅੱਖਾਂ ਦੇ ਵਿੱਚੇ ਹੀ ਸੁੱਕ ਗਏ ,ਰਾਜੂ ਦੇ ਬੋਲ ਉਸ ਦਾ ਸੀਨਾ ਚੀਰ ਰਹੇ ਸਨ ਅਤੇ ਇੰਝ ਲਗਦਾ ਸੀ ਜਿਵੇਂ ਸਰੀਰ ਬੁੱਤ ਬਣ ਗਿਆ ਹੋਵੇ।

ਆਪਣੇ ਹੋਸ਼ ਸੰਭਾਲਦੇ ਹੋਏ ਹੌਸਲਾ ਕਰਕੇ ਰਮੇਸ਼ ਕਾਹਲੀ ਨਾਲ ਘਰ ਵੱਲ ਨੂੰ ਚੱਲ ਪਿਆ ।ਰਸਤੇ ਵਿੱਚ ਕਾਫ਼ੀ ਭੀੜ ਉੱਚੀ ਉੱਚੀ ਰੌਲਾ ਪਾਉਂਦੀ ਜਾ ਰਹੀ ਸੀ। ਇੱਕ ਇੱਕ ਮੋਟਰਸਾਈਕਲ ਉੱਤੇ ਚਾਰ ਚਾਰ ਜਣੇ ਸਵਾਰ ਸਨ ।ਸੈਲਾਂਸਰ ਦੇ ਪਟਾਕੇ ਲੋਕਾਂ ਦੇ ਕੰਨ ਪਾੜ ਰਹੇ ਸੀ। ਲੰਡੀਆ ਜੀਪਾਂ ਵਿੱਚ ਬਾਹਰ ਲਮਕ ਲਮਕ ਨਾਹਰੇ ਲਾਉਂਦੇ ਨੌਜਵਾਨ ਰਾਹਗੀਰਾਂ ਨੂੰ ਅੱਗੇ ਨਹੀਂ ਸੀ ਲੰਘਣ ਦੇ ਰਹੇ।ਥੋੜ੍ਹੀ ਜਿਹੀ ਦਲੇਰੀ ਕਰਕੇ ਰਮੇਸ਼ ਨੇ ਜਿਉ ਹੀ ਅੱਗੇ ਜਾਣ ਦੀ ਕੋਸ਼ਿਸ਼ ਕੀਤੀ ਤਾਂ ਅੱਗੇ ਖੜੀ ਪੁਲੀਸ ਨੇ ਉਸ ਨੂੰ ਪਾਸੇ ਕਰਕੇ ਰੋਕ ਲਿਆ ਕਿਉਂਕਿ ਆਵਾਜਾਈ ਮੰਤਰੀ ਜੀ ਦੀ ਰੈਲੀ ਸੀ ਅਤੇ ਇਹ ਸਭ ਉਹਨਾਂ ਦੀ ਪਾਰਟੀ ਦੇ ਸਮਰੱਥਕ ਲੋਕ ਸਨ ।ਬੇਨੰਬਰੀ ਕਾਰਾਂ ਅਤੇ ਹੱਥਾਂ ਵਿੱਚ ਸੋਟੇ ਫੜ੍ਹੇ ਇਹ ਲੋਕ ਬੇਝਿਜਕ ਲੰਘ ਰਹੇ ਸਨ।

" ਲਿਆ ਕਾਗ਼ਜ਼ ਓਏ",ਸਿਪਾਹੀ ਨੇ ਰਮੇਸ਼ ਵੱਲ ਇਸ਼ਾਰਾ ਕਰਦੇ ਹੋਏ ਕਿਹਾ।ਰਮੇਸ਼ ਆਪਣੇ ਆਟੋ ਰਿਕਸ਼ਾ ਦੇ ਕਾਗ਼ਜ਼ ਸਿਪਾਹੀ ਜੀ ਕੋਲ ਲੈ ਗਿਆ ਅਤੇ ਆਪਣੀ ਪਤਨੀ ਬਾਰੇ ਘਰੇ ਆਏ ਫੋਨ ਬਾਰੇ ਦੱਸਣ ਲੱਗਾ ਤਾਂ ਉਸ ਭਲੇਮਾਣਸ ਸਿਪਾਹੀ ਨੇ ਉਸ ਨੂੰ ਜਲਦੀ ਜਾਣ ਲਈ ਕਹਿ ਦਿੱਤਾ। ਪਰ,ਸਾਹਮਣੇ ਬੈਠੇ ਉਹਨਾਂ ਦੇ ਸਾਬ੍ਹ ਨੇ ਉਸ ਨੂੰ ਰੋਕ ਲਿਆ ਅਤੇ ਸਿਪਾਹੀ ਨੂੰ ਵੀ ਝਾੜ ਪਾਈ,"ਉਏ ਤੈਨੂੰ ਪਤਾ ਨਹੀਂ ਮੰਤਰੀ ਜੀ ਟ੍ਰੈਫਿਕ ਨਿਯਮਾਂ ਦੇ ਕਿੰਨੇ ਸਖ਼ਤ ਨੇ ਏਦਾ ਸਾਰਾ ਕੁਝ ਚੈੱਕ ਕਰੋ",ਸਾਹਮਣੇ ਬੈਠੇ ਅਫ਼ਸਰ ਨੇ ਸਿਪਾਹੀ ਨੂੰ ਗੁੱਸੇ ਨਾਲ ਕਿਹਾ।

ਕਾਫੀ ਜਾਂਚ ਪੜ੍ਹਤਾਲ ਤੋ ਬਾਦ ਸਿਪਾਹੀ ਨੇ ਭਰੇ ਹਿਰਦੇ ਨਾਲ ਚਲਾਨ ਦੀ ਇੱਕ ਕਾਪੀ ਰਮੇਸ਼ ਨੂੰ ਫੜਾ ਦਿੱਤੀ ਪਰ,ਜਦੋਂ ਰਮੇਸ਼ ਆਪਣੇ ਆਟੋ ਵੱਲ ਨੂੰ ਤੁਰਿਆ ਤਾਂ ਅਫ਼ਸਰ ਨੇ ਫਿਰ ਆਵਾਜ਼ ਮਾਰੀ,"ਉਏ,ਇਸ ਨੂੰ ਬੰਦ ਕਰ ਦਿੱਤਾ ਗਿਆ ਹੈ ਤੇਰੇ ਕਾਗਜ਼ਾਂ ਵਿੱਚ ਤਾਂ ਕਮੀਆਂ ਹੀ ਬਹੁਤ ਨੇ ਤੂੰ ਟ੍ਰੈਫਿਕ ਨਿਯਮਾਂ ਨੂੰ ਤੋੜਿਆ ਹੈ।ਹੁਣ ਇਹ ਸਾਡੇ ਕੋਲ ਹੀ ਰਹੂਗਾ ਅਦਾਲਤ ਵਿੱਚ ਜ਼ੁਰਮਾਨਾ ਭਰ ਕੇ ਇਸ ਨੂੰ ਛੁਡਾ ਲਵੀਂ"।

ਰਮੇਸ਼ ਦਿੱਤੀ ਹੋਈ ਪਰਚੀ ਨੂੰ ਖੀਸੇ ਵਿੱਚ ਪਾਅ ਕਾਹਲੀ ਨਾਲ ਘਰ ਵੱਲ ਨੂੰ ਪੈਦਲ ਚੱਲ ਪਿਆ । ਖ਼ਜਲ ਖੁਆਰ ਹੁੰਦਾ ਰਮੇਸ਼ ਆਖਿਰ ਘਰ ਪਹੁੰਚ ਹੀ ਗਿਆ। ਘਰ ਵਿੱਚ ਲੋਕਾਂ ਦਾ ਇਕੱਠ ਸੀ ਪਰ,ਕਿਸੇ ਦੇ ਦਰਦ ਨਾਲ ਚੀਕਣ ਦੀ ਆਵਾਜ਼ ਨਹੀਂ ਦੀ ਆ ਰਹੀ।ਸਾਰੇ ਪਾਸੇ ਸੰਨਾਟਾ ਛਾਇਆ ਹੋਇਆ ਸੀ।ਸੀਤਾ ਆਪਣੇ ਸਾਹਾਂ ਦੀ ਪੂੰਜੀ ਨੂੰ ਹਾਰ ਚੁੱਕੀ ਸੀ।ਪੱਥਰ ਹੋਇਆ ਰਮੇਸ਼ ਕਦੇ ਸੀਤਾ ਦੀ ਲਾਸ਼ ਵੱਲ ਅਤੇ ਕਦੇ ਚਲਾਨ ਵਾਲੀ ਪਰਚੀ ਵੱਲ ਵਾਰ ਵਾਰ ਦੇਖ ਰਿਹਾ ਸੀ।

# ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ. ਪੰਜਾਬ ਇੰਡੀਆ ਵੱਲੋਂ ਮੁਫਤ ਮੈਗਾ ਮੈਡੀਕਲ ਅਤੇ ਫਿਜ਼ਿਓਥਰੈਪੀ ਕੈਂਪ 4 ਮਈ ਨੂੰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ,1 ਮਈ (ਤਰਸੇਮ ਦੀਵਾਨਾ ) ਪੱਤਰਕਾਰਾਂ ਦੀ ਪ੍ਰਮੁੱਖ ਜਥੇਬੰਦੀ "ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ. ਪੰਜਾਬ, ਇੰਡੀਆ" ਵੱਲੋਂ ਪੱਤਰਕਾਰੀ ਪ੍ਰਤੀ ਆਪਣੀ ਫਰਜ਼ਾਂ ਨੂੰ ਨਿਭਾਉਣ ਦੇ ਨਾਲ ਨਾਲ ਸਮਾਜ ਭਲਾਈ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਦੇਸ਼ ਦੀ ਪ੍ਰਮੁੱਖ ਮੈਡੀਕਲ ਚੇਨ "ਫੋਰਟਿਸ ਹਸਪਤਾਲ ਮੋਹਾਲੀ" ਦੇ ਸਹਿਯੋਗ ਨਾਲ "ਮੁਫਤ ਮੈਗਾ ਮੈਡੀਕਲ ਐਂਡ ਫਿਜ਼ਿਓਥੈਰਪਿਸਟ ਕੈਂਪ" 4 ਮਈ ਦਿਨ ਐਤਵਾਰ ਨੂੰ ਲਗਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਸ਼ੇਸ਼ ਪ੍ਰੈਸ ਵਾਰਤਾ ਵਿੱਚ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੇ ਸਕੱਤਰ ਜਨਰਲ ਇੰਡੀਆ ਵਿਨੋਦ ਕੌਸ਼ਲ, ਸੂਬਾ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ,ਵਾਈਸ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ,ਖਜ਼ਾਨਚੀ ਕਮ ਜਨਰਲ ਸਕੱਤਰ ਤਰਸੇਮ ਦੀਵਾਨਾ ਨੇ ਦੱਸਿਆ ਕਿ ਸ਼੍ਰੀ ਵੈਸ਼ਨੋ ਧਾਮ ਮੰਦਰ ਭਰਵਾਈ ਰੋਡ ਨਜ਼ਦੀਕ ਸ਼ਰਮਾ ਲੱਸੀ ਵਾਲਾ ਭਰਵਾਂਈ ਰੋਡ ਹੁਸ਼ਿਆਰਪੁਰ ਵਿਖੇ 4 ਮਈ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਲਗਾਏ ਜਾ ਰਹੇ ਇਸ ਮੈਗਾ ਮੁਫਤ ਮੈਡੀਕਲ ਅਤੇ ਫਿਜ਼ਿਓਥੈਰਪਿਸਟ ਕੈਂਪ ਵਿੱਚ ਫੋਰਟਿਸ ਹਸਪਤਾਲ ਮੋਹਾਲੀ ਦੇ ਦਿਲ ਦੇ ਰੋਗਾਂ ਮਾਹਿਰ ਡਾਕਟਰ ਸਿਧਾਂਸੂ ਬੁਧਰਕੋਟੀ ,ਦਿਮਾਗ ਦੇ ਰੋਗਾਂ ਦੇ ਮਾਹਿਰ ਡਾਕਟਰ ਐਚ ਐਸ ਬਰਾੜ, ਪੈਰ ਅਤੇ ਗਿੱਟੇ ਦੇ ਰੋਗਾਂ ਦੇ ਮਾਹਿਰ ਡਾਕਟਰ ਚੰਦਨ ਨਾਰੰਗ, ਦੰਦਾਂ ਦੇ ਡਾਕਟਰ ਭੁਪੇਸ਼ ਮਨੋਚਾ ਵੱਲੋਂ ਦੰਦਾਂ,ਦਿਲ, ਦਿਮਾਗ ਹੱਡੀਆਂ ਰੀੜ ਦੀ ਹੱਡੀ ਦੇ ਰੋਗਾਂ ਸਬੰਧੀ ਮੁਫਤ ਚੈੱਕ ਅਪ ਕੀਤਾ ਜਾਵੇਗਾ ਅਤੇ ਮੁਫਤ ਦਵਾਈ ਵੀ ਦਿੱਤੀ ਜਾਵੇਗੀ ਇਸ ਤੋਂ ਇਲਾਵਾ ਕੈਂਸਰ ਸਕਰੀਨਿੰਗ, ਈਸੀਜੀ, ਬਲੱਡ ਸ਼ੂਗਰ, ਬਲੱਡ ਪ੍ਰੈਸ਼ਰ ਚੈਕ ਅਪ, ਹੱਡੀਆਂ 'ਚ ਕੈਲਸ਼ੀਅਮ ਦੀ ਜਾਂਚ ਵਾਲਾ ਟੈਸਟ ਵੀ ਮੁਫ਼ਤ ਕੀਤਾ ਜਾਵੇਗਾ ਤੇ ਦਵਾਈਆਂ ਵੀ ਦਿੱਤੀਆਂ ਜਾਣਗੀਆਂ ਇਸ ਕੈਂਪ ਵਿੱਚ ਡਾਕਟਰ ਦੀਕਸ਼ਾ ਸ਼ਰਮਾ ਅਤੇ ਡਾਕਟਰ ਪ੍ਰੀਆ ਵੱਲੋਂ ਫਿਜ਼ਿਓਥੈਰਪਿਸਟ ਦੀਆਂ ਸੇਵਾਵਾਂ ਵੀ ਦਿੱਤੀਆਂ ਜਾਣਗੀਆਂ | ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਇਹਨਾਂ ਮੁਫ਼ਤ ਡਾਕਟਰੀ ਸੇਵਾਵਾਂ ਦਾ ਲਾਭ ਉਠਾਉਣ ਲਈ ਇਸ ਕੈਂਪ ਵਿੱਚ ਜ਼ਰੂਰ ਪਹੁੰਚਣ ਦੀ ਕ੍ਰਿਪਾਲਤਾ ਕਰਨ

# ਅਕਾਲ ਅਕੈਡਮੀ ਮਨਾਵਾ ਵੱਲੋਂ ਅੰਤਰ-ਅਕਾਦਮੀ ਹਾਕੀ ਅਤੇ ਫੁੱਟਬਾਲ ਟੂਰਨਾਮੈਂਟ ਵਿੱਚ ਸ਼ਾਨਦਾਰ ਜਿੱਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com



ਸੰਗਰੂਰ,1ਮਈ (ਜਗਸੀਰ ਲੌਂਗੋਵਾਲ)-

ਕਲਗੀਧਰ ਟਰਸਟ ਬੜੂ ਸਾਹਿਬ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਮਨਾਵਾ ਦੇ ਵਿਦਿਆਰਥੀਆਂ ਨੇ ਅੰਤਰ-ਅਕਾਦਮੀ ਹਾਕੀ ਅਤੇ ਫੁੱਟਬਾਲ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮਹੱਤਵਪੂਰਨ ਜਿੱਤ ਦਰਜ ਕੀਤੀ। ਇਸ ਟੂਰਨਾਮੈਂਟ ਦਾ ਆਯੋਜਨ ਅਕਾਲ ਅਕੈਡਮੀ ਰਤੀਆ ਅਤੇ ਅਕਾਲ ਅਕੈਡਮੀ ਪੁਰਾਣੈਵਾਲਾ ਵੱਲੋਂ ਕੀਤਾ ਗਿਆ ਸੀ, ਜਿਸ ਵਿੱਚ ਵੱਖ-ਵੱਖ ਅਕੈਡਮੀਆਂ ਦੀਆਂ ਟੀਮਾਂ ਨੇ ਭਾਗ ਲਿਆ।ਅਕਾਲ ਅਕੈਡਮੀ ਮਨਾਵਾ ਦੀ ਲੜਕੀਆਂ ਦੀ ਟੀਮ ਨੇ ਹਾਕੀ ਅਤੇ ਫੁੱਟਬਾਲ ਦੋਹਾਂ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ, ਜਦਕਿ ਲੜਕਿਆਂ ਦੀ ਹਾਕੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਹ ਸਫਲਤਾ ਕੋਚ ਗੁਰਪ੍ਰੀਤ ਸਿੰਘ ਦੀ ਸੁਝਵਾਨ ਸਿਖਲਾਈ ਦਾ ਨਤੀਜਾ ਹੈ। ਟੀਮਾਂ ਦੀ ਅਗਵਾਈ ਲੜਕੀਆਂ ਦੀ ਫੁੱਟਬਾਲ ਕਪਤਾਨ ਐਸ਼ਦੀਪ ਕੌਰ, ਹਾਕੀ ਕਪਤਾਨ ਅਮਨਦੀਪ ਕੌਰ ਅਤੇ ਲੜਕਿਆਂ ਦੇ ਹਾਕੀ ਕਪਤਾਨ ਰਜਿੰਦਰ ਸਿੰਘ ਨੇ ਕੀਤੀ। ਸਾਰੇ ਖਿਡਾਰੀ ਆਪਣੇ ਵਧੀਆ ਖੇਡ ਪ੍ਰਦਰਸ਼ਨ ਰਾਹੀਂ ਮੈਦਾਨ ਵਿੱਚ ਛਾਏ ਰਹੇ ਅਤੇ ਟੂਰਨਾਮੈਂਟ ਦੌਰਾਨ ਆਪਣੀ ਖੇਡ-ਕਾਬਲੀਅਤ ਦਾ ਲੋਹਾ ਮਨਵਾਇਆ। ਵਿਜੇਤਾ ਟੀਮਾਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਇਲਾਵਾ ਅਕਾਲ ਅਕੈਡਮੀ ਮਨਾਵਾ ਦੇ ਪ੍ਰਿੰਸੀਪਲ ਮੈਡਮ ਪਰਮਜੀਤ ਕੌਰ ਨੇ ਟੀਮ ਦੇ ਸਾਰੇ ਮੈਂਬਰਾਂ, ਕੋਚ ਅਤੇ ਸਟਾਫ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਕਾਲ ਅਕੈਡਮੀ ਸਿਰਫ਼ ਪਾਠਕ੍ਰਮਕ ਸਿੱਖਿਆ ਹੀ ਨਹੀਂ, ਬਲਕਿ ਖੇਡਾਂ, ਕਲਾਵਾਂ ਅਤੇ ਧਾਰਮਿਕ ਗਿਆਨ ਵੱਲ ਵੀ ਬਰਾਬਰ ਧਿਆਨ ਦਿੰਦੀ ਹੈ, ਜਿਸ ਨਾਲ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੋ ਸਕੇ।

# ਅੱਜ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਾਂ ਮਈ ਦਿਵਸ ਤੇ ਮਈ 1886 ਵਿੱਚ ਅਮਰੀਕਾ ਦੇ ਸ਼ਹਿਰ ਵਿੱਚ ਸ਼ਹੀਦ ਹੋਏ ਮਜ਼ਦੂਰਾਂ ਨੂੰ ਕੋਟਿ ਕੋਟਿ ਪ੍ਰਣਾਮ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਉਸ ਦਿਨ ਮਜ਼ਦੂਰ ਜਥੇਬੰਦੀਆਂ ਇਕੱਠੇ ਹੋ ਕੇ 8 ਘੰਟੇ ਦੀ ਡਿਊਟੀ ਤੇ ਹਫ਼ਤੇ ਵਿੱਚ ਇੱਕ ਦਿਨ ਦੀ ਛੁੱਟੀ ਦੀ ਮੰਗ ਨੂੰ ਲੈਕੇ ਸੰਘਰਸ਼ ਕਰ ਰਹੀਆਂ ਸਨ। ਪੁਲੀਸ ਵੱਲੋਂ ਗੋਲੀਆਂ ਚਲਾਉਣ ਕਾਰਨ 8 ਬੰਦਿਆਂ ਦੀ ਮੌਤ ਹੋ ਗਈ ਤੇ 40 ਜ਼ਖ਼ਮੀ ਹੋ ਗਏ।

ਜਲੂਸ ਵਿੱਚ ਇੱਕ ਔਰਤ ਨੇ ਗੋਦੀ ਚੁੱਕੇ ਬੱਚੇ ਨੂੰ ਗੋਲੀ ਲੱਗਣ ਕਾਰਨ ਚਿੱਟੇ ਝੰਡੇ ਨੂੰ ਉਸਦੇ ਖੂਨ ਨਾਲ ਲੱਥਪੱਥ ਕਰਕੇ ਉੱਚਾ ਚੁੱਕ ਦਿੱਤਾ। ਉਸ ਦਿਨ ਤੋਂ ਸ਼ਹੀਦਾ ਦੀ ਯਾਦ ਵਿੱਚ ਮਜ਼ਦੂਰਾਂ/ਮਿਹਨਤਕਸ਼ਾਂ ਦੇ ਝੰਡੇ ਦਾ ਰੰਗ ਲਾਲ ਹੋ ਗਿਆ

ਸਰਕਾਰ ਨੇ 8 ਨੇਤਾ ਗਿਰਫ਼ਤਾਰ ਕਰ ਲਏ।

1 ਅਲਬਰਟ ਪਾਰਸਨ

2 ਅਗਸਤ ਸਪਾਇਸ

3 ਜਾਰਜ ਐਂਜਲ 4 ਅਡਾਲਫ

ਫਿਸ਼ਰ 5 ਲੂਈਸ ਲਿੰਗ

6 ਸੈਮੂਇਲ ਫੀਲਡਨ

7 ਆਸਕਰ ਨੀਵੀਂ

8 ਮਹਾਇਕਲ ਸੈਵਾਬ

ਬਿਨਾਂ ਕਿਸੇ ਅਪੀਲ ਦੇ ਇਨਸਾਫ ਤੇ ਸਚਾਈ ਨੂੰ ਅੱਖੋਂ ਪਰੋਖੇ ਕਰਕੇ 11 ਨਵੰਬਰ 1887 ਨੂੰ ਪਹਿਲੇ ਪੰਜਾਂ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ।

ਅਲਬਰਟ ਪਾਰਸਨ ਨੇ ਫਾਂਸੀ ਚੜ੍ਹਨ ਵੇਲੇ ਗਰਜਦੇ ਹੋਏ ਕਿਹਾ ਕਿ ਜਿਸ ਅੱਗ ਨੂੰ ਤੁਸੀਂ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਹੋ, ਇਹ ਇਕ ਦਿਨ ਹੋਰ ਭਾਂਬੜ ਬਣ ਕੇ ਸਾਰੀ ਦੁਨੀਆਂ ਵਿੱਚ ਮੱਚੇਗੀ ।ਬਾਅਦ ਵਿੱਚ ਬਾਕੀ ਤਿੰਨ ਮਜ਼ਦੂਰਾਂ ਨੂੰ ਬਰੀ ਕਰ ਦਿੱਤਾ ਗਿਆ।

ਇਨਾਂ ਸ਼ਹੀਦਾਂ ਦੀ ਯਾਦ ਵਿੱਚ ਸ਼ਹਿਰ ਦੀ ਹੇਅ ਮਾਰਕੀਟ ਵਿਚ ਮਾਨੂਮੈਂਟ ਬਣਿਆ ਹੋਇਆ ਹੈ।

ਮਹਾਨ ਅਰਥ ਸ਼ਾਸਤਰੀ ਤੇ ਇਨਕਲਾਬੀ ਕਾਰਲ ਮਾਰਕਸ ਨੇ 1848 ਵਿਚ ਲਿਖਿਆ ਸੀ ਕਿ ਦੁਨੀਆਂ ਭਰ ਦੇ ਮਿਹਨਤਕਸ਼ੋ/ ਮਜ਼ਦੂਰੋ ਇਕ ਹੋ ਜਾਓ। ਤੁਹਾਡੇ ਲਈ ਗੁਲਾਮੀ ਦੀਆਂ ਜੰਜ਼ੀਰਾਂ ਤੇ ਹੱਥਾਂ ਦੀਆਂ ਬੇੜੀਆਂ ਗਵਾਉਣ ਤੋਂ ਬਿਨਾਂ ਕੁਝ ਨਹੀਂ ਤੇ ਜਿੱਤਣ ਲਈ ਸਾਰਾ ਸੰਸਾਰ ਹੈ।

ਸ਼ਹੀਦਾਂ ਦੇ ਬੋਲ ਸੱਚ ਸਾਬਤ ਹੋਏ ਜਦੋਂ ਰੂਸ ਵਿੱਚ



Er.R S Sian, Patiala

ਅਕਤੂਬਰ,1917 ਵਿਚ ਮਜ਼ਦੂਰ ਨੇਤਾ ਵੀ ਆਈ ਲੈਨਿਨ ਦੀ ਅਗਵਾਈ ਹੇਠ ਸੰਸਾਰ ਦਾ ਪਹਿਲਾ ਇਨਕਲਾਬ ਹੋਇਆ ਤੇ ਮਜ਼ਦੂਰਾਂ ਦਾ ਰਾਜ ਸਥਾਪਿਤ ਹੋਇਆ।

ਉਸ ਤੋਂ ਬਾਅਦ ਦੁਨੀਆਂ ਦੇ 15-16 ਦੇਸ਼ਾਂ ਵਿੱਚ ਵੀ ਇਨਕਲਾਬ ਆਏ।

ਮਈ ਦਿਵਸ ਦੇ ਸ਼ਹੀਦਾਂ ਨੂੰ ਸਲਾਮ।

# ਜਾਤੀ ਅਧਾਰਤ ਜਨਗਣਨਾ—ਸਮਾਜਿਕ ਇਨਸਾਫ ਵੱਲ ਇੱਕ ਇਤਿਹਾਸਿਕ ਕਦਮ: ਕਾਲੀ ਪਾਇਲ

## 75 ਸਾਲਾਂ ਤੋਂ ਜਨਤਕ ਮੰਗਾਂ ਦੇ ਬਾਵਜੂਦ ਸਰਕਾਰਾਂ ਨੇ ਲਾਰਿਆਂ ਨਾਲ ਲੰਘਾਇਆ ਸਮਾਂ, ਹੁਣ ਕੇਂਦਰ ਨੇ ਲਿਆ ਠੋਸ ਫੈਸਲਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਖੰਨਾ 01 ਮਈ ਬੁੱਲੇ ਸ਼ਾਹੂ ਅੰਬੇਡਕਰ ਲੋਕ ਜਗਾਓ ਮੰਚ ਦੇ ਪ੍ਰਧਾਨ ਗੁਰਦੀਪ ਸਿੰਘ ਕਾਲੀ ਨੇ ਜਾਤੀ ਅਧਾਰਤ ਜਨਗਣਨਾ ਲਈ ਕੇਂਦਰ ਸਰਕਾਰ ਵੱਲੋਂ ਕੀਤੇ ਐਲਾਨ ਦਾ ਤਹਿ ਦਿਲੋਂ ਸਵਾਗਤ ਕੀਤਾ ਹੈ। ਉਨ੍ਹਾਂ ਇਸਨੂੰ ਸਮਾਜਿਕ ਇਨਸਾਫ ਵੱਲ ਇੱਕ ਸ਼ਲਾਘਾਯੋਗ ਅਤੇ ਲੋੜੀਂਦਾ ਕਦਮ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਅਨੁਸਾਰ, ਦੇਸ਼ ਦੇ ਹਰ ਨਾਗਰਿਕ ਨੂੰ ਕੁਦਰਤੀ ਤੇ ਗੈਰ ਕੁਦਰਤੀ ਸਾਧਨਾਂ ਵਿੱਚ ਬਰਾਬਰੀ ਦਾ ਹੱਕ ਮਿਲਣਾ ਚਾਹੀਦਾ ਹੈ। ਪਰ ਇਹ ਹੱਕ ਤਦ ਤੱਕ ਸਿਰਫ ਕਾਗਜ਼ੀ ਹੀ ਰਹੇਗਾ ਜਦ ਤਕ ਜਾਤੀਆਂ ਦੀ ਅਸਲ ਗਿਣਤੀ ਨਹੀਂ ਕੀਤੀ ਜਾਂਦੀ। ਗੁਰਦੀਪ ਕਾਲੀ ਨੇ ਦਾਅਵਾ ਕੀਤਾ ਕਿ ਪਿਛਲੇ 75 ਸਾਲਾਂ ਵਿਚ ਜਾਤੀ ਅਧਾਰਤ ਜਨਗਣਨਾ ਸਿਰਫ ਚੋਣੀ ਰਾਜਨੀਤੀ ਲਈ ਵਰਤੀ ਗਈ ਹੈ। ਹਰ ਸਰਕਾਰ ਨੇ ਵੋਟਾਂ ਦੀ ਖ਼ਾਤਿਰ ਇਹ ਮੁੱਦਾ ਛੇੜਿਆ ਪਰ ਕਦੇ ਵੀ ਇਸ ‘ਤੇ ਠੋਸ ਕਾਰਵਾਈ ਨਹੀਂ ਕੀਤੀ। ਖਾਸ ਤੌਰ ‘ਤੇ ਉਨ੍ਹਾਂ ਕਾਂਗਰਸ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਕਾਂਗਰਸ ਨੇ ਸਭ ਤੋਂ ਵੱਧ ਸਮਾਂ ਕੇਂਦਰ ਵਿਚ ਰਾਜ ਕੀਤਾ, ਪਰ ਕਦੇ ਵੀ ਇਹ ਜਨਗਣਨਾ ਕਰਵਾਉਣ ਦੀ ਹਿੰਮਤ ਨਹੀਂ ਦਿਖਾਈ। ਉਨ੍ਹਾਂ ਕਿਹਾ ਕਿ ਜੇ ਜਾਤੀ ਅਧਾਰਤ ਜਨਗਣਨਾ ਹੋਈ ਤਾਂ ਦੇਸ਼ ਦੇ 85% ਮੂਲਨਿਵਾਸੀ ਲੋਕਾਂ ਨੂੰ ਆਪਣੀ ਹਕੀਕਤ ਦਾ ਅਹਿਸਾਸ ਹੋਵੇਗਾ ਅਤੇ ਉਹ ਆਪਣੇ ਹੱਕਾਂ ਲਈ ਅਵਾਜ਼ ਉੱਠਾ ਸਕਣਗੇ। ਇਸ ਨਾਲ ਉਨ੍ਹਾਂ ਲਈ ਵਾਧੂ ਸਾਧਨਾਂ ਦੀ ਉਮੀਦ ਜਨਮੇਗੀ ਅਤੇ ਸਮਾਜਿਕ ਵਿਤਰਨ ਵਿਚ ਨਿਆਂ ਸੰਭਵ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਬਾਮਸੇਫ ਵਰਗੇ ਸੰਗਠਨ ਲੰਮੇ ਸਮੇਂ ਤੋਂ ਜਾਤੀ ਅਧਾਰਤ ਅੰਕੜੇ ਇਕੱਠੇ ਕਰ ਰਹੇ ਹਨ, ਜਿਸ ਨਾਲ ਸਾਡੀ ਸਮਾਜਿਕ ਸਥਿਤੀ ਦੀ ਹਕੀਕਤ ਸਾਹਮਣੇ ਆਈ ਹੈ। ਇਹ ਜਨਗਣਨਾ ਉਨ੍ਹਾਂ ਦੇ ਦਬਾਅ ਅਤੇ ਲੰਮੇ ਅੰਦੋਲਨਾਂ ਦਾ ਨਤੀਜਾ ਹੈ ਕਿ ਅੱਜ ਸਰਕਾਰ ਨੂੰ ਇਹ ਕਦਮ



ਚੁੱਕਣਾ ਪਿਆ। ਗੁਰਦੀਪ ਸਿੰਘ ਕਾਲੀ ਨੇ ਅੰਤ ਵਿੱਚ ਕਿਹਾ ਕਿ ਜੇ ਭਾਜਪਾ ਦੀ ਮੌਜੂਦਾ ਸਰਕਾਰ ਇਹ ਜਨਗਣਨਾ ਕਰਵਾਉਂਦੀ ਹੈ ਤਾਂ ਇਹ ਬੇਹੱਦ ਵਧੀਆ ਅਤੇ ਇਤਿਹਾਸਕ ਕਦਮ ਹੋਵੇਗਾ। ਪਰ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਜਨਗਣਨਾ ਧਰਮ ਅਧਾਰਤ ਨਹੀਂ, ਸਿਰਫ ਜਾਤੀ ਅਧਾਰਤ ਹੋਣੀ ਚਾਹੀਦੀ ਹੈ, ਤਾਂ ਜੋ ਸਮਾਜ ਦੇ ਹਰ ਵਰਗ ਨੂੰ ਉਸਦਾ ਹੱਕ ਮਿਲ ਸਕੇ।

# ਭਾਈ ਘੱਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ ਨੇ 800 ਵਾ ਮਹਾਨ ਖ਼ੂਨਦਾਨ ਕੈਂਪ ਲਾਇਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਲੁ ਧਿ ਆ ਣਾ (ਗੁਰਦੀਪ ਸਿੰਘ) ਸਿੱਖ ਪੰਥ ਦੇ ਮਹਾਨ ਜਰਨੈਲ ਹਰੀ ਸਿੰਘ ਨਲੂਆ ਜੀ ਦੇ ਸ਼ਹਾਦਤ ਨੂੰ ਸਮਰਪਿਤ ਮਨੁੱਖਤਾ ਦੇ ਭਲੇ ਲਈ ਭਾਈ ਘੱਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਦੇ ਮੁੱਖ ਸੇਵਾਦਾਰ ਵੱਲੋਂ ਸੁਸਾਇਟੀ



ਦੇ ਸੇਵਾਦਾਰ ਗੁਰਿੰਦਰ ਸਿੰਘ ਸੰਧੂ ਕਿਰਤੋਂਵਾਲ ਤੇ ਬਲਦੇਵ ਸਿੰਘ ਸੰਧੂ ਦੀ ਅਗਵਾਈ ਹੇਠ 800ਵਾ ਮਹਾਨ ਖੂਨਦਾਨ ਕੈਂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਚੰਚਲ ਸਿੰਘ ਜੀ ਦੇ ਸਹਿਯੋਗ ਨਾਲ ਗੁਰਦੁਆਰਾ ਬੇਰ ਸਾਹਿਬ ਵਿਖੇ ਲਗਾਇਆ ਗਿਆ। ਇਸ ਸਮੇਂ ਸੁਸਾਇਟੀ ਦੇ ਸੇਵਾਦਾਰ ਬਲਦੇਵ ਸਿੰਘ ਸੰਧੂ ਨੇ ਦੱਸਿਆ ਮਹਾਨ ਖੂਨਦਾਨ ਕੈਂਪ ਦੌਰਾਨ 50 ਬਲੱਡ ਯੂਨਿਟ ਇਕੱਤਰ ਕੀਤਾ ਗਿਆ ਖੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈਕੇ ਦਿੱਤਾ ਜਾਵੇਗਾ। ਇਸ ਮੌਕੇ ਤੇ ਸਰਪੰਚ ਜਸਪਾਲ ਸਿੰਘ,ਸਰਪੰਚ ਗੁਰਦੇਵ ਸਿੰਘ, ਲਾਲ ਸਿੰਘ ਨਬੀਪੁਰ,ਰਣਜੀਤ ਸਿੰਘ ਰਾਣਾ, ਵਰਿੰਦਰ ਸਿੰਘ,ਜਸਕਰਨ ਸਿੰਘ, ਆਲਮਜੀਤ ਸਿੰਘ, ਕਮਲਜੀਤ ਸਿੰਘ, ਲਖਵਿੰਦਰ ਸਿੰਘ, ਗੁਰਨਾਮ ਸਿੰਘ,ਗੁਰਵਿੰਦਰ ਸਿੰਘ, ਸਰਬਜੀਤ ਸਿੰਘ ਸੋਹਲ, ਨਰਦੀਪ ਸਿੰਘ ਹਾਜ਼ਰ ਸਨ।

# ਓਬੀਸੀ ਫੈਡਰੇਸ਼ਨ ਦੇ ਇੱਕ ਵਫ਼ਦ ਨੇ ਪਹਿਲੀ ਮਈ ਦਿਵਸ ਸਮਾਗਮ ਵਿੱਚ ਹਿੱਸਾ ਲਿਆ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

1st May day was celebrated in the park opposite the Jama masjid Sector 20 A Chandigarh. A delegation of the OBC Federation participated in the function. Sh Balwinder Singh Multani shares details of ongoing agitation at Panjab




University Chandigarh and seeks cooperation from All contractual karamchari sangh.

Balwinder Singh Multani

OBC Federation

9463743086

ਪਹਿਲੀ ਮਈ ਦਿਵਸ ਜਾਮਾ ਮਸਜਿਦ ਸੈਕਟਰ 20 ਏ ਚੰਡੀਗੜ੍ਹ ਦੇ ਸਾਹਮਣੇ ਪਾਰਕ ਵਿੱਚ ਮਨਾਇਆ ਗਿਆ। ਓਬੀਸੀ ਫੈਡਰੇਸ਼ਨ ਦੇ ਇੱਕ ਵਫ਼ਦ ਨੇ ਸਮਾਗਮ ਵਿੱਚ ਹਿੱਸਾ ਲਿਆ। ਸ਼੍ਰੀ ਬਲਵਿੰਦਰ ਸਿੰਘ ਮੁਲਤਾਨੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਚੱਲ ਰਹੇ ਅੰਦੋਲਨ ਦੇ ਵੇਰਵੇ ਸਾਂਝੇ ਕੀਤੇ ਅਤੇ ਸਾਰੇ ਠੇਕੇਦਾਰ ਕਰਮਚਾਰੀ ਸੰਘ ਤੋਂ ਸਹਿਯੋਗ ਦੀ ਮੰਗ ਕੀਤੀ।

ਬਲਵਿੰਦਰ ਸਿੰਘ ਮੁਲਤਾਨੀ

ਓਬੀਸੀ ਫੈਡਰੇਸ਼ਨ

9463743086

# ਮਜ਼ਦੂਰ ਭਾਈਚਾਰੇ ਨਾਲ ਮਨਾਇਆ ਮਜ਼ਦੂਰ ਦਿਵਸ -ਬਸਪਾ ਪ੍ਰਧਾਨ ਹਰਦੀਪ ਸਿੰਘ ਧਾਲੀਵਾਲ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਪਟਿਆਲਾ -ਹਲਕਾ ਸਨੌਰ ਦੇ ਕਸਬਾ ਬਹਾਦਰਗੜ੍ਹ ਦੇ ਲੇਬਰ ਚੌਂਕ ਵਿਖੇ ਬਹੁਜਨ ਸਮਾਜ ਪਾਰਟੀ ਦੀ ਸਮੂਚੀ ਟੀਮ ਵਲੋਂ ਹਲਕਾ ਸਨੌਰ ਪ੍ਰਧਾਨ ਹਰਦੀਪ ਸਿੰਘ ਧਾਲੀਵਾਲ ਤੇ ਹਲਕਾ ਇੰਚਾਰਜ ਅੰਗਰੇਜ਼ ਸਿੰਘ ਦੀ ਅਗਵਾਈ ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ ਜਿਥੇ ਮਜ਼ਦੂਰ ਭਰਾਵਾਂ ਨੂੰ ਮਜ਼ਦੂਰ ਦਿਵਸ ਕਿਉਂ ਮਨਾਇਆ ਜਾਂਦਾ ਹੈ ਤੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ







ਜੀ ਨੇ ਮਜ਼ਦੂਰ ਵਰਗ ਤੇ ਉਨ੍ਹਾਂ ਦੇ ਬੱਚਿਆਂ ਦੇ ਸੁਨਹਿਰੀ ਭਵਿੱਖ ਨੂੰ ਸੁਰੱਖਿਅਤ ਤੇ ਉਜਵਲ ਬਣਾਉਣ ਲਈ ਅਤੇ ਫੈਕਟਰੀਆਂ ਕਾਰਖਾਨਿਆਂ ਵਿੱਚ ਵੱਖ ਵੱਖ ਅਦਾਰਿਆਂ ਵਿੱਚ ਕੰਮ ਕਰਦੀਆਂ ਮਹਿਲਾਵਾਂ ਲਈ ਜੋ ਅਧਿਕਾਰ ਲੈ ਕੇ ਦਿੱਤੇ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਚਾਹ ਤੇ ਬਿਸਕੁਟ ਦੀ ਸੇਵਾ ਵੀ ਕੀਤੀ ਇਕੱਤਰ ਟੀਮ ਜ਼ਿਲ੍ਹਾ ਮੀਤ ਪ੍ਰਧਾਨ ਰਾਮ ਲਾਲ ਸਿੰਘ ਰਾਠੀਆ, ਜ਼ਿਲ੍ਹਾ ਕੈਸ਼ੀਅਰ ਗੁਰਮੀਤ ਸਿੰਘ ਬਹਾਦਰਗੜ੍ਹ, ਹਲਕਾ ਸਨੌਰ ਕੈਸ਼ੀਅਰ ਜਰਨੈਲ ਸਿੰਘ ਬਹਾਦਰਗੜ੍ਹ,ਸਿਓਂ ਸਿੰਘ ਸਕੱਤਰ ਸਨੌਰ,ਜਗਤਾਰ ਸਿੰਘ ਸੋਸ਼ਲ ਮੀਡੀਆ ਕਨਵੀਨਰ, ਮਹੇਸ਼ ਪਾਲ ਸਿੰਘ, ਪਿਆਰਾ ਸਿੰਘ,ਸੁਖਮਹਿੰਦਰ ਸਿੰਘ ਲੁਬਾਣਾ, ਜੀਤ ਸਿੰਘ ਰਾਜ ਮਿਸਤਰੀ ਦੌਣ ਕਲਾਂ ਅਤੇ ਬਹੁਤ ਸਾਰੇ ਮਜ਼ਦੂਰ ਸਾਥੀ ਹਾਜਰ ਸਨ

# ਕੂੜੇ ਕਰਕਟ ਦਾ ਸੁਰੱਖਿਅਤ ਨਿਪਟਾਰਾ ਬਿਮਾਰੀਆਂ ਤੋਂ ਕਰਦਾ ਹੈ ਬਚਾਅ- ਸਭਰਵਾਲ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

ਲੁ ਧਿ ਆ ਣਾ (ਗੁਰਦੀਪ ਸਿੰਘ) ਅੱਜ ਰਾਜ ਕੁਮਾਰ ਸਭਰਵਾਲ ਐਕਸ ਈ ਏਨ (ਰਿਟਾ.) ਨੇ ਸਿਹਤ ਸਬੰਧੀ ਜਾਣਕਾਰੀ ਦਿੰਦਿਆਂ ਸਫਾਈ ਦੀ ਮਹੱਤਤਾ ਬਾਰੇ ਦੱਸਿਆ। ਬਿਮਾਰੀਆਂ ਤੋਂ ਬਚਣ ਲਈ ਘਰ ਵਿੱਚ ਅਤੇ ਆਲੇ ਦੁਆਲੇ ਸਭ ਜਗਾ ਸਫਾਈ ਰੱਖਣੀ ਚਾਹੀਦੀ ਹੈ।ਬੱਚੇ ਅਤੇ ਬਜ਼ੁਰਗ ਜਾਂ ਕਮਜ਼ੋਰ ਵਿਅਕਤੀ ਆਸਾਨੀ ਨਾਲ



ਕੀਟਾਣੂ ਨਾਲ ਸੰਕਰਮਿਤ ਹੋ ਜਾਂਦੇ ਹਨ ਜਿਸ ਨਾਲ ਸਰੀਰ ਦੇ ਪੋਸ਼ਕ ਤੱਤ ਘਟ ਜਾਂਦੇ ਹਨ।ਹੱਥ ਸਾਬਣ ਤੇ ਪਾਣੀ ਜਾਂ ਸਵਾਹ ਅਤੇ ਪਾਣੀ ਦੇ ਨਾਲ ਚੰਗੀ ਤਰਾਂ ਧੋਣ ਨਾਲ ਰੋਗਾਂਣੂ ਨਿਕਲ ਜਾਂਦੇ ਹਨ।ਕੇਵਲ ਉਂਗਲੀਆਂ ਨੂੰ ਖੰਗਾਲਣਾ ਹੀ ਕਾਫੀ ਨਹੀਂ ਹੈ। ਦੋਨਾਂ ਹੱਥਾਂ ਨੂੰ ਸਾਬਣ ਨਾਲ ਧੋਣਾ ਚਾਹੀਦਾ ਹੈ ।ਇਸ ਦੇ ਕਾਰਨ ਗੰਦਗੀ ਦਾ ਮੂੰਹ ਵਿਚ ਜਾਣ ਤੋਂ ਬਚਾਅ ਹੁੰਦਾ ਹੈ।ਹੱਥਾਂ ਨੂੰ ਧੋਣ ਨਾਲ ਕੀਟਾਣੂਆਂ ਦਾ ਸੰਕਰਣ ਵੀ ਦੂਰ ਰਹਿੰਦਾ ਹੈ। ਘਰ ਦੇ ਪੂਰੇ ਕੂੜੇ ਕਰਕਟ ਦਾ ਸੁਰੱਖਿਅਤ ਨਿਪਟਾਰਾ ਬਿਮਾਰੀਆਂ ਤੋਂ ਬਚਾ ਕਰਦਾ ਹੈ।ਜੇਕਰ ਕੂੜੇ ਦਾ ਸਮੁਦਾਇਕ ਇਕੱਤਰੀਕਰਨ ਨਹੀਂ ਕੀਤਾ ਜਾ ਰਿਹਾ ਹੈ ਤਾਂ ਹਰ ਪਰਿਵਾਰ ਨੂੰ ਦੋ ਕੂੜੇਦਾਨ ਦੀ ਲੋੜ ਹੈ। ਜਿੱਥੇ ਹਰ ਰੋਜ਼ ਘਰੇਲੂ ਕੂੜਾ ਇਕੱਠਾ ਕੀਤਾ ਜਾ ਸਕਦਾ ਹੈ। ਇਸੇ ਲਈ ਪਾਰਕਾਂ ਵਿੱਚ ਵੀ ਨੀਲਾ ਤੇ ਹਰਾ ਦੋ ਡਸਟਬਿਨ ਰੱਖੇ ਜਾਂਦੇ ਹਨ।ਇਸ ਮੌਕੇ ਸੁਭਾਸ਼ ਅਰੋੜਾ ਜੀ,ਰਜੇਸ਼ ਮਲਹੋਤਰਾ ,ਜੋਗਿੰਦਰ ਪਾਲ ਮੱਕੜ ,ਅਸ਼ੋਕ ਕਪੂਰ ,ਸਾਹਿਲ ਵਿਜ , ਜਕਸ਼ ਵਿਜ ,ਡੇਮਾਇਰਾ ਆਦਿ ਤੇ ਇਲਾਵਾ ਕਈ ਇਲਾਕਾ ਨਿਵਾਸੀ ਮੌਜੂਦ ਸਨ।

# ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ ਸਰਕਲ ਬਰਨਾਲਾ ਵੱਲੋਂ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

## ਬਿਜਲੀ ਘਰਾਂ ਲਹਿਰਾਏ ਲਾਲ ਸੁਰਖ਼ ਫਰੇਰੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com




ਦਲਜੀਤ ਕੌਰ ਮਹਿਲਕਲਾਂ, 1 ਮਈ, 2025: ਬਿਜਲੀ ਕਾਮਿਆਂ ਦੀ ਸੰਘਰਸ਼ਸ਼ੀਲ ਜਥੇਬੰਦੀ ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ ਵੱਲੋਂ ਸਮੁੱਚੇ ਸਰਕਲ ਬਰਨਾਲਾ ਦੇ ਬਿਜਲੀ ਘਰਾਂ ਅੱਗੇ ਲਾਲ ਸੁਰਖ਼ ਫਰੇਰੇ ਲਹਿਰਾ ਕੇ 1 ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਵੱਖ ਵੱਖ ਥਾਵਾਂ 'ਤੇ ਝੰਡੇ ਲਹਿਰਾਉਣ ਦੀ ਰਸਮ ਤੋਂ ਬਾਅਦ ਸੰਬੋਧਨ ਕਰਦਿਆਂ ਸਰਕਲ ਪ੍ਰਧਾਨ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ, ਸਰਕਲ ਸਕੱਤਰ ਕੁਲਵੀਰ ਸਿੰਘ ਠੀਕਰੀਵਾਲਾ, ਪ੍ਰਗਟ ਸਿੰਘ ਕੋਟਦੁੰਨਾ, ਹਰਬੰਸ ਸਿੰਘ ਮਾਨਕੀ ਅਤੇ ਬਲਵੰਤ ਸਿੰਘ ਬਰਨਾਲਾ ਨੇ 1 ਮਈ ਦੀ ਵਿਰਾਸਤ ਤੋਂ ਜਾਣੂ ਕਰਵਾਇਆ। ਆਗੂਆਂ ਕਿਹਾ ਕਿਪਹਿਲੀ ਮਈ ਦਾ ਦਿਨ ਸਾਨੂੰ ਉਹਨਾਂ ਸਮਿਆਂ ਦੀ ਯਾਦ ਦਿਵਾਉਂਦਾ ਹੈ ਜਦੋਂ ਮਜਦੂਰਾਂ ਕੋਲੋਂ 16-16 ਘੰਟੇ ਕੰਮ ਲਿਆ ਜਾਂਦਾ ਸੀ। ਐਨੂੰ ਹੱਡ ਤੋੜਵੇਂ ਕੰਮ ਤੋਂ ਬਾਅਦ ਮਜਦੂਰਾਂ ਕੋਲ ਜੱਜ ਨਾਲ ਆਰਾਮ ਕਰਨ ਦਾ ਸਮਾਂ ਵੀ ਨਹੀਂ ਸੇ ਬਚਦਾ, ਪਰਿਵਾਰ ਵੱਲ ਧਿਆਨ ਦੇਣ ਜਾਂ ਮਨੋਰੰਜਨ ਕਰਨ ਦੀ ਤਾਂ ਗੱਲ ਹੀ ਛੱਡੋ। ਸੇ ਵੱਖ ਵੱਖ ਦੇਸ਼ਾਂ ਦੇ ਮਜਦੂਰਾਂ ਨੇ ਅੱਠ ਘੰਟੇ ਕੰਮ ਦਿਹਾੜੀ ਦੀ ਮੰਗ ਉਠਾਉਣੀ ਸ਼ੁਰੂ ਕੀਤੀ ਤਾਂ ਕਿ ਉਹ ਅੱਠ ਘੰਟੇ ਆਰਾਮ ਕਰ ਸਕਣ ਅਤੇ ਬਾਕੀ ਅਣ ਘੰਟੇ ਪਰਿਵਾਰ ਲਈ ਜਾਂ ਮਨੋਰੰਜਨ ਦੇ ਤੌਰ 'ਤੇ ਹੋਰ ਸੋਚ ਵਿਚਾਰ ਲਈ ਸਮਾਂ ਬਿਤਾ ਸਕਣ। ਅਮਰੀਕਾ ਦੇ ਮਜਦੂਰਾਂ ਦੀ ਜਥੇਬੰਦੀ 'ਅਮਰੀਕਨ ਫੈਡਰੇਸ਼ਨ ਆਫ ਲੇਬਰ ਨੇ ਮੰਗ ਕੀਤੀ ਕਿ 7 ਮਈ 1886 ਤੋਂ ਕਾਨੂੰਨੀ ਤੌਰ 'ਤੇ ਅੱਠ ਘੰਟੇ ਦੀ ਕੰਮ ਦਿਹਾੜੀ ਕੀਤੀ ਜਾਵੇ। ਇਸ ਮੰਗ ਨੂੰ ਪੂਰਾ ਕਰਵਾਉਣ ਲਈ 1 ਮਈ 1886 ਨੂੰ ਮਜ਼ਦੂਰਾਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਆਪਣਾ ਸੰਘਰਸ਼ ਤੇਜ ਕਰਨ। ਇਸ ਸੱਦੇ ਨੂੰ ਭਰਪੂਰ ਹੁੰਗਾਰਾ ਦਿੰਦਿਆਂ ਅਮਰੀਕਾ ਦੇ ਸਨਅਤੀ ਸ਼ਹਿਰ ਸ਼ਿਕਾਗੋ ਵਿਖੇ ਹਜਾਰਾਂ ਮਜ਼ਦੂਰਾਂ ਨੇ ਹੜਤਾਲ ਕੀਤੀ। ਜਿਸ ਤੋਂ ਚਿੜ ਕੇ ਮੈਕਰਮਿਕ ਹਰਵੈਸਟਰ ਪਲਾਂਟ ਨਾਂ ਦੇ ਕਾਰਖਨੇ ਦੇ ਮਜਦੂਰਾਂ ਉਪਰ ਦਹਿਸ਼ਤ ਪਾਉਣ ਲਈ 6 ਮਜਦੂਰਾਂ ਨੂੰ ਬੜੇ ਵਹਿਸ਼ੀ ਢੰਗ ਨਾਲ ਕਤਲ ਕਰ ਦਿੱਤਾ ਗਿਆ। ਇਹਨਾਂ ਕਤਲਾਂ ਖਿਲਾਫ਼ ਰੋਹਲੀ ਆਵਾਜ ਬੁਲੰਦ ਕਰਨ ਲਈ ਮਜਦੂਰਾਂ ਨੇ 4 ਮਈ 1886 ਨੂੰ ਸ਼ਹਿਰ ਦੀ ਹੇਅ ਮਾਰਕੀ ਵਿੱਚ ਮੀਟਿੰਗ ਦਾ ਐਲਾਨ ਕਰ ਦਿੱਤਾ। ਇਸ ਮੀਟਿੰਗ ਨੂੰ ਰੋਹ ਨਾਲ ਖੋਲਦੇ ਹਜ਼ਾਰਾਂ ਮਜਦੂਰਾਂ ਨੇ ਹੁੰਗਾਰਾ ਦਿੱਤਾ। ਮਜ਼ਦੂਰ ਲਹਿਰ ਨੂੰ ਕੁਚਲਣ ਅਤੇ ਇਸ ਨੂੰ ਦਹਿਸ਼ਤਜਦਾ ਕਰਨ ਦੇ ਇਰਾਦੇ ਨਾਲ ਮੀਟਿੰਗ 'ਚ ਭਾਗ ਲੈ ਰਹੇ ਮਜਦੂਰਾਂ ਤੇ ਬੰਬ ਸੁੱਟਿਆ ਗਿਆ। ਜਿਸ ਕਰਕੇ ਚਾਰ ਮਜ਼ਦੂਰਾਂ ਦੀ ਮੌਤ ਹੋ ਗਈ। ਇਸ ਘਟਨਾ ਦੀ ਜਿੰਮੇਵਾਰੀ ਮਜਦੂਰ ਆਗੂਆਂ 'ਤੇ ਸੁੱਟਦੇ ਹੋਏ ਪੁਲਿਸ ਵੱਲੋਂ ਬਹੁਤ ਸਾਰੇ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮੇ ਚਲਾਏ ਗਏ। ਜਿਨ੍ਹਾਂ 'ਚੋਂ ਚਾਰ ਮਜਦੂਰਾਂ ਨੂੰ ਫਾਂਸੀ ਦੇ ਤਖਤੇ ਆਗੂਆਂ ਨੂੰ ਉਮਰ ਜਾਂ ਲੰਬੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।ਅਮਰੀਕਾ ਦੇ ਸ਼ਹਿਰ ਅੰਦਰ ਮਜ਼ਦੂਰ ਲਹਿਰ ਨੂੰ ਦਬਾਉਣ ਲਈ ਕੀਤੀਆਂ ਗਈਆਂ ਇਹਨਾਂ ਕਾਰਵਾਈਆਂ ਤੋਂ ਦੁਨੀਆਂ ਭਰ ਦੇ ਮਜ਼ਦੂਰਾਂ ਅੰਦਰ ਗੁੱਸੇ ਦੀ ਲਹਿਰ ਫੈਲ ਗਈ। ਇਸ ਨੂੰ ਦੇਖਦੇ ਹੋਏ ਮਜਦੂਰ ਜਮਾਤ ਦੇ ਮਹਾਨ ਉਸਤਾਦ ਏਂਗਲਜ ਦੀ ਅਗਵਾਈ ਵਿੱਚ 'ਦੂਸਰੀ ਕੌਮਾਂਤਰੀ ਵੱਲੋਂ 1889 'ਚ ਇੱਕ ਮਤਾ ਪਾਸ ਕਰਕੇ ਫੈਸਲਾ ਕੀਤਾ ਕਿ 1890 ਵਿੱਚ 1 ਮਈ ਦਾ ਦਿਹਾੜਾ ਕੌਮਾਂਤਰੀ ਮਜ਼ਦੂਰ ਦਿਹਾੜੇ ਦੇ ਤੌਰ 'ਤੇ ਮਨਾਇਆ ਜਾਵੇ। ਅੱਜ ਵੀ ਭਾਰਤ ਅੰਦਰ ਸਾਮਰਾਜੀ ਦਿਸ਼ਾ ਨਿਰਦੇਸ਼ਤ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਲਾਗੂ ਕਰਕੇ ਜਾਨਹੂਲਵੇਂ ਸੰਘਰਸ਼ਾਂ ਰਾਹੀਂ ਹਾਸਲ ਕੀਤੇ 44 ਕਿਰਤ ਕਾਨੂੰਨਾਂ ਦਾ ਭੋਗ ਪਾਕੇ 4 ਕੋਡਾਂ ਵਿੱਚ ਤਬਦੀਲ ਕਰ ਦਿੱਤਾ ਹੈ। ਅਜਿਹਾ ਹੋਣ ਨਾਲ ਬਿਜਲੀ ਬੋਰਡ ਵਰਗੇ ਜਨਤਕ ਖੇਤਰ ਦੇ ਅਦਾਰਿਆਂ ਦਾ ਭੋਗ ਪਾਕੇ ਠੇਕੇਦਾਰੀ, ਆਊਟਸੋਰਸ ਨੀਤੀ ਰਾਹੀਂ ਕਿਰਤੀਆਂ ਦੀ ਤਿੱਖੀ ਰੱਤ ਨਿਚੋੜਨ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਨਰਾਇਣ ਮੂਰਤੀ ਵਰਗੇ ਕਾਰਪੋਰੇਟ ਘਰਾਣਿਆਂ ਦੇ ਮਾਲਕ 90-90 ਘੰਟੇ ਹਰ ਹਫ਼ਤੇ ਕੰਮ ਕਰਨ ਦੀਆਂ ਸਰਕਾਰਾਂ ਨੂੰ ਨਸੀਹਤਾਂ ਦੇ ਰਹੇ ਹਨ।

ਬੁਲਾਰਿਆਂ ਰੁਲਦੂ ਸਿੰਘ ਗੁੰਮਟੀ, ਭੋਲਾ ਸਿੰਘ ਗੁੰਮਟੀ, ਮੁਖਤਿਆਰ ਸਿੰਘ, ਰਜਿੰਦਰ ਸਿੰਘ, ਮਨਦੀਪ ਸਿੰਘ, ਜਸਕਰਨ ਸਿੰਘ, ਮਲਕੀਤ ਸਿੰਘ, ਜਗਸੀਰ ਸਿੰਘ, ਹਾਕਮ ਸਿੰਘ, ਕੁਲਵਿੰਦਰ ਸਿੰਘ, ਬੂਟਾ ਸਿੰਘ, ਗੁਰਮੇਲ ਸਿੰਘ, ਜਸਬੀਰ ਸਿੰਘ, ਜਰਨੈਲ ਸਿੰਘ ਨੇ 1 ਮਈ ਦੇ ਸ਼ਹੀਦਾਂ ਤੋਂ ਪ੍ਰੇਰਨਾ ਹਾਸਲ ਕਰਕੇ ਸੰਘਰਸ਼ਾਂ ਦਾ ਘੇਰਾ ਵਿਸ਼ਾਲ ਕਰਦਿਆਂ ਤਿੱਖੇ ਸੰਘਰਸ਼ਾਂ ਦੇ ਰਾਹ ਪੈਣ ਦੀ ਲੋੜ ਤੇ ਜੋਰ ਦਿੱਤਾ।

# ਬੀ.ਬੀ.ਐਮ.ਬੀ. ਰਾਹੀਂ ਹਰਿਆਣਾ ਨੂੰ ਵੱਧ ਪਾਣੀ ਦੇਣ ਦੇ ਫੈਸਲੇ ਦੇ ਵਿਰੋਧ 'ਚ ਦਿੱਤਾ ਧਰਨਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com



ਸੁਨਾਮ ਉਧਮ ਸਿੰਘ ਵਾਲਾ, 1 ਮਈ (ਜਗਸੀਰ ਲੌਂਗੋਵਾਲ)- ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਸ਼੍ਰੀ ਅਮਨ ਅਰੋੜਾ ਦੀਆਂ ਹਦਾਇਤਾਂ 'ਤੇ ਮਾਰਕਿਟ ਕਮੇਟੀ ਸੁਨਾਮ ਉਧਮ ਸਿੰਘ ਵਾਲਾ ਦੇ ਚੇਅਰਮੈਨ ਮੁਕੇਸ਼ ਜੁਨੇਜਾ ਵੱਲੋਂ ਸਾਥੀਆਂ ਸਮੇਤ ਸਥਾਨਕ ਮਾਤਾ ਮੋਦੀ ਚੌਕ ਵਿੱਚ ਬੀ.ਬੀ.ਐਮ.ਬੀ. ਰਾਹੀਂ ਹਰਿਆਣਾ ਨੂੰ ਵੱਧ ਪਾਣੀ ਦੇਣ ਦੇ ਫੈਸਲੇ ਦੇ ਵਿਰੋਧ 'ਚ ਪ੍ਰਭਾਵਸ਼ਾਲੀ ਧਰਨਾ ਲਾਇਆ ਗਿਆ। ਇਸ ਮੌਕੇ ਆਗੂਆਂ ਵੱਲੋਂ ਪਾਣੀਆਂ ਦੇ ਮਸਲੇ 'ਤੇ ਬੀ.ਬੀ.ਐਮ.ਬੀ. ਦੀ ਪੰਜਾਬ ਨਾਲ ਵਧੀਕੀ ਖਿਲਾਫ ਕੇਂਦਰ ਵਿੱਚ ਸੱਤਾ 'ਤੇ ਕਾਬਜ਼ ਬੀ.ਜੇ.ਪੀ. ਵਿਰੁੱਧ ਨਾਅਰਬਾਜ਼ੀ ਕੀਤੀ ਗਈ। ਧਰਨੇ ਦੌਰਾਨ ਚੇਅਰਮੈਨ ਮੁਕੇਸ਼ ਜੁਨੇਜਾ ਨੇ ਕਿਹਾ ਕਿ ਪੰਜਾਬ ਨਾਲ ਪਾਣੀਆਂ ਦੀ ਵੰਡ ਵੇਲੇ ਪਹਿਲਾਂ ਹੀ ਧੱਕਾ ਕੀਤਾ ਜਾ ਚੁੱਕਾ ਹੈ ਅਤੇ ਹੁਣ ਸਾਡੇ ਕੋਲ ਹੋਰ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਬੀ.ਜੇ.ਪੀ. ਨੇ ਹਮੇਸ਼ਾ ਪੰਜਾਬ ਨਾਲ ਧੱਕਾ ਕੀਤਾ ਹੈ ਅਤੇ ਇਹ ਫੈਸਲਾ ਉਨ੍ਹਾਂ ਦੇ ਪੰਜਾਬ ਵਿਰੋਧੀ ਹੋਣ ਦੀ ਪੱਕੀ ਗਵਾਹੀ ਭਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਖ਼ਾਸ ਕਰ ਮਾਲਵੇ ਦੇ ਬਹੁਤ ਸਾਰੇ ਬਲਾਕ ਡਾਰਕ ਜ਼ੋਨ ਐਲਾਨੇ ਜਾ ਚੁੱਕੇ ਹਨ ਅਤੇ ਇਨ੍ਹਾਂ ਦਾ ਪਾਣੀ ਦਾ ਪੱਧਰ ਉੱਚਾ ਚੁੱਕਣ ਲਈ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਦਾ ਤਹੱਈਆ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਬੀ.ਬੀ.ਐਮ.ਬੀ. ਵੱਲੋਂ ਹਰਿਆਣਾ ਨੂੰ ਵੱਧ ਪਾਣੀ ਦੇਣ ਦਾ ਫੈਸਲਾ ਲਾਗੂ ਹੋਇਆ ਤਾਂ ਪੰਜਾਬ ਮਾਰੂਥਲ ਬਣਨ ਦੀ ਕਗਾਰ 'ਤੇ ਪਹੁੰਚ ਜਾਵੇਗਾ।

ਇਸ ਮੌਕੇ ਐਮ.ਸੀ. ਆਸ਼ਾ ਬਜਾਜ, ਮਨੀ ਸਰਾਓ, ਸਾਹਿਬ ਸਿੰਘ ਬਲਾਕ ਪ੍ਰਧਾਨ, ਗੁਰਤੇਜ ਨਿੱਕਾ ਐਮ.ਸੀ, ਚਮਕੌਰ ਸਿੰਘ ਐਮ.ਸੀ, ਸੁਭਾਸ਼ ਤਨੇਜਾ, ਲਾਭ ਸਿੰਘ ਨੀਲੋਵਾਲ, ਸਾਹਿਲ ਗਿੱਲ, ਦੀਪ ਸਰਪੰਚ ਕਨੋਈ, ਗੁਰਿੰਦਰਪਾਲ ਗੈਰੀ, ਚਰਨ ਸਿੰਘ ਚੌਵਾਸ, ਰਿੰਪੀ ਥਿੰਦ, ਸੰਜੀਵ ਕੁਮਾਰ, ਬੂਟਾ ਸਿੰਘ ਬਿਸ਼ਨਪੁਰਾ, ਮਨਿੰਦਰ ਸਿੰਘ ਲਖਮੀਰਵਾਲਾ, ਪ੍ਰਧਾਨ ਬੀਰਬਲ ਸਿੰਘ, ਬਲਜਿੰਦਰ ਜੇਧਾ ਈਲਵਾਲ, ਮਨਦੀਪ ਸਿੰਘ ਈਲਵਾਲ ਸਮੇਤ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

# ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ ਜ਼ਰੂਰੀ ਪ੍ਰਬੰਧ ਮੁਕੰਮਲ ਰੱਖੇ ਜਾਣ-ਡਿਪਟੀ ਕਮਿਸ਼ਨਰ

## ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com



ਮਾਨਸਾ, ' 1ਮਈ (ਆਤਮਾ ਸਿੰਘ ਪਮਾਰ): ਡਿਪਟੀ ਕਮਿਸ਼ਨਰ ਸ. ਕੁਲਵੰਤ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ ਕੀਤੇ ਜਾਣ ਵਾਲੇ ਕੰਮਾਂ ਦੀ ਅਧਿਕਾਰੀ ਖੁਦ ਨਿਗਰਾਨੀ ਕਰਨ, ਤਾਂ ਜੋ ਆਉਣ ਵਾਲੇ ਬਰਸਾਤੀ ਸੀਜ਼ਨ ਦੌਰਾਨ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਸਮੂਹ ਕਾਰਜ ਸਾਧਕ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਡਰੇਨਾਂ ਦੀ ਤੁਰੰਤ ਸਫਾਈ ਕਰਵਾਈ ਜਾਵੇ ਅਤੇ ਜਿੱਥੇ ਕਿਧਰੇ ਵੀ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਆ ਰਹੀ ਹੈ, ਉਥੇ ਤੁਰੰਤ ਸਫਾਈ ਕਰਵਾਕੇ ਪਾਣੀ ਦੀ ਨਿਕਾਸੀ ਕਰਵਾਈ ਜਾਵੇ।

ਉਨ੍ਹਾਂ ਸਿਹਤ ਵਿਭਾਗ ਨੂੰ ਕਿਹਾ ਕਿ ਲੋੜੀਂਦੀਆਂ ਦਵਾਈਆਂ ਦਾ ਪਹਿਲਾਂ ਹੀ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਪਸ਼ੂ ਪਾਲਣ ਵਿਭਾਗ ਨੂੰ ਹੜ੍ਹਾਂ ਦੌਰਾਨ ਪਸ਼ੂਆਂ ਲਈ ਲੋੜੀਂਦੀਆਂ ਦਵਾਈਆਂ ਦਾ ਪ੍ਰਬੰਧ ਕਰਨ ਲਈ ਕਿਹਾ। ਉਨ੍ਹਾਂ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਘੱਗਰ ਸਮੇਤ ਸਾਰੇ ਕੁਦਰਤੀ ਜਲ ਸਰੋਤ ਸਾਧਨਾਂ ਦੇ ਕੰਢੇ ਮਜ਼ਬੂਤ ਕੀਤੇ ਜਾਣ ਦੇ ਕਾਰਜ ਜਲਦ ਤੋਂ ਜਲਦ ਪੂਰੇ ਕੀਤੇ ਜਾਣ।

ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਮਨਦੀਪ ਸਿੰਘ ਮਾਨ, ਮੁੱਖ ਖੇਤੀਬਾੜੀ ਅਫ਼ਸਰ ਹਰਪ੍ਰੀਤਪਾਲ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਪਰਮਜੀਤ ਸਿੰਘ ਭੋਗਲ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮਦਨ ਲਾਲ ਕਟਾਰੀਆ, ਐਸ.ਡੀ.ਓ. ਡਰੇਨੇਜ਼ ਵਿਕਾਸ ਸਿੰਗਲਾ, ਡਾ. ਚਮਨਦੀਪ ਸਿੰਘ, ਏ.ਸੀ.ਐਸ. ਡਾ. ਰਵਿੰਦਰ ਸਿੰਗਲਾ, ਸੰਤੋਸ਼ ਕੁਮਾਰ ਭਾਰਤੀ, ਐਸ.ਡੀ.ਓ. ਵਿਸ਼ਾਲ ਕੁਮਾਰ, ਉਪ ਮੰਡਲ ਇੰਜੀਨੀਅਰ ਕਰਮਜੀਤ ਸਿੰਘ ਸਿੱਧੂ, ਈ.ਓ. ਹੈਪੀ ਕੁਮਾਰ, ਸਿਕੰਦਰ ਸਿੰਘ, ਬਲਵਿੰਦਰ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# 1 ਮਈ ਦੇ ਸ਼ਹੀਦਾਂ ਨੂੰ ਭੇਟ ਕੀਤੀਆਂ ਸਰਧਾਂਜਲੀਆਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com



ਲੌਂਗੋਵਾਲ,1 ਮਈ (ਜਗਸੀਰ ਸਿੰਘ)- ਅੱਜ ਕਸਬਾ ਲੌਂਗੋਵਾਲ ਦੇ ਬੱਸ ਸਟੈਂਡ ਵਿਖੇ ਦੇਸ਼ ਭਗਤ ਯਾਦਗਾਰ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅਗਵਾਈ ਵਿੱਚ ਵੱਖ ਵੱਖ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਇੱਕ ਮਈ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਸਮੇਂ ਆਗੂਆਂ ਨੇ ਮੰਚ ਤੋਂ ਦੱਸਿਆ ਗਿਆ ਕੇ ਕਿਵੇਂ 1886 ਨੂੰ ਸਮਰਾਜਵਾਦੀ ਤਾਕਤਾਂ ਵੱਲੋਂ ਹੱਕ ਮੰਗਦੇ ਮਜ਼ਦੂਰਾਂ ਦਾ ਕਤਲੇਆਮ ਕੀਤਾ ਗਿਆ ਸੀ, ਤੇ ਮਜ਼ਦੂਰ ਆਗੂਆਂ ਨੂੰ ਫਾਂਸੀ ਤੇ ਚੜ੍ਹਾਇਆ ਗਿਆ ਸੀ।ਮੌਜੂਦਾ ਦੌਰ ਵਿੱਚ ਕਿਵੇਂ ਮਜ਼ਦੂਰ ਜਮਾਤ ਤੇ ਹਕੂਮਤੀ ਹਮਲੇ ਕੀਤੇ ਜਾ ਰਹੇ ਨੇ, ਜਿਸ ਵਿੱਚ ਕੰਮ ਦੇ ਵਕਤ ਦਾ ਵਧਾਉਣਾ, ਸਮਾਜਿਕ ਸੁਰੱਖਿਆ ਦਾ ਖਤਮ ਕਰਨਾ, ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੇ ਹੱਕਾਂ ਅਤੇ ਪੁਰਾਣੇ ਲੇਬਰ ਕਾਨੂੰਨ ਖਤਮ ਕਰਕੇ ਲੇਬਰ ਕੋਡ ਬਣਾਉਣ ਤੇ ਵੱਖ ਵੱਖ ਆਗੂਆਂ ਵੱਲੋ ਚਰਚਾ ਕਰਦਿਆਂ ਪੁਰਾਣੇ ਕਾਨੂੰਨ ਬਹਾਲ ਕਰਨ ਦੀ ਮੰਗ ਕਰਦਿਆਂ ਸਰਕਾਰ ਨੂੰ ਕਰੜੇ ਹੱਥੀਂ ਲਿਆ।ਇਸ ਮੌਕੇ ਦੇਸ਼ ਭਗਤ ਯਾਦਗਾਰ ਦੇ ਮਾਸਟਰ ਬਲਬੀਰ ਲੌਂ ਗੋ ਵਾ ਲ , ਤ ਰ ਕ ਸ਼ੀ ਲ ਸੁਸਾਇਟੀ ਪੰਜਾਬ ਦੇ ਜ਼ੁਝਾਰ ਲੌਂਗੋਵਾਲ, ਡੇਮੋਕ੍ਰੇਟਿਕ ਟੀਚਰ ਫ਼ਰੰਟ ਦੇ ਚੰਦਰ ਸ਼ੇਖਰ,ਕਾਮਰੇਡ ਸਤਪਾਲ ਸੱਤਾ,ਰਣਜੀਤ ਸਿੰਘ,ਭਾਰਤੀ ਕਿਸਾਨ ਯੂਨੀਅਨ ਆਜ਼ਾਦ ਦੇ ਭੋਲਾ ਸਿੰਘ ਬਟੂਹਾ, ਭਗਤ ਸਿੰਘ ਮੋਟਰ ਸਾਈਕਲ ਰੇਹੜੀ ਯੂਨੀਅਨ ਦੇ ਬੱਲਮ ਸਿੰਘ, ਸਤਪਾਲ ਸਿੰਘ,ਕਿਰਤੀ ਕਿਸਾਨ ਯੂਨੀਅਨ ਦੇ ਭੁਪਿੰਦਰ ਲੌਂਗੋਵਾਲ,ਡਾਕਟਰ ਅੰਬੇਦਕਰ ਯਾਦਗਾਰ ਹਾਲ ਦੇ ਕਾਮਰੇਡ ਗੁਲਜ਼ਾਰਾ ਸਿੰਘ ਲੋਕ ਆਗੂ ਗੁਰਮੇਲ ਸਿੰਘ, ਚਰਨਾ ਸਿੰਘ, ਕਮਲਜੀਤ ਵਿੱਕੀ,ਨਛੱਤਰ ਸਿੰਘ,ਛਿੰਦਾ ਸਿੰਘ ਆਦਿ ਆਗੂਆਂ ਨੇ ਸਬੋਧਨ ਕੀਤਾ।ਇਸ ਮੌਕੇ ਵੱਡੀ ਗਿਣਤੀ ਵਿੱਚ ਮਜ਼ਦੂਰ ਤੇ ਕਿਸਾਨ ਹਾਜ਼ਰ ਸਨ।

# ਲਾਇਨਜ਼ ਕਲੱਬ ਫਗਵਾੜਾ ਸਿਟੀ ਨੇ ਮਜ਼ਦੂਰ ਦਿਵਸ 'ਤੇ ਇੱਕ ਲੋੜਵੰਦ ਵਿਦਿਆਰਥਣ ਨੂੰ ਭੇਟ ਕੀਤੀ ਸਕੂਲ ਫੀਸ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 01 ਮਈ INTERNATIONAL PAPER, 94636 01616 hardipchumber57@gmail.com



ਫਗਵਾੜਾ 1 ਮਈ (ਸ਼ਿਵ ਕੌੜਾ) ਮਜ਼ਦੂਰ ਦਿਵਸ ਦੇ ਮੌਕੇ 'ਤੇ ਇਲੈਵਨ ਸਟਾਰ ਹੰਡਰਡ ਪਰਸੈਂਟ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਿਟੀ ਨੇ ਇੱਕ ਲੋੜਵੰਦ ਪਰਿਵਾਰ ਨਾਲ ਸਬੰਧਤ ਸਕੂਲੀ ਵਿਦਿਆਰਥਣ ਨੂੰ ਦਾਖਿਲਾ ਅਤੇ ਪੂਰੇ ਸਾਲ ਦੀ ਸਕੂਲ ਫੀਸ ਭੇਟ ਕੀਤੀ। ਜਿਸ ਵਿੱਚ ਲਾਇਨ ਬੱਬੂ ਮਨੀਲਾ ਵਲੋਂ ਵਿੱਤੀ ਸਹਿਯੋਗ ਕੀਤਾ ਗਿਆ। ਇਸ ਮੌਕੇ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਰੀਜਨ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ ਅਤੇ ਕਨਵੈਨਸ਼ਨ ਚੇਅਰਮੈਨ ਲਾਇਨ ਤੇਜਿੰਦਰ ਬਾਵਾ ਐਮ.ਜੇ.ਐਫ. ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਨੇ ਕਲੱਬ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਕਲੱਬ ਦਾ ਇਹ ਪ੍ਰੋਜੈਕਟ ਮਿਹਨਤੀ ਪਰਿਵਾਰਾਂ ਦੀਆਂ ਹੋਣਹਾਰ ਧੀਆਂ ਨੂੰ ਸਿੱਖਿਅਤ ਕਰਨ ਦੀ ਦਿਸ਼ਾ ਵਿੱਚ ਸਭ ਤੋਂ ਵਧੀਆ ਕਾਰਜ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਅਜਿਹੇ ਯਤਨ ਜਾਰੀ ਰਹਿਣਗੇ। ਕਲੱਬ ਦੇ ਮੈਂਬਰਾਂ ਨੇ ਵਿੱਤੀ ਸਹਾਇਤਾ ਲਈ ਪ੍ਰੋਜੈਕਟ ਚੇਅਰਮੈਨ ਲਾਇਨ ਬੱਬੂ ਮਨੀਲਾ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਭਵਿੱਖ ਵਿਚ ਵੀ ਅਜਿਹੇ ਉਪਰਾਲੇ ਜਾਰੀ ਰਹਿਣਗੇ। ਨਾਲ ਹੀ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਕਈ ਹੋਰ ਮਹੱਤਵਪੂਰਨ ਪ੍ਰੋਜੈਕਟ ਸਫਲਤਾਪੂਰਵਕ ਪੂਰੇ ਕੀਤੇ ਜਾਣਗੇ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 01 ਮਈ
INTERNATIONAL PAPER, 94636 01616
hardipchumber57@gmail.com

# ਡ੍ਰੈਗਨਫ਼ਲਾਈ ਅਪਟੀਮਾਈਜ਼ੇਸ਼ਨ ਐਲਗੋਰਿਦਮ: ਕੁਦਰਤ ਤੋਂ ਪ੍ਰੇਰਿਤ ਨਵਾਂ ਵਿਗਿਆਨਕ ਹਲ



ਡਾ. ਅਮਰ ਪ੍ਰਤਾਪ ਸਿੰਘ ਫਰਵਾਹਾ, ਪ੍ਰੋਫੈਸਰ, ਈਸੀਈ ਵਿਭਾਗ, ਸੰਤ ਲੌਂਗੋਵਾਲ ਇੰਜੀਨੀਅਰਿੰਗ ਅਤੇ ਤਕਨੀਕੀ ਸੰਸਥਾਨ, ਲੌਂਗੋਵਾਲ-148106, ਜਿਲਾ ਸੰਗਰੂਰ, ਪੰਜਾਬ।

ਵਿਗਿਆਨ ਅਤੇ ਇੰਜੀਨੀਅਰਿੰਗ ਦੀ ਦੁਨੀਆ ਵਿੱਚ, ਨਵੇਂ ਹੱਲ ਲੱਭਣ ਲਈ, ਅੱਜ ਕੱਲ੍ਹ ਕੁਦਰਤੀ ਪ੍ਰਕਿਰਿਆਵਾਂ ਤੋਂ, ਪ੍ਰੇਰਨਾ ਲੈਣ ਦਾ ਰੁਝਾਨ, ਵਧ ਰਿਹਾ ਹੈ। ਇਨ੍ਹਾਂ ਵਿਚੋਂ, ਇੱਕ ਉਭਰਦਾ ਨਾਂ ਹੈ, ਡ੍ਰੈਗਨਫ਼ਲਾਈ ਅਪਟੀਮਾਈਜ਼ੇਸ਼ਨ ਐਲਗੋਰਿਦਮ। ਇਹ ਐਲਗੋਰਿਦਮ, 2016 ਵਿੱਚ, ਇੱਕ ਆਸਟਰੇਲੀਆ ਦੇ ਡਾਕਟਰ ਮਿਰਜਾਅਲੀ ਦੁਆਰਾ, ਪੇਸ਼ ਕੀਤਾ ਗਿਆ ਸੀ ਅਤੇ ਇਹ ਡ੍ਰੈਗਨਫ਼ਲਾਈ (ਮੱਖੀਖਾਣੀ) ਦੀ ਸਮੂਹਕ ਵਿਵਹਾਰ ਨੂੰ ਅਧਾਰ ਬਣਾਉਂਦਾ ਹੈ। ਡ੍ਰੈਗਨਫ਼ਲਾਈ, ਇੱਕ ਛੋਟਾ ਜਿਹਾ ਸੁੰਦਰ, ਪਾਣੀ ਦੇ ਨੇੜੇ ਰਹਿਣ ਵਾਲਾ, ਕੀੜਾ ਹੁੰਦਾ ਹੈ, ਜਿਸਨੂੰ ਅਕਸਰ ਮੱਖੀਖਾਣੀ ਜਾਂ ਤੀਲੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਕੀੜਾ, ਹੋਰਨਾਂ ਕੀੜਿਆਂ ਨੂੰ ਖਾਂਦਾ ਹੈ ਪਰ ਖੇਤਾਂ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ।

## ਡ੍ਰੈਗਨਫ਼ਲਾਈਆਂ ਤੋਂ ਪ੍ਰੇਰਨਾ:

ਡ੍ਰੈਗਨਫ਼ਲਾਈਆਂ, ਆਪਣੇ ਜੀਵਨ ਚੱਕਰ ਵਿੱਚ, ਦੋ ਮੁੱਖ ਚਰਣ ਦਿਖਾਉਂਦੀਆਂ ਹਨ: ਖੁਰਾਕ ਦੀ ਭਾਲ ਅਤੇ ਸਮੂਹਿਕ ਉਡਾਣ (ਮਾਈਗ੍ਰੇਸ਼ਨ)। ਜਦੋਂ ਡ੍ਰੈਗਨਫ਼ਲਾਈਆਂ, ਖੁਰਾਕ ਦੀ ਭਾਲ ਕਰਦੀਆਂ ਹਨ, ਉਹ ਛੋਟੀਆਂ ਟੋਲੀਆਂ ਵਿੱਚ, ਆਪਣੀ ਦਿਸ਼ਾ ਅਤੇ ਦੂਰੀ ਸੰਭਾਲਦੀਆਂ ਹਨ। ਦੂਜੇ ਪਾਸੇ, ਮਾਈਗ੍ਰੇਸ਼ਨ ਦੌਰਾਨ, ਉਹ ਲੰਬੀਆਂ ਦੂਰੀਆਂ ਤੈਅ ਕਰਦੀਆਂ ਹਨ। ਆਪਣੇ ਆਸ-ਪਾਸ ਦੀ ਜਾਣਕਾਰੀ ਤੇ ਆਧਾਰਤ, ਸਮੂਹਕ ਫੈਸਲੇ ਲੈਂਦੀਆਂ ਹਨ। ਡ੍ਰੈਗਨਫ਼ਲਾਈ ਅਪਟੀਮਾਈਜ਼ੇਸ਼ਨ ਐਲਗੋਰਿਦਮ, ਇਨ੍ਹਾਂ ਦੋ ਵਿਵਹਾਰਾਂ ਨੂੰ, ਗਣਿਤਿਕ ਮਾਡਲ ਰੂਪ ਵਿੱਚ ਤਬਦੀਲ ਕਰਦਾ ਹੈ, ਜਿਸ ਰਾਹੀਂ ਇਹ, ਕੰਪਿਊਟਰ ਦੀ ਵਰਤੋਂ ਕਰਕੇ, ਕਈ ਕਿਸਮ ਦੀਆਂ ਅਪਟੀਮਾਈਜ਼ੇਸ਼ਨ ਸਮੱਸਿਆਵਾਂ ਦਾ ਹੱਲ ਲੱਭ ਸਕਦਾ ਹੈ।

## ਐਲਗੋਰਿਦਮ ਦੀ ਕਾਰਜ ਪ੍ਰਣਾਲੀ:

ਡ੍ਰੈਗਨਫ਼ਲਾਈ ਐਲਗੋਰਿਦਮ ਵਿੱਚ ਕੁਝ ਮੁੱਖ ਭੂਮਿਕਾਵਾਂ ਹੁੰਦੀਆਂ ਹਨ:

1. ਸੋਸ਼ਲ ਇਨਟਰੈਕਸ਼ਨ: ਹਰੇਕ ਡ੍ਰੈਗਨਫ਼ਲਾਈ, ਆਪਣੇ ਨੇੜਲੇ ਸਾਥੀਆਂ ਦੀ ਸਥਿਤੀ ਦੇ ਅਨੁਸਾਰ, ਆਪਣੀ ਚਲਣ ਦੀ ਦਿਸ਼ਾ ਬਦਲਦੀ ਹੈ, ਜਿਸ ਕਾਰਨ, ਇਕ ਦੂਜੇ ਨਾਲ ਟੱਕਰ ਤੋਂ, ਬਚਾਅ ਹੁੰਦਾ ਹੈ।




2. ਐਲਾਇਨਮੈਂਟ: ਹਰੇਕ ਡ੍ਰੈਗਨਫ਼ਲਾਈ, ਸਮੂਹ ਵਿੱਚ ਹੋਰ ਡ੍ਰੈਗਨਫ਼ਲਾਈਆਂ ਦੇ ਰੁਝਾਨ ਨੂੰ ਅਪਣਾਉਂਦੀ ਹੈ। ਇਸ ਨੂੰ, ਸਮੂਹ ਨਾਲ ਗਤੀ ਮਿਲਾਉਣਾ, ਕਹਿੰਦੇ ਹਨ।

3.ਕੋਹੀਜਨ (ਸੰਗਠਨ): ਹਰੇਕ ਡ੍ਰੈਗਨਫ਼ਲਾਈ, ਸਾਰੇ ਗਰੁੱਪ ਵੱਲ ਖਿੱਚ ਰੱਖਦੀ ਹੈ ਜਿਸ ਕਾਰਨ, ਉਹ ਸਮੂਹ ਨਾਲ ਜੁੜੀ ਰਹਿੰਦੀ ਹੈ।

4.ਭੋਜਨ ਸਰੋਤ ਵੱਲ ਅਟਰੈਕਸ਼ਨ : ਹਰੇਕ ਡ੍ਰੈਗਨਫ਼ਲਾਈ, ਲਕੜੀ ਜਾਂ ਖਾਣ ਪਦਾਰਥ ਦੀ ਉਪਲਬਧਤਾ ਵੱਲ ਖਿੱਚ ਰੱਖਦੀ ਹੈ।

5.ਸ਼ਿਕਾਰੀਆਂ ਤੋਂ ਰੀਪਲਸ਼ਨ : ਹਰੇਕ ਡ੍ਰੈਗਨਫ਼ਲਾਈ, ਖ਼ਤਰੇ ਤੋਂ ਦੂਰੀ ਬਣਾਉਦੀ ਹੈ।

ਇਹ ਸਭ ਭੂਮਿਕਾਵਾਂ ਮਿਲਕੇ, ਡ੍ਰੈਗਨਫ਼ਲਾਈਆਂ ਨੂੰ, ਸਮਰੱਥ ਬਣਾਉਂਦੀਆਂ ਹਨ, ਤਾਂ ਕਿ ਉਹ ਆਪਣੀ ਯਾਤਰਾ ਜਾਂ ਖੁਰਾਕ ਦੀ ਭਾਲ ਦੌਰਾਨ, ਸਭ ਤੋਂ ਚੰਗੀ ਦਿਸ਼ਾ ਚੁਣ ਸਕਣ। ਇਹ ਐਲਗੋਰਿਦਮ, ਇਨ੍ਹਾਂ ਜੈਵਿਕ ਵਿਵਹਾਰਾਂ ਨੂੰ, ਗਣਿਤਿਕ ਰੂਪ ਵਿੱਚ ਮਾਡਲ ਕਰਦਾ ਹੈ ਅਤੇ ਇਨ੍ਹਾਂ ਨੂੰ ਅਪਟੀਮਾਈਜ਼ੇਸ਼ਨ ਸਮੱਸਿਆਵਾਂ, ਹੱਲ ਕਰਨ ਵਿੱਚ, ਕੰਪਿਊਟਰ ਰਾਹੀਂ, ਲਾਗੂ ਕਰਦਾ ਹੈ।

## ਵਿਸ਼ੇਸ਼ਤਾਵਾਂ ਅਤੇ ਲਾਭ:

1. ਸਰਲਤਾ: ਡ੍ਰੈਗਨਫ਼ਲਾਈ ਅਪਟੀਮਾਈਜ਼ੇਸ਼ਨ ਐਲਗੋਰਿਦਮ ਦਾ ਡਿਜ਼ਾਈਨ ਸੌਖਾ ਹੈ, ਜਿਸ ਕਰਕੇ ਇਹ ਵੱਖ-ਵੱਖ ਸਮੱਸਿਆਵਾਂ ਤੇ ਲਾਗੂ ਕੀਤਾ ਜਾ ਸਕਦਾ ਹੈ।

2.ਲਕਚੀਲਾਪਨ: ਇਹ ਐਲਗੋਰਿਦਮ ਲਗਾਤਾਰ ਅਤੇ ਡਿਸਕਰੀਟ, ਦੋਹਾਂ ਕਿਸਮ ਦੀਆਂ ਸਮੱਸਿਆਵਾਂ ਲਈ ਵਰਤਿਆ ਜਾ ਸਕਦਾ ਹੈ।

3.ਘੱਟ ਮੈਮੋਰੀ ਦੀ ਲੋੜ: ਇਹ ਐਲਗੋਰਿਦਮ ਵਧੇਰੇ ਮੈਮੋਰੀ ਦੀ ਮੰਗ ਨਹੀਂ ਕਰਦਾ, ਜੋ ਕਿ ਵੱਡੇ ਡਾਟਾ ਸਮੂਹ ਉੱਤੇ ਕੰਮ ਕਰਨ ਲਈ ਇਸਨੂੰ ਯੋਗ ਬਣਾਉਂਦਾ ਹੈ।

## ਅਨੁਪ੍ਰਯੋਗ ਖੇਤਰ:

ਡ੍ਰੈਗਨਫ਼ਲਾਈ ਅਪਟੀਮਾਈਜ਼ੇਸ਼ਨ ਐਲਗੋਰਿਦਮ ਨੂੰ ਅਨੇਕ ਖੇਤਰਾਂ ਵਿੱਚ ਸਫਲਤਾਪੂਰਵਕ ਵਰਤਿਆ ਗਿਆ ਹੈ, ਜਿਵੇਂ:

1.ਮਸ਼ੀਨ ਲਰਨਿੰਗ ਅਤੇ ਆਰਟੀਫਿਸ਼ਅਲ ਇੰਟੈਲੀਜੰਸ
2.ਨੈੱਟਵਰਕ ਡਿਜ਼ਾਈਨ ਅਤੇ ਰੂਟਿੰਗ
3.ਇੰਜੀਨੀਅਰਿੰਗ ਡਿਜ਼ਾਈਨ
4.ਮੈਡੀਕਲ ਡਾਟਾ ਵਿਸ਼ਲੇਸ਼ਣ
5.ਬਹੁ-ਉਦੇਸ਼ੀ ਅਪਟੀਮਾਈਜ਼ੇਸ਼ਨ
6.ਰੋਬੋਟਿਕਸ ਅਤੇ ਡਰੋਨ ਨੇਵੀਗੇਸ਼ਨ
7.ਇਮੇਜ ਅਤੇ ਫੀਚਰ ਸਿਲੈਕਸ਼ਨ
8.ਕੰਟਰੋਲ ਸਿਸਟਮ ਡਿਜ਼ਾਇਨ

## ਮਨੁੱਖਤਾ ਲਈ ਸੰਦੇਸ਼:

